ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ
604-314-0000, 604-562-7000
#397-8148-128 ST. (PAYAL BUSINESS CENTRE) SURREY

WEEKLY NEWS PAPER
ਬੀ ਸੀ ਪੰਜਾਬੀ ਨਿਊਜ਼ ਕੈਨੇਡਾ
BRITISH COLUMBIA : Vancouver, Victoria, Surrey, Nanaimo By: Mangat Media Group

A-CLASS
FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

Vol-1 Issue - 15 25 September to 01 October 2026 Email: bcpunjabinews@gmail.com Website: www.bcpunjabinews.ca Phone: +1 604 750 4259

# ਬਿੱਲ ਸੀ–39 ’ਤੇ ਸਰਕਾਰ ਅਡਿੱਗ, ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾਇੱਕ ਸਾਲ ਵਿੱਚ ਹੋਵੇਗੀ ਪ੍ਰਾਜੈਕਟਾਂ ਦੀ ਸਮੀਖਿਆ

## ਆਲੋਚਨਾ ਦੇ ਬਾਵਜੂਦ ਵੱਡੇ ਵਿਕਾਸ ਪ੍ਰਾਜੈਕਟਾਂ ਦੀ ਮਨਜ਼ੂਰੀ ਪ੍ਰਕਿਰਿਆ ਤੇਜ਼ ਕਰਨ ਅਤੇ ਕਿਰਤ ਕਾਨੂੰਨਾਂ ਵਿੱਚ ਤਬਦੀਲੀਆਂ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ

**ਸਰੀ, :** ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਵੱਡੇ ਵਿਕਾਸ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ ਬਿੱਲ ਸੀ–39 ਲਾਗੂ ਕਰਨ ਵਾਸਤੇ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਆਮ ਚੋਣਾਂ ਅਤੇ ਜ਼ਿਮਨੀ ਚੋਣਾਂ ਵਿੱਚ ਦੇਸ਼ ਨੂੰ ਮਜ਼ਬੂਤ ਬਣਾਉਣ ਲਈ ਮਿਲੇ ਫਤਵੇ ਤਹਿਤ ਉਹ ਆਪਣੇ ਏਜੰਡੇ ਨੂੰ ਅੱਗੇ ਵਧਾ ਰਹੀ ਹੈ।

ਕੈਨੇਡਾ ਸਰਕਾਰ ਵੱਲੋਂ ਸੰਸਦ ਵਿੱਚ 246 ਪੰਨਿਆਂ ਦਾ ਵਿਸ਼ੇਸ਼ ਬਿੱਲ ਸੀ–39 ਪੇਸ਼ ਕੀਤਾ ਗਿਆ ਹੈ। ਇਸ ਦਾ ਮੁੱਖ ਉਦੇਸ਼ ਵੱਡੇ ਵਿਕਾਸ ਅਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਪ੍ਰਾਜੈਕਟਾਂ ਦੀ ਸੰਘੀ ਮਨਜ਼ੂਰੀ ਪ੍ਰਕਿਰਿਆ ਨੂੰ ਸਰਲ ਅਤੇ ਤੇਜ਼ ਕਰਨਾ ਹੈ। ਪ੍ਰਸਤਾਵਿਤ ਪ੍ਰਬੰਧਾਂ ਤਹਿਤ ਪੂਰੀ ਅਰਜ਼ੀ ਅਤੇ ਲੋੜੀਂਦੀ ਜਾਣਕਾਰੀ ਮਿਲਣ ਤੋਂ ਬਾਅਦ ਸੰਘੀ ਸਮੀਖਿਆ ਅਤੇ ਫੈਸਲੇ ਦੀ ਪ੍ਰਕਿਰਿਆ ਨੂੰ ਵੱਧ ਤੋਂ ਵੱਧ ਇੱਕ ਸਾਲ ਦੇ ਅੰਦਰ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਕੈਨੇਡਾ ਇਸ ਸਮੇਂ ਅਮਰੀਕੀ ਆਰਥਿਕ ਦਬਾਅ ਸਮੇਤ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਅਜਿਹੀ ਸਥਿਤੀ ਵਿੱਚ ਦੇਸ਼ ਦੀ ਆਰਥਿਕਤਾ ਨੂੰ ਗਤੀ ਦੇਣਾ, ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ।

ਕਾਰਨੀ ਨੇ ਕਿਹਾ ਕਿ ਕਿਸੇ ਪ੍ਰਾਜੈਕਟ ਬਾਰੇ ਫੈਸਲਾ ਕਰਨ ਵਿੱਚ ਲੰਬੀ ਦੇਰੀ ਹੋਣਾ ਵੀ ਅਮਲੀ ਤੌਰ ’ਤੇ ਉਸ ਪ੍ਰਾਜੈਕਟ ਨੂੰ ਰੋਕਣ ਦੇ ਬਰਾਬਰ ਹੈ। ਇਸ ਲਈ ਜੇਕਰ ਕਿਸੇ ਪ੍ਰਾਜੈਕਟ ਨੂੰ ਮਨਜ਼ੂਰੀ ਨਹੀਂ ਦੇਣੀ ਹੈ ਤਾਂ ਇਸ ਬਾਰੇ ਫੈਸਲਾ ਵੀ ਇੱਕ ਸਾਲ ਦੇ ਅੰਦਰ ਕੀਤਾ ਜਾਣਾ ਚਾਹੀਦਾ ਹੈ।

ਸਰਕਾਰ ਵੱਲੋਂ ਬੰਦਰਗਾਹਾਂ ਦੇ ਵਿਸਥਾਰ, ਖਾਣਾਂ, ਊਰਜਾ ਅਤੇ ਪਾਈਪਲਾਈਨਾਂ ਵਰਗੇ ਅਹਿਮ ਪ੍ਰਾਜੈਕਟਾਂ ਨੂੰ ਅੱਗੇ ਵਧਾਉਣ ਲਈ ਪਹਿਲਾਂ ਹੀ ਮੇਜਰ ਪ੍ਰਾਜੈਕਟਸ ਦਫ਼ਤਰ ਕਾਇਮ ਕੀਤਾ ਜਾ ਚੁੱਕਾ ਹੈ। ਨਵੇਂ ਬਿੱਲ ਰਾਹੀਂ ਸੰਘੀ ਪੱਧਰ ’ਤੇ ਸਮੀਖਿਆ ਅਤੇ ਮਨਜ਼ੂਰੀ ਦੀ ਪ੍ਰਕਿਰਿਆ ਨੂੰ ਹੋਰ ਇਕਜੁੱਟ ਕਰਨ ਦੀ ਤਜਵੀਜ਼ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਪ੍ਰਾਜੈਕਟਾਂ ਨੂੰ ਮਨਜ਼ੂਰੀ ਮਿਲਣ ਵਿੱਚ ਹੋਣ ਵਾਲੀ ਬੇਲੋੜੀ ਦੇਰੀ ਅਤੇ ਵੱਖ-ਵੱਖ ਵਿਭਾਗਾਂ ਵਿਚਕਾਰ ਦੁਹਰਾਈ ਜਾਣ ਵਾਲੀ ਪ੍ਰਕਿਰਿਆ ਘਟੇਗੀ।

ਬਿੱਲ ਸੀ–39 ਵਿੱਚ ਕਿਰਤ ਕਾਨੂੰਨਾਂ ਨਾਲ ਸਬੰਧਤ ਤਬਦੀਲੀਆਂ ਵੀ ਸ਼ਾਮਲ ਹਨ। ਇਸ ਤਹਿਤ ਸੰਘੀ ਪੱਧਰ ’ਤੇ ਨਿਯਮਤ ਖੇਤਰਾਂ ਵਿੱਚ ਯੂਨੀਅਨਾਂ ਅਤੇ ਕੰਪਨੀਆਂ ਵਿਚਕਾਰ ਗੱਲਬਾਤ ਅਤੇ ਵਿਵਾਦ ਨਿਪਟਾਰੇ ਦੀ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਕਰਨ ਦੀ ਤਜਵੀਜ਼ ਹੈ।



ਬਿੱਲ ਵਿੱਚ ਅਜਿਹੇ ਪ੍ਰਬੰਧ ਵੀ ਹਨ ਜਿਨ੍ਹਾਂ ਤਹਿਤ ਗੰਭੀਰ ਅਤੇ ਕੌਮੀ ਪੱਧਰ ’ਤੇ ਵੱਡਾ ਪ੍ਰਭਾਵ ਪਾਉਣ ਵਾਲੇ ਕਿਰਤ ਵਿਵਾਦਾਂ ਦੀ ਸਥਿਤੀ ਵਿੱਚ ਕਿਰਤ ਮੰਤਰੀ ਨੂੰ ਕੈਨੇਡਾ ਉਦਯੋਗਿਕ ਸਬੰਧ ਬੋਰਡ ਰਾਹੀਂ ਕੰਮ ਮੁੜ ਸ਼ੁਰੂ ਕਰਵਾਉਣ, ਮੌਜੂਦਾ ਸਮਝੌਤੇ ਨੂੰ ਅੰਤਰਿਮ ਤੌਰ ’ਤੇ ਵਧਾਉਣ ਜਾਂ ਲਾਜ਼ਮੀ ਵਿਵਾਦ ਨਿਪਟਾਰਾ ਪ੍ਰਕਿਰਿਆ ਲਾਗੂ ਕਰਨ ਦਾ ਅਧਿਕਾਰ ਮਿਲ ਸਕਦਾ ਹੈ। ਹਾਲਾਂਕਿ ਇਹ ਅਧਿਕਾਰ ਕੁਝ ਨਿਰਧਾਰਤ ਸ਼ਰਤਾਂ ਪੂਰੀਆਂ ਹੋਣ ਤੋਂ ਬਾਅਦ ਹੀ ਵਰਤਿਆ ਜਾ ਸਕੇਗਾ ਅਤੇ ਸਰਕਾਰ ਨੇ ਇਸ ਨੂੰ ਅਸਧਾਰਨ ਹਾਲਾਤਾਂ ਲਈ ਦੱਸਿਆ ਹੈ।

ਇਸ ਪ੍ਰਸਤਾਵ ਦਾ ਕੈਨੇਡੀਅਨ ਲੇਬਰ ਕਾਂਗਰਸ ਦੀ ਪ੍ਰਧਾਨ ਬੀਆ ਬਰੂਸਕੇ ਅਤੇ ਐੱਨ.ਡੀ.ਪੀ. ਆਗੂ ਐਵੀ ਲੇਵਿਸ ਵੱਲੋਂ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਕਿਰਤ ਵਿਵਾਦਾਂ ਵਿੱਚ ਦਖਲ ਦੇਣ ਦੀ ਇਹ ਵਿਵਸਥਾ ਮਜ਼ਦੂਰਾਂ ਦੇ ਹੜਤਾਲ ਕਰਨ ਦੇ ਅਧਿਕਾਰ ਨਾਲ ਜੁੜੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਯੂਨੀਅਨਾਂ ਵੱਲੋਂ ਇਹ ਵੀ ਖਦਸ਼ਾ ਜ਼ਾਹਰ ਕੀਤਾ ਗਿਆ ਹੈ ਕਿ ਕੰਪਨੀਆਂ ਸਮਝੌਤੇ ਲਈ ਗੰਭੀਰ ਗੱਲਬਾਤ ਕਰਨ ਦੀ ਬਜਾਏ ਸਰਕਾਰੀ ਦਖਲ ਦੀ ਉਡੀਕ ਕਰ ਸਕਦੀਆਂ ਹਨ।

ਦੂਜੇ ਪਾਸੇ, ਸਰਕਾਰ ਦਾ ਕਹਿਣਾ ਹੈ ਕਿ ਬਿੱਲ ਦਾ ਉਦੇਸ਼ ਹੜਤਾਲ ਦੇ ਅਧਿਕਾਰ ਨੂੰ ਖਤਮ ਕਰਨਾ ਨਹੀਂ, ਸਗੋਂ ਗੰਭੀਰ ਕੌਮੀ ਪ੍ਰਭਾਵ ਵਾਲੇ ਵਿਵਾਦਾਂ ਨਾਲ ਨਜਿੱਠਣ ਲਈ ਇੱਕ ਸਪੱਸ਼ਟ ਅਤੇ ਸੀਮਤ ਪ੍ਰਕਿਰਿਆ ਤੈਅ ਕਰਨਾ ਹੈ। ਸਰਕਾਰੀ ਪ੍ਰਸਤਾਵ ਮੁਤਾਬਕ ਪਹਿਲਾਂ ਵਿਸ਼ੇਸ਼ ਵਿਚੋਲੇ ਰਾਹੀਂ ਗੱਲਬਾਤ ਕਰਵਾਈ ਜਾਵੇਗੀ ਅਤੇ ਇਸ ਤੋਂ ਬਾਅਦ ਹੀ, ਜੇਕਰ ਵਿਵਾਦ ਦਾ ਕੌਮੀ ਪੱਧਰ ’ਤੇ ਗੰਭੀਰ ਨੁਕਸਾਨ ਵਾਲਾ ਪ੍ਰਭਾਵ ਮੰਨਿਆ ਜਾਵੇ, ਤਾਂ ਅਗਲੀ ਕਾਰਵਾਈ ਕੀਤੀ ਜਾ ਸਕੇਗੀ।

ਇਸ ਦੌਰਾਨ ਵਪਾਰਕ ਅਤੇ ਉਦਯੋਗਿਕ ਜਥੇਬੰਦੀਆਂ ਨੇ ਸਰਕਾਰ ਦੀਆਂ ਤਜਵੀਜ਼ਾਂ ਦਾ ਸਮਰਥਨ ਕੀਤਾ ਹੈ। ਬਿਜ਼ਨਸ ਕੌਂਸਲ ਆਫ ਅਲਬਰਟਾ ਦੇ ਪ੍ਰਧਾਨ ਐਡਮ ਲੈੱਗੇ ਨੇ ਕਿਹਾ ਕਿ ਲੰਬੀ ਪ੍ਰਾਜੈਕਟ ਮਨਜ਼ੂਰੀ ਪ੍ਰਕਿਰਿਆ ਅਤੇ ਕਿਰਤ ਅਸਥਿਰਤਾ ਵਰਗੀਆਂ ਸਮੱਸਿਆਵਾਂ ਕਾਰਨ ਕੈਨੇਡਾ ਵਿੱਚ ਵਿਕਾਸ ਅਤੇ ਨਿਵੇਸ਼ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਮੁਤਾਬਕ ਪ੍ਰਸਤਾਵਿਤ ਤਬਦੀਲੀਆਂ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਮਦਦ ਕਰ ਸਕਦੀਆਂ ਹਨ।

ਕੰਜ਼ਰਵੇਟਿਵ ਆਗੂ ਪੀਅਰੇ ਪੋਲੀਵਰੇ ਨੇ ਵੀ ਸਰਕਾਰ ਦੀ ਤਜਵੀਜ਼ ’ਤੇ ਸਵਾਲ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਅਰਥਵਿਵਸਥਾ ਨੂੰ ਅਸਲ ਵਿੱਚ ਹੁਲਾਰਾ ਦੇਣਾ ਚਾਹੁੰਦੀ ਹੈ ਤਾਂ ਵਿਕਾਸ ਵਿੱਚ ਰੁਕਾਵਟ ਬਣ ਰਹੇ ਪੁਰਾਣੇ ਕਾਨੂੰਨਾਂ ਅਤੇ ਨਿਯਮਾਂ ਵਿੱਚ ਹੋਰ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਹੈ।

ਸਰਕਾਰ ਮੁਤਾਬਕ ਬਿੱਲ ਸੀ–39 ਦਾ ਉਦੇਸ਼ ਵੱਡੇ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੇ ਨਾਲ ਵਾਤਾਵਰਨ ਸੁਰੱਖਿਆ ਦੇ ਮਾਪਦੰਡਾਂ ਅਤੇ ਮੂਲਵਾਸੀ ਲੋਕਾਂ ਨਾਲ ਸਲਾਹ-ਮਸ਼ਵਰੇ ਦੀਆਂ ਜ਼ਿੰਮੇਵਾਰੀਆਂ ਨੂੰ ਕਾਇਮ ਰੱਖਣਾ ਵੀ ਹੈ।

# ਬਿੱਲ ਸੀ–39 ਖ਼ਿਲਾਫ਼ ਕੈਨੇਡੀਅਨ ਯੂਨੀਅਨ ਦਾ ਮੋਰਚਾ – ਸੋਧ ਨਾ ਹੋਈ ਤਾਂ ਵਿਰੋਧ ਜਾਰੀ ਰੱਖਣ ਦਾ ਐਲਾਨ

**ਸਰੀ :** ਕੈਨੇਡਾ ਦੀ ਸਭ ਤੋਂ ਵੱਡੀ ਮਜ਼ਦੂਰ ਯੂਨੀਅਨ ਕੈਨੇਡੀਅਨ ਯੂਨੀਅਨ ਆਫ਼ ਪਬਲਿਕ ਇੰਪਲਾਈਜ਼ (ਸੀ.ਯੂ.ਪੀ.ਈ.) ਦੇ ਕੌਮੀ ਕਾਰਜਕਾਰੀ ਬੋਰਡ ਨੇ ਲਿਬਰਲ ਸਰਕਾਰ ਵੱਲੋਂ ਪੇਸ਼ ਕੀਤੇ ਬਿੱਲ ਸੀ–39 ਦੇ ਖ਼ਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਹੈ। ਯੂਨੀਅਨ ਨੇ ਕਿਹਾ ਹੈ ਕਿ ਜੇਕਰ ਬਿੱਲ ਬਿਨਾਂ ਸੋਧ ਦੇ ਸੰਸਦ ਵਿੱਚੋਂ ਪਾਸ ਹੁੰਦਾ ਹੈ ਤਾਂ ਉਹ ਇਸ ਦੇ ਵਿਰੋਧ ਵਿੱਚ ਆਪਣਾ ਸੰਘਰਸ਼ ਜਾਰੀ ਰੱਖੇਗੀ।




ਸੀ.ਯੂ.ਪੀ.ਈ. ਦਾ ਕਹਿਣਾ ਹੈ ਕਿ ਬਿੱਲ ਸੀ–39 ਹੜਤਾਲ ਕਰਨ ਦੇ ਸੰਵਿਧਾਨਕ ਹੱਕ ਨੂੰ ਸੀਮਤ ਕਰਦਾ ਹੈ। ਯੂਨੀਅਨ ਅਨੁਸਾਰ ਹੜਤਾਲ ਦਾ ਹੱਕ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਤਹਿਤ ਸੁਰੱਖਿਅਤ ਹੱਕ ਹੈ ਅਤੇ ਸਾਲ 2015 ਵਿੱਚ ਸੁਪਰੀਮ ਕੋਰਟ ਆਫ਼ ਕੈਨੇਡਾ ਵੱਲੋਂ ਵੀ ਇਸ ਹੱਕ ਦੀ ਪੁਸ਼ਟੀ ਕੀਤੀ ਗਈ ਸੀ।

ਯੂਨੀਅਨ ਨੇ ਕਿਹਾ ਹੈ ਕਿ ਰੁਜ਼ਗਾਰ ਮੰਤਰੀ, ਭਾਵੇਂ ਕਿਸੇ ਵੀ ਸਰਕਾਰ ਦਾ ਹਿੱਸਾ ਹੋਵੇ, ਇਹ ਇਕੱਲੇ ਤੌਰ ’ਤੇ ਤੈਅ ਨਹੀਂ ਕਰ ਸਕਦਾ ਕਿ ਦੇਸ਼ ਵਿੱਚ ਮਜ਼ਦੂਰਾਂ ਦੇ ਇਸ ਹੱਕ ਦਾ ਸਤਿਕਾਰ ਕੀਤਾ ਜਾਵੇਗਾ ਜਾਂ ਨਹੀਂ।

ਸੀ.ਯੂ.ਪੀ.ਈ. ਦੇ ਕੌਮੀ ਪ੍ਰਧਾਨ ਮਾਰਕ ਹੈਨਕੌਕ ਨੇ ਸਰਕਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਜਨਤਾ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਮੁਕਾਬਲੇ ਕੈਨੇਡਾ ਦੇ ਹਿੱਤਾਂ ਦੀ ਰੱਖਿਆ ਕਰਨ ਦਾ ਫ਼ਤਵਾ ਦਿੱਤਾ ਹੈ, ਨਾ ਕਿ ਸੰਵਿਧਾਨਕ ਹੱਕਾਂ ਨੂੰ ਕਮਜ਼ੋਰ ਕਰਨ ਦਾ। ਉਨ੍ਹਾਂ ਕਿਹਾ ਕਿ ਕੈਨੇਡੀਅਨ ਲੋਕਾਂ ਦੇ ਚਾਰਟਰ ਹੱਕਾਂ ਨੂੰ ਕਮਜ਼ੋਰ ਕਰਨ ਨਾਲ ਦੇਸ਼ ਮਜ਼ਬੂਤ ਨਹੀਂ ਹੋਵੇਗਾ।

ਹੈਨਕੌਕ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਹ ਬਿੱਲ ਸੀ–39 ਨੂੰ ਵਾਪਸ ਲਵੇ, ਲੋਕਾਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਰੱਖਿਆ ਕਰੇ ਅਤੇ ਕੰਪਨੀਆਂ ਨੂੰ ਨਿਰਪੱਖ ਢੰਗ ਨਾਲ ਸਮੂਹਿਕ ਸੌਦੇਬਾਜ਼ੀ ਦੀ ਮੇਜ਼ ’ਤੇ ਆਉਣ ਲਈ ਮਜਬੂਰ ਕਰੇ। ਉਨ੍ਹਾਂ ਦੇ ਅਨੁਸਾਰ ਮਜ਼ਦੂਰਾਂ ਦੇ ਚਾਰਟਰ ਹੱਕਾਂ ਨੂੰ ਘਟਾਉਣ ਨਾਲ ਅਮਰੀਕੀ ਆਰਥਿਕ ਦਬਾਅ ਦਾ ਸਾਹਮਣਾ ਕਰਨ ਲਈ ਕੈਨੇਡਾ ਹੋਰ ਮਜ਼ਬੂਤ ਨਹੀਂ, ਸਗੋਂ ਕਮਜ਼ੋਰ ਹੋਵੇਗਾ।

ਸੀ.ਯੂ.ਪੀ.ਈ. ਨੇ ਬਿੱਲ ਸੀ–39 ਨੂੰ ਕੈਨੇਡਾ ਦੇ ਕਾਮਿਆਂ ਦੀ ਗੱਲਬਾਤ ਰਾਹੀਂ ਬਿਹਤਰ ਉਜਰਤਾਂ ਅਤੇ ਬਿਹਤਰ ਜੀਵਨ ਹਾਸਲ ਕਰਨ ਦੀ ਸਮਰੱਥਾ ਨਾਲ ਜੋੜਿਆ ਹੈ। ਯੂਨੀਅਨ ਦਾ ਦੋਸ਼ ਹੈ ਕਿ ਪ੍ਰਸਤਾਵਿਤ ਕਾਨੂੰਨ ਸਮੂਹਿਕ ਸੌਦੇਬਾਜ਼ੀ ਦੇ ਸੁਤੰਤਰ ਅਤੇ ਨਿਰਪੱਖ ਹੱਕ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸ ਨਾਲ ਕੰਪਨੀਆਂ ਦੀ ਸਥਿਤੀ ਹੋਰ ਮਜ਼ਬੂਤ ਹੋ ਸਕਦੀ ਹੈ।

ਸੀ.ਯੂ.ਪੀ.ਈ. ਦੀ ਕੌਮੀ ਸਕੱਤਰ-ਖ਼ਜ਼ਾਨਚੀ ਕੈਂਡਿਸ ਰੇਨਿਕ ਨੇ ਕਿਹਾ ਕਿ ਸਰਕਾਰਾਂ ਕਾਨੂੰਨ ਬਣਾ ਕੇ ਮਜ਼ਦੂਰ ਖੇਤਰ ਵਿੱਚ ਸਥਾਈ ਸ਼ਾਂਤੀ ਨਹੀਂ ਲਿਆ ਸਕਦੀਆਂ। ਉਨ੍ਹਾਂ ਕਿਹਾ ਕਿ ਜੇਕਰ ਹੜਤਾਲ ਦੇ ਸੰਵਿਧਾਨਕ ਹੱਕ ਨੂੰ ਕਾਨੂੰਨ ਰਾਹੀਂ ਸੀਮਤ ਕੀਤਾ ਜਾਂਦਾ ਹੈ ਤਾਂ ਵੀ ਯੂਨੀਅਨ ਆਪਣੇ ਮੈਂਬਰਾਂ ਦੇ ਹਿੱਤਾਂ ਦੀ ਰੱਖਿਆ ਲਈ ਆਪਣੀ ਪੂਰੀ ਤਾਕਤ ਦੀ ਵਰਤੋਂ ਕਰੇਗੀ।

ਰੇਨਿਕ ਨੇ ਮੌਜੂਦਾ ਮਹਿੰਗਾਈ ਅਤੇ ਕਿਫ਼ਾਇਤੀ ਸੰਕਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਜਿਹੇ ਸਮੇਂ ਵਿੱਚ ਕਾਮਿਆਂ ਨੂੰ ਯੂਨੀਅਨਾਂ ਦੀ ਸੁਰੱਖਿਆ ਅਤੇ ਬਿਹਤਰ ਜੀਵਨ ਲਈ ਸੰਘਰਸ਼ ਕਰਨ ਦੇ ਹੱਕ ਦੀ ਪਹਿਲਾਂ ਨਾਲੋਂ ਵੱਧ ਲੋੜ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੇ ਹੱਕਾਂ ਨੂੰ ਕਾਨੂੰਨ ਰਾਹੀਂ ਸੀਮਤ ਕਰਨਾ ਯੂਨੀਅਨਾਂ ਨੂੰ ਆਪਣੇ ਮੈਂਬਰਾਂ ਦੇ ਹਿੱਤਾਂ ਲਈ ਆਵਾਜ਼ ਉਠਾਉਣ ਤੋਂ ਨਹੀਂ ਰੋਕੇਗਾ।

ਸੀ.ਯੂ.ਪੀ.ਈ. ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਸਮੂਹਿਕ ਸੌਦੇਬਾਜ਼ੀ ਰਾਹੀਂ ਮਜ਼ਦੂਰਾਂ ਲਈ ਬਿਹਤਰ ਤਨਖ਼ਾਹਾਂ ਅਤੇ ਕੰਮ ਦੀਆਂ ਬਿਹਤਰ ਸਥਿਤੀਆਂ ਹਾਸਲ ਕਰਨ ਦੀ ਪ੍ਰਕਿਰਿਆ ਵਿੱਚ ਹੜਤਾਲ ਦਾ ਹੱਕ ਇੱਕ ਮਹੱਤਵਪੂਰਨ ਸਾਧਨ ਹੈ। ਯੂਨੀਅਨ ਦਾ ਮੰਨਣਾ ਹੈ ਕਿ ਸਰਕਾਰੀ ਦਖ਼ਲ ਰਾਹੀਂ ਮਜ਼ਦੂਰ ਵਿਵਾਦਾਂ ਨੂੰ ਖ਼ਤਮ ਕਰਨ ਦੀ ਬਜਾਏ ਪੱਖਾਂ ਨੂੰ ਗੱਲਬਾਤ ਰਾਹੀਂ ਸਮਝੌਤੇ ਤੱਕ ਪਹੁੰਚਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਬਿੱਲ ਸੀ–39 ਨੂੰ ਲੈ ਕੇ ਸੀ.ਯੂ.ਪੀ.ਈ. ਦਾ ਇਹ ਰੁਖ਼ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਸੰਘੀ ਸਰਕਾਰ ਵੱਲੋਂ ਵੱਡੇ ਪ੍ਰਾਜੈਕਟਾਂ ਦੀ ਮਨਜ਼ੂਰੀ ਪ੍ਰਕਿਰਿਆ ਤੇਜ਼ ਕਰਨ ਦੇ ਨਾਲ ਕਿਰਤ ਸਬੰਧੀ ਕਾਨੂੰਨਾਂ ਵਿੱਚ ਵੀ ਤਬਦੀਲੀਆਂ ਦਾ ਪ੍ਰਸਤਾਵ ਕੀਤਾ ਗਿਆ ਹੈ। ਸੀ.ਯੂ.ਪੀ.ਈ. ਨੇ ਇਨ੍ਹਾਂ ਤਬਦੀਲੀਆਂ ਨੂੰ ਮਜ਼ਦੂਰਾਂ ਦੇ ਹੱਕਾਂ ਦੇ ਸੰਦਰਭ ਵਿੱਚ ਚਿੰਤਾ ਦਾ ਵਿਸ਼ਾ ਦੱਸਿਆ ਹੈ।

ਯੂਨੀਅਨ ਦੇ ਇਸ ਸਖ਼ਤ ਰੁਖ਼ ਨਾਲ ਬਿੱਲ ਸੀ–39 ਨੂੰ ਲੈ ਕੇ ਸੰਘੀ ਸਰਕਾਰ ਅਤੇ ਮਜ਼ਦੂਰ ਜਥੇਬੰਦੀਆਂ ਵਿਚਕਾਰ ਤਣਾਅ ਹੋਰ ਵਧਣ ਦੇ ਸੰਕੇਤ ਮਿਲ ਰਹੇ ਹਨ। ਹੁਣ ਨਜ਼ਰਾਂ ਸੰਸਦ ਵਿੱਚ ਬਿੱਲ ਦੀ ਅਗਲੀ ਕਾਰਵਾਈ, ਇਸ ਵਿੱਚ ਸੰਭਾਵਿਤ ਸੋਧਾਂ ਅਤੇ ਸਰਕਾਰ ਵੱਲੋਂ ਯੂਨੀਅਨਾਂ ਦੀਆਂ ਮੰਗਾਂ ’ਤੇ ਦਿੱਤੇ ਜਾਣ ਵਾਲੇ ਜਵਾਬ ’ਤੇ ਟਿਕੀਆਂ ਹੋਈਆਂ ਹਨ।

# ਲੁਧਿਆਣਾ ਦੇ ਘੁੰਗਰਾਣਾ ਤੋਂ ਕੈਨੇਡਾ ਦੇ ਅਹਿਮ ਕੂਟਨੀਤਕ ਅਹੁਦੇ ਤੱਕ, ਅੰਗਦ ਸਿੰਘ ਢਿੱਲੋਂ ਬਣੇ ਯੂਏਈ ਦੇ ਰਾਜਦੂਤ

### ਅਨੀਤਾ ਆਨੰਦ ਨੇ ਕੀਤਾ ਨਿਯੁਕਤੀ ਦਾ ਐਲਾਨ; ਮਾਰਕ ਕਾਰਨੀ ਦੇ ਦਫ਼ਤਰ ਵਿੱਚ ਡਾਇਰੈਕਟਰ ਆਫ਼ ਅਪਰੇਸ਼ਨਜ਼ ਐਂਡ ਸਟੇਕਹੋਲਡਰ ਰਿਲੇਸ਼ਨਜ਼ ਵਜੋਂ ਨਿਭਾਅ ਚੁੱਕੇ ਹਨ ਸੇਵਾਵਾਂ

**ਚੰਡੀਗੜ੍ਹ:**–ਕੈਨੇਡਾ ਸਰਕਾਰ ਨੇ ਪੰਜਾਬੀ ਮੂਲ ਦੇ ਸਿੱਖ ਡਿਪਲੋਮੈਟ ਅੰਗਦ ਸਿੰਘ ਢਿੱਲੋਂ ਨੂੰ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ ਆਪਣਾ ਨਵਾਂ ਰਾਜਦੂਤ ਨਿਯੁਕਤ ਕੀਤਾ ਹੈ। ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ 25 ਸਤੰਬਰ ਨੂੰ ਇਸ ਨਿਯੁਕਤੀ ਦਾ ਐਲਾਨ ਕੀਤਾ। ਅੰਗਦ ਸਿੰਘ ਢਿੱਲੋਂ ਯੂਏਈ ਵਿੱਚ ਰਾਧਾ ਕ੍ਰਿਸ਼ਨਾ ਪਾਂਡੇ ਦੀ ਥਾਂ ਕੈਨੇਡਾ ਦੇ ਰਾਜਦੂਤ ਵਜੋਂ ਜ਼ਿੰਮੇਵਾਰੀ ਸੰਭਾਲਣਗੇ।



ਅੰਗਦ ਸਿੰਘ ਢਿੱਲੋਂ ਦੇ ਪਰਿਵਾਰਕ ਪਿਛੋਕੜ ਦੀਆਂ ਜੜ੍ਹਾਂ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਘੁੰਗਰਾਣਾ ਨਾਲ ਜੁੜੀਆਂ ਹੋਈਆਂ ਹਨ। ਕੈਨੇਡਾ ਦੇ ਮਹੱਤਵਪੂਰਨ ਕੂਟਨੀਤਕ ਅਹੁਦਿਆਂ ਵਿੱਚੋਂ ਇੱਕ ਲਈ ਉਨ੍ਹਾਂ ਦੀ ਚੋਣ ਦੀ ਖ਼ਬਰ ਤੋਂ ਬਾਅਦ ਉਨ੍ਹਾਂ ਦੇ ਪੁਰਖਿਆਂ ਦੇ ਪਿੰਡ ਵਿੱਚ ਖ਼ੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ।

ਕੈਨੇਡਾ ਸਰਕਾਰ ਅਨੁਸਾਰ ਇਹ ਨਿਯੁਕਤੀ ਦੇਸ਼ ਦੇ ਵਿਆਪਕ ਕੂਟਨੀਤਕ ਫੇਰਬਦਲ ਦਾ ਹਿੱਸਾ ਹੈ। ਇਸੇ ਤਬਦੀਲੀ ਤਹਿਤ ਕਾਰਮਨ ਸੋਰਜਰ ਨੂੰ ਕਿਊਬਾ ਵਿੱਚ ਕੈਨੇਡਾ ਦਾ ਨਵਾਂ ਰਾਜਦੂਤ ਨਿਯੁਕਤ ਕੀਤਾ ਗਿਆ ਹੈ।

ਯੂਏਈ ਕੈਨੇਡਾ ਲਈ ਵਪਾਰ, ਨਿਵੇਸ਼, ਊਰਜਾ ਅਤੇ ਖੇਤਰੀ ਕੂਟਨੀਤੀ ਦੇ ਪੱਖੋਂ ਇੱਕ ਮਹੱਤਵਪੂਰਨ ਭਾਈਵਾਲ ਹੈ। ਨਵੇਂ ਰਾਜਦੂਤ ਵਜੋਂ ਅੰਗਦ ਸਿੰਘ ਢਿੱਲੋਂ ਦੀ ਜ਼ਿੰਮੇਵਾਰੀ ਦੋਵਾਂ ਦੇਸ਼ਾਂ ਵਿਚਾਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਖਾੜੀ ਖੇਤਰ ਵਿੱਚ ਕੈਨੇਡਾ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਨਾਲ ਜੁੜੀ ਹੋਵੇਗੀ।

ਇਸ ਨਿਯੁਕਤੀ ਦਾ ਐਲਾਨ ਕਰਦਿਆਂ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਕਿ ਨਵੇਂ ਕੂਟਨੀਤਕ ਨੁਮਾਇੰਦੇ ਕੌਮਾਂਤਰੀ ਪੱਧਰ ’ਤੇ ਕੈਨੇਡਾ ਦੇ ਹਿੱਤਾਂ ਨੂੰ ਅੱਗੇ ਵਧਾਉਣ ਅਤੇ ਦੁਨੀਆ ਭਰ ਦੇ ਭਾਈਵਾਲਾਂ ਨਾਲ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਅੰਗਦ ਸਿੰਘ ਢਿੱਲੋਂ ਹਾਲ ਹੀ ਤੱਕ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਦਫ਼ਤਰ ਵਿੱਚ ਡਾਇਰੈਕਟਰ ਆਫ਼ ਅਪਰੇਸ਼ਨਜ਼ ਐਂਡ ਸਟੇਕਹੋਲਡਰ ਰਿਲੇਸ਼ਨਜ਼ ਵਜੋਂ ਸੇਵਾਵਾਂ ਨਿਭਾ ਰਹੇ ਸਨ। ਕੈਨੇਡਾ ਸਰਕਾਰ ਵੱਲੋਂ ਜਾਰੀ ਜੀਵਨੀ ਸਬੰਧੀ ਜਾਣਕਾਰੀ ਅਨੁਸਾਰ, ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਸਲਾਹਕਾਰ ਵਜੋਂ ਭਾਰਤ ਅਤੇ ਚੀਨ ਸਮੇਤ ਪ੍ਰਮੁੱਖ ਦੁਵੱਲੇ ਭਾਈਵਾਲਾਂ ਨਾਲ ਕੈਨੇਡਾ ਦੇ ਕੂਟਨੀਤਕ ਸਬੰਧਾਂ ਨੂੰ ਮੁੜ ਸਰਗਰਮ ਕਰਨ ਵਿੱਚ ਸਹਾਇਤਾ ਕੀਤੀ ਅਤੇ ਉੱਚ ਪੱਧਰੀ ਸੰਚਾਰ ਤੇ ਸਹਿਯੋਗ ਦੇ ਰਾਹ ਮੁੜ ਸਥਾਪਤ ਕਰਨ ਵਿੱਚ ਭੂਮਿਕਾ ਨਿਭਾਈ।

ਇਸ ਤੋਂ ਇਲਾਵਾ ਅੰਗਦ ਸਿੰਘ ਢਿੱਲੋਂ ਨੇ ਕੈਨੇਡਾ ਵਿੱਚ ਨਿਵੇਸ਼ ਨਾਲ ਸਬੰਧਤ ਵਚਨਬੱਧਤਾਵਾਂ ਹਾਸਲ ਕਰਨ ਲਈ ਵੱਖ-ਵੱਖ ਭਾਈਵਾਲਾਂ ਨਾਲ ਤਾਲਮੇਲ ਦੀ ਜ਼ਿੰਮੇਵਾਰੀ ਵੀ ਨਿਭਾਈ। ਕੈਨੇਡਾ ਸਰਕਾਰ ਦੇ ਅਨੁਸਾਰ ਉਨ੍ਹਾਂ ਨੇ ਦੇਸ਼ ਦੇ ਪਹਿਲੇ ਰਾਸ਼ਟਰੀ ਨਿਵੇਸ਼ ਸੰਮੇਲਨ ਦੀ ਯੋਜਨਾ ਅਤੇ ਤਿਆਰੀ ਵਿੱਚ ਵੀ ਭੂਮਿਕਾ ਨਿਭਾਈ।

ਇਸ ਤੋਂ ਪਹਿਲਾਂ ਉਹ ਦੋ ਸੰਘੀ ਕੈਬਨਿਟ ਮੰਤਰੀਆਂ ਦੇ ਚੀਫ਼ ਆਫ਼ ਸਟਾਫ਼ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ। ਇਨ੍ਹਾਂ ਅਹੁਦਿਆਂ ਦੌਰਾਨ ਉਨ੍ਹਾਂ ਨੇ ਜੀ-7, ਜੀ-20, ਸੰਯੁਕਤ ਰਾਸ਼ਟਰ ਮਹਾਸਭਾ, ਏਸ਼ੀਆ-ਪੈਸਿਫਿਕ ਆਰਥਿਕ ਸਹਿਯੋਗ ਮੰਚ, ਅੰਤਰਰਾਸ਼ਟਰੀ ਟਰਾਂਸਪੋਰਟ ਫੋਰਮ ਅਤੇ ਕਾਨਫਰੰਸ ਆਫ਼ ਦ ਪਾਰਟੀਜ਼ ਵਰਗੇ ਕੌਮਾਂਤਰੀ ਮੰਚਾਂ ਨਾਲ ਸਬੰਧਤ ਕੈਨੇਡਾ ਦੇ ਕੰਮ ਵਿੱਚ ਵੀ ਸਹਿਯੋਗ ਦਿੱਤਾ।

ਅੰਗਦ ਸਿੰਘ ਢਿੱਲੋਂ ਦੀ ਯੂਏਈ ਲਈ ਰਾਜਦੂਤ ਵਜੋਂ ਨਿਯੁਕਤੀ ਅਜਿਹੇ ਸਮੇਂ ਹੋਈ ਹੈ ਜਦੋਂ ਕੈਨੇਡਾ ਅਤੇ ਯੂਏਈ ਵਿਚਾਲੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਅੱਗੇ ਵਧਾਉਣ ਲਈ ਗੱਲਬਾਤ ਜਾਰੀ ਹੈ। ਕੈਨੇਡਾ ਸਰਕਾਰ ਮੁਤਾਬਕ ਦੋਵਾਂ ਦੇਸ਼ਾਂ ਨੇ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਲਈ ਗੱਲਬਾਤ ਮੁਕੰਮਲ ਕਰਨ ਅਤੇ ਰਣਨੀਤਕ ਭਾਈਵਾਲੀ ਦੇ ਅਗਲੇ ਕਦਮਾਂ ’ਤੇ ਵੀ ਚਰਚਾ ਕੀਤੀ ਹੈ।

GOOD DEAL MOTORS
A NAME YOU CAN TRUST
WWW.GOODDEALMOTORS.CA
We Sell, Buy and Trade all kinds of
USED CARS, VANS, SUV'S, PICK-UPS
SCAN ME
SONY JHAWAR
Cell: 778-708-3479
Ph.: 778-668-6000
#1-12372-82A, Surrey BC V3W 0L6

New Parmar
RESTAURANT & CATERING
2 LOCATIONS TO SERVE YOU
South Surrey (Border)
101,102 and 103-382 175A street
(604) 560-4009
DINE IN / TAKE OUT
OPEN EVERYDAY 10 AM TO 10 PM
SPECIAL DEAL TRUCK TIFFIN
Anything Extra will be Charged Extra. No Refund or Change

CONSERVATIVE PARTY OF SURREY
VOTE FOR
BAJWA RICKY (NAVDEEP)
COUNCILLOR CANDIDATE
604-306-5266
ADVANCE VOTING 7 10 14 15 OCTOBER 2026
VOTE - 17 OCTOBER 2026

BHULLAR SLINGER
FAST • RELIABLE • PROFESSIONAL
SAND GRAVEL TOP SOIL STONE
778-891-4556 BHULLAR EXCAVATING & DEMOLITION

CANRISE IMMIGRATION
HELPING CLIENTS SINCE 2011
Plan Ahead For Your Immigration
Find out your eligibility
• BCPNP • CEC CLASS • VISITOR VISA
• EXPRESS ENTRY • FAMILY SPONSORSHIP • LMIA / WORK PERMIT
FREE Consultation
Consult For Professional & Honest Advice With
Ranjeet Sohi
778-565-1717

GURJEET SANDHU
PERSONAL REAL ESTATE CORPORATION
778-840-1355
• BUY • SELL • INVEST
CALL FOR FREE HOME EVALUATION
Making Realty Dreams A Reality
CENTURY 21 COASTAL REALTY LTD.
info@gurjeet.ca

2025 EMERALD MASTER
14 Yr. Medallion Member
MLS® TOP 1%
TONY BAL M.Sc., Agronomy
Personal Real Estate Corporation
Cell: 604-716-4781 Bus: 604-596-1800
Email: baltony1@yahoo.ca
Website: www.tonybalrealtor.com
ROYAL LEPAGE GLOBAL FORCE REALTY
#306 - 15300 54A Avenue, Surrey, BC V3S 8R7

# 24 ਅਕਤੂਬਰ ਨੂੰ ਹੋਣਗੀਆਂ ਬੀ.ਸੀ. ਦੀਆਂ ਅਗਾਊਂ ਚੋਣਾਂ, ਪ੍ਰੀਮੀਅਰ ਡੇਵਿਡ ਈਬੀ ਵੱਲੋਂ ਐਲਾਨ

## ਮਿਊਂਸਪਲ ਚੋਣਾਂ ਤੋਂ ਸਿਰਫ਼ ਇਕ ਹਫ਼ਤੇ ਬਾਅਦ ਮੁੜ ਵੋਟਾਂ ਪਾਉਣਗੇ ਬੀ.ਸੀ. ਵਾਸੀ; ਅਮਰੀਕੀ ਟੈਰਿਫ਼ਾਂ ਤੇ ਆਰਥਿਕ ਚੁਣੌਤੀਆਂ ਦਰਮਿਆਨ ਨਵਾਂ ਫ਼ਤਵਾ ਮੰਗਣ ਦਾ ਫ਼ੈਸਲਾ




**ਵਿਕਟੋਰੀਆ, (ਬੀ.ਸੀ. ਪੰਜਾਬੀ ਨਿਊਜ਼ ਬਿਊਰੋ):** ਬ੍ਰਿਟਿਸ਼ ਕੋਲੰਬੀਆ ਦੀ ਸਿਆਸਤ ਵਿੱਚ ਵੱਡਾ ਘਟਨਾਕ੍ਰਮ ਸਾਹਮਣੇ ਆਇਆ ਹੈ। ਪ੍ਰੀਮੀਅਰ ਡੇਵਿਡ ਈਬੀ ਨੇ ਆਪਣੇ ਮੌਜੂਦਾ ਕਾਰਜਕਾਲ ਦੀ ਮਿਆਦ ਪੂਰੀ ਹੋਣ ਤੋਂ ਲਗਭਗ ਦੋ ਸਾਲ ਪਹਿਲਾਂ ਸੂਬੇ ਵਿੱਚ ਅਗਾਊਂ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਸੂਬਾਈ ਚੋਣਾਂ ਹੁਣ 24 ਅਕਤੂਬਰ 2026 ਨੂੰ ਹੋਣਗੀਆਂ। ਇਹ ਚੋਣਾਂ 17 ਅਕਤੂਬਰ ਨੂੰ ਹੋਣ ਵਾਲੀਆਂ ਮਿਊਂਸਪਲ ਚੋਣਾਂ ਤੋਂ ਸਿਰਫ਼ ਇਕ ਹਫ਼ਤਾ ਬਾਅਦ ਕਰਵਾਈਆਂ ਜਾਣਗੀਆਂ।

ਵਿਕਟੋਰੀਆ ਵਿਖੇ ਮੰਗਲਵਾਰ ਨੂੰ ਚੋਣਾਂ ਦਾ ਐਲਾਨ ਕਰਦਿਆਂ ਈਬੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਜੁੜੇ ਵਪਾਰਕ ਅਤੇ ਟੈਰਿਫ਼ ਮਸਲਿਆਂ ਕਾਰਨ ਪੈਦਾ ਹੋਈਆਂ ਆਰਥਿਕ ਚੁਣੌਤੀਆਂ ਦਾ ਹਵਾਲਾ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਮੌਜੂਦਾ ਹਾਲਾਤ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਇਹ ਫ਼ੈਸਲਾ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ ਕਿ ਸੂਬਾ ਅੱਗੇ ਕਿਸ ਦਿਸ਼ਾ ਵੱਲ ਵਧੇ।

ਅਗਾਊਂ ਚੋਣਾਂ ਦਾ ਇਹ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਸੂਬੇ ਦੀ ਮੁੱਖ ਵਿਰੋਧੀ ਧਿਰ ਬੀ.ਸੀ. ਕੰਸਰਵੇਟਿਵ ਪਾਰਟੀ ਪਿਛਲੇ ਕੁਝ ਸਮੇਂ ਤੋਂ ਅੰਦਰੂਨੀ ਖਿੱਚੋਤਾਣ ਅਤੇ ਵਿਧਾਇਕਾਂ ਦੇ ਪਾਰਟੀ ਛੱਡਣ ਕਾਰਨ ਸਿਆਸੀ ਉਥਲ-ਪੁਥਲ ਵਿੱਚੋਂ ਲੰਘ ਰਹੀ ਹੈ। ਕੈਰੀ-ਲਿਨ ਫਿੰਡਲੇ ਨੇ ਐਤਵਾਰ ਨੂੰ ਪਾਰਟੀ ਆਗੂ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਲੌਰਨ ਡੌਰਕਸਨ ਨੂੰ ਅੰਤਰਿਮ ਆਗੂ ਬਣਾਇਆ ਗਿਆ।

ਹਾਲਾਂਕਿ ਚੋਣ ਐਲਾਨ ਤੋਂ ਬਾਅਦ ਬੀ.ਸੀ. ਕੰਸਰਵੇਟਿਵ ਖੇਮੇ ਵਿੱਚ ਮੁੜ ਇਕਜੁੱਟਤਾ ਦੀਆਂ ਕੋਸ਼ਿਸ਼ਾਂ ਵੀ ਤੇਜ਼ ਹੋ ਗਈਆਂ ਹਨ। ਸੈਂਟਰਬੀਸੀ ਨਾਲ ਜੁੜੇ ਸੱਤ ਵਿਧਾਇਕਾਂ ਨੇ ਕੰਸਰਵੇਟਿਵ ਧਿਰ ਵਿੱਚ ਵਾਪਸੀ ਦਾ ਫ਼ੈਸਲਾ ਕੀਤਾ ਹੈ, ਜਦਕਿ ਐਲਿਨੋਰ ਸਟਰਕੋ ਨੇ ਵਾਪਸ ਨਾ ਜਾਣ ਦੀ ਗੱਲ ਕਹੀ ਹੈ।

ਪ੍ਰੀਮੀਅਰ ਈਬੀ ਦੇ ਅਗਾਊਂ ਚੋਣਾਂ ਕਰਵਾਉਣ ਦੇ ਫ਼ੈਸਲੇ ਉੱਤੇ ਵਿਰੋਧੀ ਧਿਰਾਂ ਅਤੇ ਕੁਝ ਮਿਊਂਸਪਲ ਆਗੂਆਂ ਵੱਲੋਂ ਸਵਾਲ ਵੀ ਉਠਾਏ ਜਾ ਰਹੇ ਹਨ। ਬੀ.ਸੀ. ਗ੍ਰੀਨ ਆਗੂ ਐਮਿਲੀ ਲੋਵਨ ਅਤੇ ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਚੋਣਾਂ ਦੇ ਸਮੇਂ ਨੂੰ ਲੈ ਕੇ ਇਤਰਾਜ਼ ਪ੍ਰਗਟਾਇਆ ਹੈ। ਦੂਜੇ ਪਾਸੇ ਈਬੀ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਕੋਲ ਜਾ ਕੇ ਉਨ੍ਹਾਂ ਦੀ ਰਾਏ ਮੰਗਣ ਵਿੱਚ ਉਨ੍ਹਾਂ ਨੂੰ ਕੁਝ ਗਲਤ ਨਹੀਂ ਲੱਗਦਾ।

ਸੂਬੇ ਦੀ ਆਰਥਿਕ ਸਥਿਤੀ, ਸਿਹਤ ਸੇਵਾਵਾਂ, ਰਹਿਣ-ਸਹਿਣ ਦੀ ਵਧਦੀ ਲਾਗਤ, ਜਨਤਕ ਸੁਰੱਖਿਆ, ਇੰਡੀਜਿਨਸ ਅਧਿਕਾਰਾਂ ਨਾਲ ਜੁੜੇ ਮੁੱਦੇ ਅਤੇ ਸੂਬਾਈ ਘਾਟਾ ਚੋਣ ਮੁਹਿੰਮ ਦੌਰਾਨ ਅਹਿਮ ਮੁੱਦੇ ਬਣਨ ਦੀ ਸੰਭਾਵਨਾ ਹੈ। 2024 ਦੀਆਂ ਚੋਣਾਂ ਤੋਂ ਬਾਅਦ ਐਨ.ਡੀ.ਪੀ. ਨੇ ਬਹੁਤ ਘੱਟ ਬਹੁਮਤ ਨਾਲ ਸਰਕਾਰ ਬਣਾਈ ਸੀ।

ਹੁਣ ਬੀ.ਸੀ. ਦੇ ਵੋਟਰਾਂ ਲਈ ਅਕਤੂਬਰ ਮਹੀਨਾ ਸਿਆਸੀ ਤੌਰ 'ਤੇ ਬੇਹੱਦ ਅਹਿਮ ਹੋਵੇਗਾ। 17 ਅਕਤੂਬਰ ਨੂੰ ਮਿਊਂਸਪਲ ਚੋਣਾਂ ਅਤੇ ਉਸ ਤੋਂ ਠੀਕ ਇਕ ਹਫ਼ਤੇ ਬਾਅਦ 24 ਅਕਤੂਬਰ ਨੂੰ ਸੂਬਾਈ ਚੋਣਾਂ ਹੋਣ ਨਾਲ ਬ੍ਰਿਟਿਸ਼ ਕੋਲੰਬੀਆ ਦੀ ਸਿਆਸਤ ਵਿੱਚ ਅਗਲੇ ਕੁਝ ਹਫ਼ਤਿਆਂ ਦੌਰਾਨ ਚੋਣ ਸਰਗਰਮੀਆਂ ਤੇਜ਼ ਰਹਿਣਗੀਆਂ।

# ਸੂਬਾਈ ਚੋਣਾਂ ਸਰੀ ਦੀਆਂ ਤਿੰਨ ਵੱਡੀਆਂ ਮੰਗਾਂ ਮਨਵਾਉਣ ਦਾ ਅਹਿਮ ਮੌਕਾ: ਡੱਗ ਮੈਕਲਮ

## ਨਿਊਟਨ ਵਿੱਚ ਜਨਰਲ ਹਸਪਤਾਲ, ਨਿਊਟਨ ਤੱਕ ਸਕਾਈਟ੍ਰੇਨ ਅਤੇ ਪੁਲਿਸ ਹੈਲੀਕਾਪਟਰ ਲਈ ਸੂਬਾਈ ਪਾਰਟੀਆਂ ਤੋਂ ਮੰਗੀ ਵਚਨਬੱਧਤਾ

**ਸਰੀ, ਬੀ.ਸੀ. —** ਸੇਫ ਸਰੀ ਕੋਲੀਸ਼ਨ ਦੇ ਆਗੂ ਅਤੇ ਮੇਅਰ ਅਹੁਦੇ ਦੇ ਉਮੀਦਵਾਰ ਡੱਗ ਮੈਕਲਮ ਨੇ ਕਿਹਾ ਹੈ ਕਿ ਆਉਣ ਵਾਲੀਆਂ ਸੂਬਾਈ ਚੋਣਾਂ ਸਰੀ ਵਾਸੀਆਂ ਲਈ ਸ਼ਹਿਰ ਦੀਆਂ ਤਿੰਨ ਅਹਿਮ ਮੰਗਾਂ ਸੂਬਾਈ ਪਾਰਟੀਆਂ ਅੱਗੇ ਮਜ਼ਬੂਤੀ ਨਾਲ ਰੱਖਣ ਦਾ ਮਹੱਤਵਪੂਰਣ ਮੌਕਾ ਹਨ।

ਮੈਕਲਮ ਮੁਤਾਬਕ ਇਨ੍ਹਾਂ ਮੰਗਾਂ ਵਿੱਚ ਨਿਊਟਨ ਵਿੱਚ ਪੂਰੀਆਂ ਸਹੂਲਤਾਂ ਵਾਲਾ ਸਰੀ ਜਨਰਲ ਹਸਪਤਾਲ, ਕਿੰਗ ਜਾਰਜ ਬੁਲੇਵਾਰਡ ਰਾਹੀਂ ਨਿਊਟਨ ਤੱਕ ਸਕਾਈਟ੍ਰੇਨ ਦਾ ਵਿਸਥਾਰ ਅਤੇ ਅਪਰਾਧ ਨਾਲ ਨਜਿੱਠਣ ਲਈ ਪੁਲਿਸ ਹੈਲੀਕਾਪਟਰ ਤੇ ਡਰੋਨ ਫਲੀਟ ਲਈ ਸੂਬਾਈ ਸਹਿਯੋਗ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਸਰੀ ਦੀਆਂ ਸੀਟਾਂ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸੂਬਾਈ ਪਾਰਟੀਆਂ ਦੇ ਆਗੂਆਂ ਤੋਂ ਇਨ੍ਹਾਂ ਤਿੰਨਾਂ ਮੁੱਦਿਆਂ ਬਾਰੇ ਸਪੱਸ਼ਟ ਵਚਨਬੱਧਤਾ ਮੰਗੀ ਜਾਣੀ ਚਾਹੀਦੀ ਹੈ।




ਨਿਊਟਨ ਵਿੱਚ ਨਵੇਂ ਜਨਰਲ ਹਸਪਤਾਲ ਦੀ ਮੰਗ

ਮੈਕਲਮ ਨੇ ਕਿਹਾ ਕਿ ਸਰੀ ਦੀ ਤੇਜ਼ੀ ਨਾਲ ਵਧ ਰਹੀ ਆਬਾਦੀ ਦੇ ਮੱਦੇਨਜ਼ਰ ਸ਼ਹਿਰ ਨੂੰ ਹੋਰ ਸਿਹਤ ਸਹੂਲਤਾਂ ਦੀ ਲੋੜ ਹੈ। ਉਨ੍ਹਾਂ ਦੀ ਤਜਵੀਜ਼ ਅਨੁਸਾਰ, ਜੇ ਸੇਫ ਸਰੀ ਕੋਲੀਸ਼ਨ ਸਿਟੀ ਚੋਣਾਂ ਵਿੱਚ ਜਿੱਤਦੀ ਹੈ ਤਾਂ 6965 ਕਿੰਗ ਜਾਰਜ ਬੁਲੇਵਾਰਡ ਸਥਿਤ ਸ਼ਹਿਰ ਦੀ ਮਲਕੀਅਤ ਵਾਲੀ 7.2 ਏਕੜ ਜ਼ਮੀਨ ਪ੍ਰਸਤਾਵਿਤ ਜਨਰਲ ਹਸਪਤਾਲ ਲਈ ਮੁਹੱਈਆ ਕਰਵਾਈ ਜਾਵੇਗੀ। ਮੈਕਲਮ ਨੇ ਇਹ ਵੀ ਕਿਹਾ ਕਿ ਸਿਟੀ ਪੱਧਰ ਦੇ ਲੋੜੀਂਦੇ ਪਰਮਿਟ 60 ਦਿਨਾਂ ਅੰਦਰ ਜਾਰੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਉਨ੍ਹਾਂ ਨੇ ਸੂਬਾਈ ਪਾਰਟੀਆਂ ਅੱਗੇ ਸਵਾਲ ਰੱਖਿਆ ਕਿ ਕੀ ਉਹ ਨਿਊਟਨ ਵਿੱਚ ਪੂਰੀਆਂ ਸਹੂਲਤਾਂ ਵਾਲੇ ਨਵੇਂ ਜਨਰਲ ਹਸਪਤਾਲ ਲਈ ਫੰਡ ਮੁਹੱਈਆ ਕਰਵਾਉਣ ਲਈ ਵਚਨਬੱਧ ਹੋਣਗੀਆਂ।

ਕਿੰਗ ਜਾਰਜ ਤੋਂ ਨਿਊਟਨ ਤੱਕ ਸਕਾਈਟ੍ਰੇਨ

ਦੂਜੀ ਵੱਡੀ ਮੰਗ ਵਜੋਂ ਮੈਕਲਮ ਨੇ ਕਿੰਗ ਜਾਰਜ ਬੁਲੇਵਾਰਡ ਰਾਹੀਂ ਨਿਊਟਨ ਤੱਕ ਸਕਾਈਟ੍ਰੇਨ ਦੇ ਵਿਸਥਾਰ ਲਈ ਸੂਬਾਈ ਫੰਡਿੰਗ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਨਿਊਟਨ ਸਰੀ ਦੇ ਸਭ ਤੋਂ ਵੱਡੇ ਇਲਾਕਿਆਂ ਵਿੱਚੋਂ ਇੱਕ ਹੈ ਅਤੇ ਵਧਦੀ ਆਬਾਦੀ ਦੇ ਮੱਦੇਨਜ਼ਰ ਇੱਥੇ ਤੇਜ਼ ਅਤੇ ਭਰੋਸੇਯੋਗ ਜਨਤਕ ਆਵਾਜਾਈ ਦੀ ਲੋੜ ਹੈ।

ਮੈਕਲਮ ਨੇ ਕਿਹਾ ਕਿ ਉਹ ਸੂਬਾਈ ਆਗੂਆਂ ਤੋਂ ਇਸ ਮੁੱਦੇ 'ਤੇ ਵੀ ਸਪੱਸ਼ਟ 'ਹਾਂ' ਜਾਂ 'ਨਾਂਹ' ਵਿੱਚ ਜਵਾਬ ਚਾਹੁੰਦੇ ਹਨ।

ਪੁਲਿਸ ਹੈਲੀਕਾਪਟਰ ਅਤੇ ਡਰੋਨ ਫਲੀਟ ਲਈ ਸਹਿਯੋਗ

ਤੀਜੀ ਮੰਗ ਜਨਤਕ ਸੁਰੱਖਿਆ ਨਾਲ ਸਬੰਧਤ ਹੈ। ਮੈਕਲਮ ਨੇ ਸਰੀ ਵਿੱਚ ਅਪਰਾਧ ਅਤੇ ਫਿਰੌਤੀ ਨਾਲ ਸਬੰਧਤ ਘਟਨਾਵਾਂ ਦਾ ਹਵਾਲਾ ਦਿੰਦਿਆਂ ਪੁਲਿਸ ਲਈ ਹੈਲੀਕਾਪਟਰ ਅਤੇ ਡਰੋਨ ਫਲੀਟ ਦੀ ਤਜਵੀਜ਼ ਨੂੰ ਸੂਬਾਈ ਸਹਿਯੋਗ ਦੇਣ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਦੌਰਾਨ ਸਰੀ ਦੇ ਵੋਟਰਾਂ ਕੋਲ ਆਪਣੀਆਂ ਤਰਜੀਹਾਂ ਸੂਬਾਈ ਆਗੂਆਂ ਅੱਗੇ ਰੱਖਣ ਦਾ ਮੌਕਾ ਹੈ ਅਤੇ ਸੂਬਾਈ ਪਾਰਟੀਆਂ ਨੂੰ ਇਨ੍ਹਾਂ ਮੁੱਦਿਆਂ ਬਾਰੇ ਆਪਣਾ ਰੁਖ ਸਪੱਸ਼ਟ ਕਰਨਾ ਚਾਹੀਦਾ ਹੈ।

ਸਰੀ ਵਿੱਚ ਮੇਅਰ, ਕੌਂਸਲਰਾਂ ਅਤੇ ਸਕੂਲ ਟਰੱਸਟੀਆਂ ਦੀ ਚੋਣ ਲਈ ਵੋਟਾਂ ਸ਼ਨੀਵਾਰ, 17 ਅਕਤੂਬਰ 2026 ਨੂੰ ਪੈਣਗੀਆਂ। ਮੈਕਲਮ ਨੇ ਸਰੀ ਵਾਸੀਆਂ ਨੂੰ ਚੋਣ ਮੁਹਿੰਮ ਦੌਰਾਨ ਸਿਹਤ ਸੇਵਾਵਾਂ, ਜਨਤਕ ਆਵਾਜਾਈ ਅਤੇ ਜਨਤਕ ਸੁਰੱਖਿਆ ਨਾਲ ਸਬੰਧਤ ਇਨ੍ਹਾਂ ਤਿੰਨਾਂ ਮੁੱਦਿਆਂ ਬਾਰੇ ਸੂਬਾਈ ਆਗੂਆਂ ਤੋਂ ਸਪੱਸ਼ਟ ਵਚਨਬੱਧਤਾ ਮੰਗਣ ਦਾ ਸੱਦਾ ਦਿੱਤਾ ਹੈ।

# ਸਰੀ ਕੌਂਸਲ ਦੀ ਦੌੜ 'ਚ ਆਜ਼ਾਦ ਉਮੀਦਵਾਰ ਵਿੱਕ ਉੱਪਲ ਨੇ ਤੇਜ਼ ਕੀਤੀ ਚੋਣ ਮੁਹਿੰਮ

## ਪਾਇਲ ਬਿਜ਼ਨਸ ਸੈਂਟਰ 'ਚ ਹੋਈ ਚੋਣ ਰੈਲੀ ਦੌਰਾਨ ਸਮਰਥਕਾਂ ਦੀ ਸ਼ਮੂਲੀਅਤ, ਨੌਜਵਾਨਾਂ ਨੂੰ ਸਿਆਸਤ 'ਚ ਅੱਗੇ ਆਉਣ ਦਾ ਦਿੱਤਾ ਸੱਦਾ




**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਸਿਟੀ ਕੌਂਸਲ ਚੋਣਾਂ ਵਿੱਚ ਆਜ਼ਾਦ ਉਮੀਦਵਾਰ ਵਜੋਂ ਕੌਂਸਲਰ ਦੀ ਚੋਣ ਲੜ ਰਹੇ ਵਿੱਕ ਉੱਪਲ ਵੱਲੋਂ ਆਪਣੀ ਚੋਣ ਮੁਹਿੰਮ ਤਹਿਤ ਪਾਇਲ ਬਿਜ਼ਨਸ ਸੈਂਟਰ ਸਥਿਤ ਪੰਜਾਬ ਬੈਂਕੁਟ ਹਾਲ ਵਿੱਚ ਇੱਕ ਚੋਣ ਰੈਲੀ ਕਰਵਾਈ ਗਈ। ਸਮਾਗਮ ਵਿੱਚ ਉਨ੍ਹਾਂ ਦੇ ਸਮਰਥਕਾਂ, ਕਮਿਊਨਿਟੀ ਮੈਂਬਰਾਂ ਅਤੇ ਹੋਰ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ।

ਰੈਲੀ ਨੂੰ ਸੰਬੋਧਨ ਕਰਦਿਆਂ ਵਿੱਕ ਉੱਪਲ ਨੇ ਕਿਹਾ ਕਿ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਉਨ੍ਹਾਂ ਨੇ ਕਿਸੇ ਸਲੇਟ ਨਾਲ ਜੁੜਨ ਦੀ ਬਜਾਏ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਉਤਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮੁਹਿੰਮ ਦਾ ਮਕਸਦ ਸਰੀ ਦੇ ਵਸਨੀਕਾਂ ਨਾਲ ਸਿੱਧਾ ਸੰਪਰਕ ਕਰਕੇ ਉਨ੍ਹਾਂ ਦੇ ਮੁੱਦਿਆਂ ਅਤੇ ਤਰਜੀਹਾਂ ਨੂੰ ਸਾਹਮਣੇ ਲਿਆਉਣਾ ਹੈ।

ਉੱਪਲ ਨੇ ਆਪਣੇ ਸੰਬੋਧਨ ਦੌਰਾਨ ਸਰੀ ਦੇ ਵਿਕਾਸ ਅਤੇ ਸ਼ਹਿਰ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਦਾ ਜ਼ਿਕਰ ਕਰਦਿਆਂ ਵੋਟਰਾਂ ਤੋਂ ਸਹਿਯੋਗ ਮੰਗਿਆ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਸਿਆਸਤ ਅਤੇ ਜਨਤਕ ਜੀਵਨ ਵਿੱਚ ਵਧੇਰੇ ਭਾਗੀਦਾਰੀ ਸਮੇਂ ਦੀ ਲੋੜ ਹੈ ਅਤੇ ਨਵੀਂ ਪੀੜ੍ਹੀ ਨੂੰ ਸ਼ਹਿਰ ਦੇ ਭਵਿੱਖ ਨਾਲ ਜੁੜੇ ਫੈਸਲਿਆਂ ਵਿੱਚ ਅੱਗੇ ਆਉਣਾ ਚਾਹੀਦਾ ਹੈ।

ਇਸ ਮੌਕੇ ਸਕੂਲ ਟਰੱਸਟੀ ਦੀ ਚੋਣ ਲੜ ਰਹੇ ਨੂਰ ਚੀਮਾ ਅਤੇ ਗੁਰਲੀਨ ਚਾਹਲ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਆਪਣੀ ਚੋਣ ਮੁਹਿੰਮ ਲਈ ਵੋਟਰਾਂ ਤੋਂ ਸਹਿਯੋਗ ਮੰਗਿਆ।

ਸਮਾਗਮ ਦੌਰਾਨ ਗਾਇਕ ਧੀਰਾ ਗਿੱਲ, ਸੰਧੂ ਸਾਈਆਂ ਵਾਲਾ, ਸੁਰਿੰਦਰ ਭਲਵਾਨ ਅਤੇ ਹਰਿੰਦਰ ਸਿੰਘ ਸਭਰਾ ਨੇ ਗੀਤਾਂ ਦੀ ਪੇਸ਼ਕਾਰੀ ਕੀਤੀ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੀ.ਜੇ. ਸਿੱਧੂ ਨੇ ਨਿਭਾਈ। ਇਸ ਮੌਕੇ ਨਵਲਪ੍ਰੀਤ ਰੰਗੀ, ਦਵਿੰਦਰ ਲਿੱਟ, ਬਲਰਾਮ ਬੱਲੀ, ਗੁਰਜੀਤ ਸਿੰਘ, ਜੱਗਾ ਰਾਣਾ, ਨਰਿੰਦਰ ਭੰਗੂ, ਖੁਸ਼ਵੰਤ ਸਿੰਘ, ਅਰਸ਼ਦੀਪ ਸਿੰਘ, ਦਿਲਪ੍ਰੀਤ ਸਿੰਘ, ਬਿਕਰਮਜੀਤ ਸਿੰਘ, ਦਲਬੀਰ ਸਿੰਘ, ਗੁਰਪ੍ਰੀਤ ਸੂਚ, ਸ਼ਮਾ ਗਿੱਲ, ਜਗਪਾਲ ਸਿੰਘ ਅਤੇ ਭਿੰਦਾ ਖਾਨਕਾਠ ਸਮੇਤ ਹੋਰ ਕਮਿਊਨਿਟੀ ਮੈਂਬਰ ਵੀ ਹਾਜ਼ਰ ਸਨ।

# 2026 ਦੀਆਂ ਬੀ.ਸੀ. ਸੂਬਾਈ ਚੋਣਾਂ ਤੋਂ ਪਹਿਲਾਂ ਸੰਭਾਵੀ ਉਮੀਦਵਾਰੀ ਨੂੰ ਲੈ ਕੇ ਸਿਆਸੀ ਹਲਚਲ

## ਡੈਲਟਾ ਨੌਰਥ ਤੋਂ ਅੰਮ੍ਰਿਤ ਪਾਲ ਸਿੰਘ ਢੋਟ ਦੇ ਨਾਂ ਦੀ ਚਰਚਾ ਕਮਿਊਨਿਟੀ ਅਤੇ ਕਾਰੋਬਾਰੀ ਖੇਤਰ ਨਾਲ ਜੁੜੇ ਢੋਟ 2024 ਵਿੱਚ ਵੀ ਡੈਲਟਾ ਨੌਰਥ ਤੋਂ ਆਏ ਸਨ ਚੋਣ ਮੈਦਾਨ ਵਿੱਚ



**ਡੈਲਟਾ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ)** ਬ੍ਰਿਟਿਸ਼ ਕੋਲੰਬੀਆ ਦੀਆਂ 2026 ਦੀਆਂ ਸੂਬਾਈ ਚੋਣਾਂ ਦੇ ਮੱਦੇਨਜ਼ਰ ਡੈਲਟਾ ਨੌਰਥ ਹਲਕੇ ਵਿੱਚ ਸਿਆਸੀ ਸਰਗਰਮੀਆਂ ਅਤੇ ਸੰਭਾਵੀ ਉਮੀਦਵਾਰਾਂ ਨੂੰ ਲੈ ਕੇ ਚਰਚਾ ਤੇਜ਼ ਹੋ ਰਹੀ ਹੈ। ਇਸੇ ਦੌਰਾਨ ਕਮਿਊਨਿਟੀ ਨਾਲ ਲੰਮੇ ਸਮੇਂ ਤੋਂ ਜੁੜੇ ਕਾਰੋਬਾਰੀ ਅਤੇ ਸਮਾਜਿਕ ਕਾਰਕੁਨ ਅੰਮ੍ਰਿਤ ਪਾਲ ਸਿੰਘ ਢੋਟ ਦਾ ਨਾਂ ਵੀ ਸੰਭਾਵੀ ਉਮੀਦਵਾਰ ਵਜੋਂ ਚਰਚਾ ਵਿੱਚ ਆ ਰਿਹਾ ਹੈ।

ਢੋਟ ਵੱਖ-ਵੱਖ ਸਮਾਜਿਕ ਅਤੇ ਕਮਿਊਨਿਟੀ ਪਹਿਲਕਦਮੀਆਂ ਨਾਲ ਜੁੜੇ ਰਹੇ ਹਨ। ਪਰਿਵਾਰਾਂ, ਨੌਜਵਾਨਾਂ, ਬਜ਼ੁਰਗਾਂ, ਸਥਾਨਕ ਸੰਸਥਾਵਾਂ ਅਤੇ ਛੋਟੇ ਕਾਰੋਬਾਰਾਂ ਨਾਲ ਉਨ੍ਹਾਂ ਦੀ ਸਰਗਰਮੀ ਕਾਰਨ ਉਨ੍ਹਾਂ ਨੇ ਭਾਈਚਾਰੇ ਦੇ ਵੱਖ-ਵੱਖ ਵਰਗਾਂ ਨਾਲ ਸੰਪਰਕ ਬਣਾਇਆ ਹੈ।

ਡੈਲਟਾ ਨੌਰਥ ਦੇ ਬਦਲਦੇ ਸਿਆਸੀ ਹਾਲਾਤਾਂ ਦਰਮਿਆਨ ਸੰਭਾਵੀ ਉਮੀਦਵਾਰਾਂ ਬਾਰੇ ਵੀ ਵਿਚਾਰ-ਚਰਚਾ ਚੱਲ ਰਹੀ ਹੈ। ਇਸੇ ਸਮੇਂ ਸਥਾਨਕ ਸਰਕਾਰ ਦਾ ਤਜਰਬਾ ਰੱਖਣ ਵਾਲੇ ਜੈਸੀ ਦੋਸਾਂਝ 2026 ਦੀਆਂ ਮਿਊਂਸਪਲ ਚੋਣਾਂ ਵਿੱਚ ਡੈਲਟਾ ਕੌਂਸਲਰ ਵਜੋਂ ਮੁੜ ਚੋਣ ਲੜ ਰਹੇ ਹਨ।

ਇਸ ਪਿਛੋਕੜ ਵਿੱਚ ਢੋਟ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਦਾ ਕਮਿਊਨਿਟੀ ਨਾਲ ਜੁੜਾਅ, ਕਾਰੋਬਾਰੀ ਪਿਛੋਕੜ ਅਤੇ ਵੱਖ-ਵੱਖ ਵਰਗਾਂ ਨਾਲ ਕੰਮ ਕਰਨ ਦਾ ਤਜਰਬਾ ਉਨ੍ਹਾਂ ਦੇ ਨਾਂ ਨੂੰ ਸੂਬਾਈ ਪੱਧਰ ਦੀ ਉਮੀਦਵਾਰੀ ਲਈ ਚਰਚਾ ਵਿੱਚ ਲਿਆਉਂਦਾ ਹੈ।

ਅੰਮ੍ਰਿਤ ਪਾਲ ਸਿੰਘ ਢੋਟ 2024 ਦੀਆਂ ਸੂਬਾਈ ਚੋਣਾਂ ਤੋਂ ਪਹਿਲਾਂ ਵੀ ਡੈਲਟਾ ਨੌਰਥ ਤੋਂ ਚੋਣ ਮੈਦਾਨ ਵਿੱਚ ਉਤਰੇ ਸਨ। ਉਹ ਉਸ ਸਮੇਂ ਭਛੂ ਨਿਟਦ ਦੇ ਉਮੀਦਵਾਰ ਸਨ, ਹਾਲਾਂਕਿ ਬਾਅਦ ਵਿੱਚ ਉਨ੍ਹਾਂ ਨੇ ਆਪਣੀ ਚੋਣ ਮੁਹਿੰਮ ਮੁਅੱਤਲ ਕਰ ਦਿੱਤੀ ਸੀ। ਇਸ ਤੋਂ ਬਾਅਦ ਵੀ ਉਹ ਕਮਿਊਨਿਟੀ ਸਰਗਰਮੀਆਂ ਨਾਲ ਜੁੜੇ ਰਹੇ।

ਢੋਟ ਵੱਲੋਂ ਸੰਕੇਤ ਦਿੱਤਾ ਗਿਆ ਹੈ ਕਿ ਜੇਕਰ ਉਨ੍ਹਾਂ ਦੀ ਪਾਰਟੀ ਵੱਲੋਂ 2026 ਵਿੱਚ ਡੈਲਟਾ ਨੌਰਥ ਤੋਂ ਚੋਣ ਲੜਨ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਉਹ ਅੱਗੇ ਆ ਕੇ ਸੇਵਾ ਕਰਨ ਲਈ ਤਿਆਰ ਹੋਣਗੇ।

ਡੈਲਟਾ ਨੌਰਥ ਵਿੱਚ ਕਮਿਊਨਿਟੀ ਵਿਕਾਸ, ਛੋਟੇ ਕਾਰੋਬਾਰਾਂ ਲਈ ਸਹਿਯੋਗ, ਆਰਥਿਕ ਮੌਕੇ ਅਤੇ ਵੱਖ-ਵੱਖ ਉਮਰ ਵਰਗਾਂ ਦੇ ਵਸਨੀਕਾਂ ਦੀਆਂ ਲੋੜਾਂ ਵਰਗੇ ਮੁੱਦੇ ਆਉਣ ਵਾਲੀ ਚੋਣ ਵਿੱਚ ਚਰਚਾ ਦਾ ਹਿੱਸਾ ਬਣ ਸਕਦੇ ਹਨ।

ਹਾਲਾਂਕਿ ਉਮੀਦਵਾਰ ਬਾਰੇ ਅੰਤਿਮ ਫ਼ੈਸਲਾ ਸਬੰਧਤ ਪਾਰਟੀ ਅਤੇ ਉਸ ਦੀ ਨਾਮਜ਼ਦਗੀ ਪ੍ਰਕਿਰਿਆ ਅਧੀਨ ਹੋਵੇਗਾ, ਜਦਕਿ ਡੈਲਟਾ ਨੌਰਥ ਦੀ ਨੁਮਾਇੰਦਗੀ ਕਿਸ ਦੇ ਹੱਥ ਸੌਂਪਣੀ ਹੈ, ਇਸ ਦਾ ਅੰਤਿਮ ਫ਼ੈਸਲਾ ਹਲਕੇ ਦੇ ਵੋਟਰਾਂ ਵੱਲੋਂ ਕੀਤਾ ਜਾਵੇਗਾ।

# ਕੌਂਸਲਰ ਦੀ ਦੌੜ 'ਚ ਉਤਰੇ ਸਾਬਕਾ ਕੌਮਾਂਤਰੀ ਬੈਡਮਿੰਟਨ ਖਿਡਾਰੀ ਰਿੱਕੀ ਬਾਜਵਾ

## ਖੇਡਾਂ, ਕਾਰੋਬਾਰ ਤੇ ਕਮਿਊਨਿਟੀ ਸੇਵਾ ਦੇ ਤਜਰਬੇ ਨਾਲ ਕੰਸਰਵੇਟਿਵ ਸਰੀ ਵੱਲੋਂ ਚੋਣ ਮੈਦਾਨ 'ਚ

**ਸਰੀ, ਬੀ.ਸੀ. —** ਸਾਬਕਾ ਕੌਮਾਂਤਰੀ ਪੱਧਰ ਦੇ ਬੈਡਮਿੰਟਨ ਖਿਡਾਰੀ, ਸਪੋਰਟਸ ਕੋਚ, ਕਾਰੋਬਾਰੀ ਅਤੇ ਕਮਿਊਨਿਟੀ ਕਾਰਕੁਨ ਨਵਦੀਪ ਸਿੰਘ ਉਰਫ਼ ਰਿੱਕੀ ਬਾਜਵਾ ਸਰੀ ਸਿਟੀ ਕੌਂਸਲ ਦੀ ਚੋਣ ਲਈ ਕੰਸਰਵੇਟਿਵ ਸਰੀ ਸਲੇਟ ਵੱਲੋਂ ਕੌਂਸਲਰ ਉਮੀਦਵਾਰ ਵਜੋਂ ਮੈਦਾਨ ਵਿੱਚ ਹਨ।



ਮੇਅਰ ਉਮੀਦਵਾਰ ਹੋਣਵੀਰ ਰੰਧਾਵਾ ਦੀ ਟੀਮ ਨਾਲ ਚੋਣ ਲੜ ਰਹੇ ਰਿੱਕੀ ਬਾਜਵਾ ਪਿਛਲੇ ਕਰੀਬ 16 ਸਾਲਾਂ ਤੋਂ ਸਰੀ ਵਿੱਚ ਰਹਿ ਰਹੇ ਹਨ। ਪਰਿਵਾਰ ਸਮੇਤ ਸਰੀ ਵਿੱਚ ਵੱਸਦਿਆਂ ਉਨ੍ਹਾਂ ਨੇ ਖੇਡਾਂ, ਕਾਰੋਬਾਰ ਅਤੇ ਵੱਖ-ਵੱਖ ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਨਾਲ ਜੁੜ ਕੇ ਕਮਿਊਨਿਟੀ ਵਿੱਚ ਆਪਣੀ ਸਰਗਰਮੀ ਬਣਾਈ ਹੈ।

ਸਾਬਕਾ ਅੰਤਰਰਾਸ਼ਟਰੀ ਬੈਡਮਿੰਟਨ ਖਿਡਾਰੀ ਹੋਣ ਦੇ ਨਾਲ ਰਿੱਕੀ ਬਾਜਵਾ ਬ੍ਰਿਟਿਸ਼ ਕੋਲੰਬੀਆ ਵਿੱਚ ਪ੍ਰਮਾਣਿਤ ਬੈਡਮਿੰਟਨ ਕੋਚ ਵੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਖੇਡਾਂ ਨੌਜਵਾਨਾਂ ਵਿੱਚ ਅਨੁਸ਼ਾਸਨ ਅਤੇ ਲੀਡਰਸ਼ਿਪ ਪੈਦਾ ਕਰਨ ਦੇ ਨਾਲ ਉਨ੍ਹਾਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਦੀਆਂ ਹਨ।

ਕਾਰੋਬਾਰੀ ਖੇਤਰ ਵਿੱਚ ਵੀ ਬਾਜਵਾ ਕੋਲ ਲੰਮਾ ਤਜਰਬਾ ਹੈ। ਉਨ੍ਹਾਂ ਨੇ ਆਟੋਮੋਬਾਈਲ ਉਦਯੋਗ ਵਿੱਚ 10 ਸਾਲਾਂ ਤੋਂ ਵੱਧ ਸਮਾਂ ਕੰਮ ਕੀਤਾ ਹੈ ਅਤੇ ਸਰੀ ਵਿੱਚ ਕੁਝ ਸਮੇਂ ਲਈ ਫਰਨੀਚਰ ਸਟੋਰ ਵੀ ਚਲਾਇਆ। ਇਸ ਤੋਂ ਇਲਾਵਾ ਡੈਲਟਾ ਵਿੱਚ ਲੋਕਲ 502 ਨਾਲ ਲੌਂਗਸ਼ੋਰਮੈਨ ਵਜੋਂ ਕੰਮ ਕਰਨ ਦੇ ਤਜਰਬੇ ਨੇ ਉਨ੍ਹਾਂ ਨੂੰ ਕਾਮਕਾਜੀ ਪਰਿਵਾਰਾਂ ਅਤੇ ਸਥਾਨਕ ਕਾਰੋਬਾਰਾਂ ਨਾਲ ਜੁੜੇ ਮੁੱਦਿਆਂ ਨੂੰ ਨੇੜਿਓਂ ਸਮਝਣ ਦਾ ਮੌਕਾ ਦਿੱਤਾ।

ਕਮਿਊਨਿਟੀ ਸੇਵਾ ਵੀ ਉਨ੍ਹਾਂ ਦੀਆਂ ਸਰਗਰਮੀਆਂ ਦਾ ਅਹਿਮ ਹਿੱਸਾ ਰਹੀ ਹੈ। ਉਹ ਦੱਖਣੀ ਏਸ਼ੀਆਈ ਭਾਈਚਾਰੇ ਦੀਆਂ ਵੱਖ-ਵੱਖ ਪਹਿਲਕਦਮੀਆਂ ਨਾਲ ਜੁੜੇ ਰਹੇ ਹਨ ਅਤੇ ਇਸ ਵੇਲੇ ਜੀਵੇ ਪੰਜਾਬ ਅਦਬੀ ਸੰਗਤ ਫਾਊਂਡੇਸ਼ਨ ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ।

ਸਰੀ ਵਿੱਚ ਗੈਂਗ ਹਿੰਸਾ, ਗੋਲੀਬਾਰੀ ਅਤੇ ਜਬਰੀ ਵਸੂਲੀ ਨਾਲ ਜੁੜੀਆਂ ਘਟਨਾਵਾਂ ਨੂੰ ਲੈ ਕੇ ਵੀ ਬਾਜਵਾ ਜਨਤਕ ਸੁਰੱਖਿਆ ਸਬੰਧੀ ਮੁਹਿੰਮਾਂ ਵਿੱਚ ਸਰਗਰਮ ਰਹੇ ਹਨ। ਉਨ੍ਹਾਂ ਨੇ ਅਜਿਹੀਆਂ ਘਟਨਾਵਾਂ ਖ਼ਿਲਾਫ਼ ਹੋਏ ਵਿਰੋਧ ਪ੍ਰਦਰਸ਼ਨਾਂ ਅਤੇ ਕਮਿਊਨਿਟੀ ਪੱਧਰ ਦੀਆਂ ਪਹਿਲਕਦਮੀਆਂ ਵਿੱਚ ਹਿੱਸਾ ਲਿਆ ਹੈ।

ਆਪਣੀ ਚੋਣ ਮੁਹਿੰਮ ਦੌਰਾਨ ਬਾਜਵਾ ਮੌਜੂਦਾ ਅਤੇ ਪਿਛਲੀ ਸਿਟੀ ਲੀਡਰਸ਼ਿਪ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਿਆਂ ਦਾਅਵਾ ਕਰਦੇ ਹਨ ਕਿ ਸਰੀ ਨੂੰ ਅਜਿਹੀ ਸਿਟੀ ਕੌਂਸਲ ਦੀ ਲੋੜ ਹੈ ਜੋ ਜਨਤਕ ਸੁਰੱਖਿਆ, ਬੁਨਿਆਦੀ ਸਹੂਲਤਾਂ, ਕਾਰੋਬਾਰਾਂ, ਨੌਜਵਾਨਾਂ ਅਤੇ ਸ਼ਹਿਰ ਦੇ ਲੰਬੇ ਸਮੇਂ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰੇ।

ਉਨ੍ਹਾਂ ਦਾ ਕਹਿਣਾ ਹੈ ਕਿ ਮੇਅਰ ਉਮੀਦਵਾਰ ਹੋਣਵੀਰ ਰੰਧਾਵਾ ਦੀ ਅਗਵਾਈ ਵਾਲੀ ਕੰਸਰਵੇਟਿਵ ਸਰੀ ਟੀਮ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਆਪਣੀਆਂ ਯੋਜਨਾਵਾਂ ਵੋਟਰਾਂ ਸਾਹਮਣੇ ਰੱਖ ਰਹੀ ਹੈ। ਬਾਜਵਾ ਨੇ ਸਰੀ ਨਿਵਾਸੀਆਂ ਨੂੰ ਉਨ੍ਹਾਂ ਦੀ ਟੀਮ ਦੀਆਂ ਨੀਤੀਆਂ ਅਤੇ ਤਜਵੀਜ਼ਾਂ ਦਾ ਮੁਲਾਂਕਣ ਕਰਕੇ ਚੋਣ ਵਿੱਚ ਆਪਣੀ ਵੋਟ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ।

# ਸਰੀ ਕੌਂਸਲ ਦੀ ਚੋਣ ਮੈਦਾਨ 'ਚ ਪਰਮਿੰਦਰ ਚੌਹਾਨ

## ਇਮੈਜਿਨ ਸਰੀ ਵੱਲੋਂ ਕੌਂਸਲਰ ਉਮੀਦਵਾਰ, ਕਾਰੋਬਾਰ ਅਤੇ ਭਾਈਚਾਰਕ ਸੇਵਾ ਦੇ ਤਜਰਬੇ ਨਾਲ ਲੋਕਾਂ ਵਿਚ ਪਹੁੰਚ



**ਸਰੀ ( ਮਹੇਸ਼ਇੰਦਰ ਸਿੰਘ ਮਾਂਗਟ )—** ਉੱਘੇ ਇੰਸ਼ੋਰੈਂਸ ਅਤੇ ਫਾਇਨੈਂਸ਼ੀਅਲ ਸਲਾਹਕਾਰ, ਲਾਈਫਵਾਈਜ਼ ਫਾਇਨੈਂਸ਼ੀਅਲ ਗਰੁੱਪ ਦੇ ਪ੍ਰੈਜ਼ੀਡੈਂਟ ਤੇ ਸੀ.ਈ.ਓ. ਪਰਮਿੰਦਰ ਚੌਹਾਨ ਸਰੀ ਦੀਆਂ ਮਿਊਂਸਪਲ ਚੋਣਾਂ ਵਿੱਚ ਮਾਈਕ ਸਟਾਰਚੁਕ ਦੀ ਅਗਵਾਈ ਵਾਲੀ ਇਮੈਜਿਨ ਸਰੀ ਸਲੇਟ ਵੱਲੋਂ ਕੌਂਸਲਰ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਹਨ।

ਪਿਛਲੇ ਕਰੀਬ 34 ਸਾਲਾਂ ਤੋਂ ਸਰੀ ਵਿੱਚ ਰਹਿ ਰਹੇ ਚੌਹਾਨ ਦਾ ਸਰੀ-ਨਿਊਟਨ ਇਲਾਕੇ ਨਾਲ ਲੰਮਾ ਨਾਤਾ ਹੈ। ਪੰਜਾਬ ਤੋਂ ਕੈਨੇਡਾ ਆਉਣ ਤੋਂ ਬਾਅਦ ਉਨ੍ਹਾਂ ਨੇ ਸ਼ੁਰੂਆਤੀ ਦੌਰ ਵਿੱਚ ਵੱਖ-ਵੱਖ ਕੰਮ ਕਰਦਿਆਂ ਆਪਣੀ ਪੜ੍ਹਾਈ ਨੂੰ ਅੱਗੇ ਵਧਾਇਆ ਅਤੇ ਬਾਅਦ ਵਿੱਚ ਇੰਸ਼ੋਰੈਂਸ ਤੇ ਫਾਇਨੈਂਸ਼ੀਅਲ ਸੇਵਾਵਾਂ ਦੇ ਖੇਤਰ ਵਿੱਚ ਆਪਣਾ ਕਰੀਅਰ ਬਣਾਇਆ।

ਲੰਮੇ ਸਮੇਂ ਤੱਕ ਫਾਇਨੈਂਸ਼ੀਅਲ ਇੰਡਸਟਰੀ ਵਿੱਚ ਕੰਮ ਕਰਨ ਤੋਂ ਬਾਅਦ ਉਨ੍ਹਾਂ ਨੇ ਲਾਈਫਵਾਈਜ਼ ਫਾਇਨੈਂਸ਼ੀਅਲ ਗਰੁੱਪ ਦੀ ਸਥਾਪਨਾ ਕੀਤੀ, ਜਿਸ ਦੀ ਉਹ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਵਜੋਂ ਅਗਵਾਈ ਕਰ ਰਹੇ ਹਨ। ਕਾਰੋਬਾਰੀ ਖੇਤਰ ਦੇ ਨਾਲ-ਨਾਲ ਉਹ ਕਈ ਭਾਈਚਾਰਕ ਅਤੇ ਸਮਾਜ ਸੇਵੀ ਸੰਸਥਾਵਾਂ ਨਾਲ ਵੀ ਜੁੜੇ ਰਹੇ ਹਨ।

ਚੌਹਾਨ 'ਪਰਮਿੰਦਰ ਚੌਹਾਨ ਫਾਊਂਡੇਸ਼ਨ' ਦੇ ਸੰਸਥਾਪਕ ਡਾਇਰੈਕਟਰ ਹਨ। ਉਹ ਸਰੀ ਬੋਰਡ ਆਫ਼ ਟਰੇਡ ਦੇ ਸਾਬਕਾ ਡਾਇਰੈਕਟਰ, ਸਾਊਥ ਏਸ਼ੀਅਨ ਬਿਜ਼ਨਸ ਐਸੋਸੀਏਸ਼ਨ ਦੇ ਡਾਇਰੈਕਟਰ ਅਤੇ ਸਰੀ ਨਿਊਟਨ ਰੋਟਰੀ ਕਲੱਬ ਦੇ ਸਾਬਕਾ ਪ੍ਰਧਾਨ ਵੀ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਹ ਸਾਊਥ ਏਸ਼ੀਅਨ ਹੈਲਥ ਫੰਡ ਦੇ ਬੋਰਡ ਨਾਲ ਵੀ ਜੁੜੇ ਹੋਏ ਹਨ।

ਸਿੱਖਿਆ ਦੇ ਖੇਤਰ ਵਿੱਚ ਵੀ ਉਨ੍ਹਾਂ ਵੱਲੋਂ ਵਿਦਿਆਰਥੀਆਂ ਦੀ ਸਹਾਇਤਾ ਲਈ ਯੋਗਦਾਨ ਦਿੱਤਾ ਜਾਂਦਾ ਰਿਹਾ ਹੈ। ਕਵਾਂਟਲਨ ਪੌਲੀਟੈਕਨਿਕ ਯੂਨੀਵਰਸਿਟੀ ਵਿੱਚ ਐਂਟਰਪ੍ਰਿਨਿਓਰੀਅਲ ਲੀਡਰਸ਼ਿਪ ਨਾਲ ਸਬੰਧਤ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਹਾਇਤਾ ਉਨ੍ਹਾਂ ਦੀਆਂ ਪਹਿਲਕਦਮੀਆਂ ਵਿੱਚ ਸ਼ਾਮਲ ਹੈ।

ਚੌਹਾਨ ਦਾ ਕਹਿਣਾ ਹੈ ਕਿ ਸਰੀ ਤੇਜ਼ੀ ਨਾਲ ਵਿਕਸਤ ਹੋ ਰਿਹਾ ਸ਼ਹਿਰ ਹੈ ਅਤੇ ਇਸ ਵਿਕਾਸ ਦੇ ਨਾਲ ਜਨਤਕ ਸੁਰੱਖਿਆ, ਬੁਨਿਆਦੀ ਸਹੂਲਤਾਂ, ਪਰਿਵਾਰਾਂ ਦੀਆਂ ਲੋੜਾਂ ਅਤੇ ਜੀਵਨ ਪੱਧਰ ਨਾਲ ਜੁੜੇ ਮੁੱਦਿਆਂ ਵੱਲ ਧਿਆਨ ਦੇਣਾ ਜ਼ਰੂਰੀ ਹੈ। ਇਸੇ ਸੋਚ ਨਾਲ ਉਨ੍ਹਾਂ ਨੇ ਇਮੈਜਿਨ ਸਰੀ ਦੀ ਟੀਮ ਨਾਲ ਜੁੜ ਕੇ ਕੌਂਸਲਰ ਦੀ ਚੋਣ ਲੜਨ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਮੁਤਾਬਕ ਉਹ ਸਿਟੀ ਕੌਂਸਲ ਵਿੱਚ ਇੱਕ ਪੇਸ਼ੇਵਰ, ਪਿਤਾ, ਗੁਆਂਢੀ ਅਤੇ ਲੰਮੇ ਸਮੇਂ ਤੋਂ ਸਰੀ ਦੇ ਵਸਨੀਕ ਵਜੋਂ ਆਪਣਾ ਤਜਰਬਾ ਲੈ ਕੇ ਜਾਣਾ ਚਾਹੁੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਚੋਣ ਮੁਹਿੰਮ ਦਾ ਕੇਂਦਰ ਸਰੀ ਦਾ ਯੋਜਨਾਬੱਧ ਵਿਕਾਸ, ਲੋਕ ਸੇਵਾ ਅਤੇ ਸ਼ਹਿਰ ਦੇ ਭਵਿੱਖ ਲਈ ਕੰਮ ਕਰਨਾ ਹੈ।

# ਨਿਊਟਨ ਵਿੱਚ 'ਸਰੀ ਜਨਰਲ ਹਸਪਤਾਲ' ਬਣਾਉਣ ਦਾ ਡੱਗ ਮੈਕਲਮ ਵੱਲੋਂ ਵਾਅਦਾ

## ਮੇਅਰ ਚੁਣੇ ਜਾਣ 'ਤੇ 6965 ਕਿੰਗ ਜਾਰਜ ਬੁਲੇਵਾਰਡ ਦੀ ਸਿਟੀ ਮਾਲਕੀ ਵਾਲੀ ਜ਼ਮੀਨ 'ਤੇ ਫੁੱਲ-ਸਰਵਿਸ ਹਸਪਤਾਲ ਬਣਾਉਣ ਦੀ ਯੋਜਨਾ; ਸਿਟੀ ਦੀਆਂ ਮਨਜ਼ੂਰੀਆਂ 60 ਦਿਨਾਂ 'ਚ ਦੇਣ ਦਾ ਐਲਾਨ




**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਦੇ ਸਾਬਕਾ ਮੇਅਰ ਅਤੇ ਸੇਫ ਸਰੀ ਕੋਲੀਸ਼ਨ ਵੱਲੋਂ ਮੇਅਰ ਅਹੁਦੇ ਦੇ ਉਮੀਦਵਾਰ ਡੱਗ ਮੈਕਲਮ ਨੇ ਐਲਾਨ ਕੀਤਾ ਹੈ ਕਿ ਮੇਅਰ ਚੁਣੇ ਜਾਣ 'ਤੇ ਉਹ ਨਿਊਟਨ ਵਿੱਚ ਇੱਕ ਨਵਾਂ ਫੁੱਲ-ਸਰਵਿਸ ਹਸਪਤਾਲ "ਸਰੀ ਜਨਰਲ ਹਸਪਤਾਲ" ਬਣਾਉਣ ਦੀ ਯੋਜਨਾ ਨੂੰ ਅੱਗੇ ਵਧਾਉਣਗੇ।

ਮੈਕਲਮ ਮੁਤਾਬਕ ਪ੍ਰਸਤਾਵਿਤ ਹਸਪਤਾਲ 6965 ਕਿੰਗ ਜਾਰਜ ਬੁਲੇਵਾਰਡ ਵਿਖੇ ਸਿਟੀ ਦੀ ਮਾਲਕੀ ਵਾਲੀ ਜ਼ਮੀਨ 'ਤੇ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਾਲੀ ਕੌਂਸਲ ਇਸ ਜ਼ਮੀਨ ਨੂੰ ਹਸਪਤਾਲ ਲਈ ਸਮਰਪਿਤ ਕਰੇਗੀ, ਸਿਟੀ ਪੱਧਰ ਦੀਆਂ ਲੋੜੀਂਦੀਆਂ ਮਨਜ਼ੂਰੀਆਂ ਅਤੇ ਪਰਮਿਟਾਂ ਨੂੰ 60 ਦਿਨਾਂ ਦੇ ਅੰਦਰ ਪੂਰਾ ਕਰਨ ਦੀ ਕੋਸ਼ਿਸ਼ ਕਰੇਗੀ ਅਤੇ ਉਸਾਰੀ ਲਈ ਫੰਡ ਹਾਸਲ ਕਰਨ ਵਾਸਤੇ ਸੂਬਾਈ ਅਤੇ ਫੈਡਰਲ ਸਰਕਾਰਾਂ ਕੋਲ ਪਹੁੰਚ ਕਰੇਗੀ।

ਮੈਕਲਮ ਨੇ ਕਿਹਾ ਕਿ ਉਨ੍ਹਾਂ ਦੀ ਯੋਜਨਾ ਮੁਤਾਬਕ ਇਹ ਕੋਈ ਕਲੀਨਿਕ ਜਾਂ ਸਿਰਫ਼ ਆਊਟਪੇਸ਼ੈਂਟ ਸੈਂਟਰ ਨਹੀਂ, ਸਗੋਂ ਇੱਕ ਪੂਰਾ ਐਕਿਊਟ-ਕੇਅਰ ਹਸਪਤਾਲ ਹੋਵੇਗਾ। ਪ੍ਰਸਤਾਵ ਵਿੱਚ ਐਮਰਜੈਂਸੀ ਵਿਭਾਗ, ਇਨਪੇਸ਼ੈਂਟ ਬੈੱਡ, ਆਪ੍ਰੇਸ਼ਨ ਰੂਮ, ਇੰਟੈਂਸਿਵ ਕੇਅਰ, ਮੈਟਰਨਿਟੀ ਅਤੇ ਨਵਜੰਮੇ ਬੱਚਿਆਂ ਦੀ ਦੇਖਭਾਲ, ਡਾਇਗਨੋਸਟਿਕ ਅਤੇ ਇਮੇਜਿੰਗ ਸੇਵਾਵਾਂ ਦੇ ਨਾਲ ਬੱਚਿਆਂ ਲਈ ਵਿਸ਼ੇਸ਼ ਇਲਾਜ ਅਤੇ ਪੀਡੀਆਟ੍ਰਿਕ ਇੰਟੈਂਸਿਵ ਕੇਅਰ ਯੂਨਿਟ ਸ਼ਾਮਲ ਕਰਨ ਦੀ ਗੱਲ ਕਹੀ ਗਈ ਹੈ।

"ਵੈਨਕੂਵਰ ਕੋਲ ਡ਼ੳਨਚੋੁਵੲਰ ਘੲਨੲਰੳਲ ਹੈ, ਸਰੀ ਵੀ ਹੁਣ ਵੱਡਾ ਸ਼ਹਿਰ ਬਣਨ ਵੱਲ ਵਧ ਰਿਹਾ ਹੈ ਅਤੇ ਸਰੀ ਕੋਲ ਵੀ ਸ਼ੁਰਰੲੇ ਘੲਨੲਰੳਲ ਹੋਵੇਗਾ," ਮੈਕਲਮ ਨੇ ਆਪਣੇ ਐਲਾਨ ਵਿੱਚ ਕਿਹਾ।

ਉਨ੍ਹਾਂ ਨੇ ਸਰੀ ਅਤੇ ਵੈਨਕੂਵਰ ਵਿਚਕਾਰ ਹਸਪਤਾਲ ਸੇਵਾਵਾਂ ਅਤੇ ਸਿਹਤ ਸੰਭਾਲ ਸਰੋਤਾਂ ਦੇ ਫਰਕ ਦਾ ਮੁੱਦਾ ਵੀ ਉਠਾਇਆ। ਮੈਕਲਮ ਨੇ ਦਲੀਲ ਦਿੱਤੀ ਕਿ ਸਰੀ ਦੀ ਤੇਜ਼ੀ ਨਾਲ ਵਧ ਰਹੀ ਆਬਾਦੀ ਦੇ ਮੱਦੇਨਜ਼ਰ ਸ਼ਹਿਰ ਨੂੰ ਹੋਰ ਹਸਪਤਾਲ ਸਮਰੱਥਾ ਅਤੇ ਵਿਸ਼ੇਸ਼ ਸਿਹਤ ਸੇਵਾਵਾਂ ਦੀ ਲੋੜ ਹੈ।

ਮੈਕਲਮ ਅਨੁਸਾਰ ਪ੍ਰਸਤਾਵਿਤ ਥਾਂ ਸਰੀ ਦੇ ਮੁੱਖ ਆਵਾਜਾਈ ਕੌਰੀਡੋਰ ਕਿੰਗ ਜਾਰਜ ਬੁਲੇਵਾਰਡ 'ਤੇ ਸਥਿਤ ਹੈ ਅਤੇ ਸਿਟੀ ਵੱਲੋਂ ਇਹ ਜ਼ਮੀਨ ਪਹਿਲਾਂ ਹੀ ਖਰੀਦੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰੀ ਦੇ ਟੈਕਸਦਾਤਿਆਂ ਦੀ ਮਾਲਕੀ ਵਾਲੀ ਇਸ ਜ਼ਮੀਨ ਨੂੰ ਹਸਪਤਾਲ ਲਈ ਵਰਤਣਾ ਸ਼ਹਿਰ ਵਾਸੀਆਂ ਲਈ ਮਹੱਤਵਪੂਰਨ ਨਿਵੇਸ਼ ਹੋਵੇਗਾ।

ਮੈਕਲਮ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਸ਼ਕੇਠਰਓਿਨ ਅਤੇ ਹੋਰ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਸੂਬਾਈ ਅਤੇ ਫੈਡਰਲ ਸਰਕਾਰਾਂ ਤੋਂ ਵੱਡੇ ਪ੍ਰੋਜੈਕਟਾਂ ਲਈ ਫੰਡ ਹਾਸਲ ਕਰਨ ਦਾ ਤਜਰਬਾ ਰੱਖਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਉਹ ਮੁੜ ਮੇਅਰ ਬਣਦੇ ਹਨ ਤਾਂ "ਸਰੀ ਜਨਰਲ ਹਸਪਤਾਲ" ਉਨ੍ਹਾਂ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਹੋਵੇਗਾ।

ਇਸ ਦੌਰਾਨ ਸਰੀ ਦੇ ਛਲੋਵੲਰਦੳਲੲ ਖੇਤਰ ਵਿੱਚ ਸੂਬਾਈ ਸਰਕਾਰ ਅਤੇ ਢਰੳਸੲਰ ੍ਹੲੳਲਟਹ ਦਾ ਨਵਾਂ ਸ਼ੁਰਰੲੇ ੍ਹਸਪਟਿੳਲ ੳਨਦ ਭਛ ਛੳਨਚੲਰ ਛੲਨਟਰੲ ਪਹਿਲਾਂ ਹੀ ਉਸਾਰੀ ਅਧੀਨ ਹੈ। ਇਸ ਲਈ ਮੈਕਲਮ ਵੱਲੋਂ ਨਿਊਟਨ ਵਿੱਚ ਐਲਾਨਿਆ ਗਿਆ "ਸ਼ੁਰਰੲੇ ਘੲਨੲਰੳਲ ੍ਹਸਪਟਿੳਲ" ਉਸ ਮੌਜੂਦਾ ਪ੍ਰੋਜੈਕਟ ਤੋਂ ਵੱਖਰਾ, ਇੱਕ ਹੋਰ ਪ੍ਰਸਤਾਵਿਤ ਫੁੱਲ-ਸਰਵਿਸ ਹਸਪਤਾਲ ਹੋਵੇਗਾ।

ਮੈਕਲਮ ਨੇ ਕਿਹਾ ਕਿ ਸਰੀ ਦੀ ਆਬਾਦੀ ਲਗਾਤਾਰ ਵਧ ਰਹੀ ਹੈ ਅਤੇ ਭਵਿੱਖ ਵਿੱਚ ਸ਼ਹਿਰ ਦੇ ਇੱਕ ਮਿਲੀਅਨ ਵਸਨੀਕਾਂ ਵੱਲ ਵਧਣ ਦੇ ਮੱਦੇਨਜ਼ਰ ਸਿਹਤ ਸਹੂਲਤਾਂ ਦਾ ਵਿਸਥਾਰ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨਵਾਂ ਹਸਪਤਾਲ ਬੱਚਿਆਂ, ਮਾਵਾਂ, ਬਜ਼ੁਰਗਾਂ ਅਤੇ ਪਰਿਵਾਰਾਂ ਨੂੰ ਆਪਣੇ ਹੀ ਸ਼ਹਿਰ ਵਿੱਚ ਵਧੇਰੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਬਣਾਇਆ ਜਾਵੇਗਾ।

# ਮਾਈਕ ਸਟਾਰਚੁਕ ਵਲੋਂ ਸਰੀ-ਕਲੋਵਰਡੇਲ ਤੋਂ ਫਰੇਜ਼ਰ ਵੈਲੀ ਤੱਕ ਵੈਸਟ ਕੋਸਟ ਐਕਸਪ੍ਰੈਸ ਰੇਲ ਸੇਵਾ ਲਿਆਉਣ ਦਾ ਵਾਅਦਾ



**ਸਰੀ :-** ਇਮੈਜਿਨ ਸਰੀ ਸਲੇਟ ਦੇ ਆਗੂ ਮਾਈਕ ਸਟਾਰਚੁਕ ਨੇ ਆਪਣੀ ਚੋਣ ਮੁਹਿੰਮ ਦੌਰਾਨ ਸਰੀ ਵਿੱਚ 'ਵੈਸਟ ਕੋਸਟ ਐਕਸਪ੍ਰੈਸ' (ੰੲਸਟ ਛੋੳਸਟ ਓਣਪਰੲਸਸ) ਰੇਲ ਸੇਵਾ ਲਿਆਉਣ ਦਾ ਵਾਅਦਾ ਕੀਤਾ ਹੈ। ਉਹਨਾਂ ਆਪਣੇ ਬਿਆਨ ਵਿਚ ਕਿਹਾ ਹੈ ਕਿ ਇਹ ਰੇਲ ਸੇਵਾ ਸਕਾਟ ਰੋਡ ਤੋਂ ਨਿਊਟਨ ਅਤੇ ਕਲੋਵਰਡੇਲ ਹੁੰਦੇ ਹੋਏ ਫਰੇਜ਼ਰ ਵੈਲੀ ਤੱਕ ਹੋਵੇਗੀ। ਸਰੀ ਦੇ ਵਸਨੀਕਾਂ ਲਈ ਇਸ ਰੇਲ ਸੇਵਾ ਦੀ ਗੱਲ ਕਰਨਾ ਅਜਿਹੇ ਸਮੇਂ ਬਿਲਕੁਲ ਉਚਿਤ ਜਦੋਂ ਸੂਬਾ ਆਪਣੀ ਯਾਤਰੀ ਰੇਲ ਰਣਨੀਤੀ ਤਿਆਰ ਕਰ ਰਿਹਾ ਹੈ।

ਉਹਨਾਂ ਹੋਰ ਦੱਸਿਆ ਕਿ 1995 ਤੋਂ, ਵੈਸਟ ਕੋਸਟ ਐਕਸਪ੍ਰੈਸ ਫਰੇਜ਼ਰ ਦਰਿਆ ਦੇ ਉੱਤਰੀ ਪਾਸੇ ਮਿਸ਼ਨ ਤੋਂ ਡਾਊਨਟਾਊਨ ਵੈਨਕੂਵਰ ਤੱਕ ਯਾਤਰੀਆਂ ਨੂੰ ਸਫਰ ਸਹੂਲਤ ਪ੍ਰਦਾਨ ਕਰ ਰਹੀ ਹੈ। ਇਸੇ ਸਮੇਂ ਸਾਊਥ ਵਾਲੇ ਪਾਸੇ—ਜਿੱਥੇ ਖੇਤਰ ਦਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸਰੀ ਸ਼ਹਿਰ ਸਥਿਤ ਹੈ—ਅਜਿਹੀ ਕੋਈ ਰੇਲ ਸੇਵਾ ਨਹੀਂ ਹੈ। ਸਰੀ ਦੀ ਆਬਾਦੀ ਲਗਭਗ 7,00,000 ਹੈ ਪਰ ਇੱਥੇ ਰੋਜ਼ਾਨਾ ਰੇਲ ਸਫਰ ਸਹੂਲਤ ਦਾ ਇੱਕ ਕਿਲੋਮੀਟਰ ਵੀ ਰੂਟ ਨਹੀਂ ਹੈ।

'ਇਮੈਜਿਨ ਸਰੀ' ਕੌਂਸਲ ਆਪਣੇ ਪਹਿਲੇ 100 ਦਿਨਾਂ ਵਿੱਚ ਸੂਬਾਈ ਰੇਲ ਰਣਨੀਤੀ ਲਈ ਇੱਕ ਰਸਮੀ ਤਜਵੀਜ਼ ਪੇਸ਼ ਕਰੇਗੀ ਜਿਸ ਤਹਿਤ ਸ਼ਹਿਰ ਦੀ ਆਪਣੀ ਯੋਜਨਾਬੰਦੀ ਵਿੱਚ ਨਿਊਟਨ ਅਤੇ ਕਲੋਵਰਡੇਲ ਰਾਹੀਂ ਰੇਲ ਲਈ ਰਸਤਾ ਵੀ ਸੁਰੱਖਿਅਤ ਕਰੇਗੀ। ਟ੍ਰਾਂਸਲਿੰਕ ਤੇ ਸੂਬੇ ਨਾਲ ਮਿਲ ਕੇ ਕਾਰੋਬਾਰੀ ਯੋਜਨਾ ਤਿਆਰ ਕਰੇਗੀ। ਅਸੀਂ ਹਰ ਤਿਮਾਹੀ ਇਹ ਜਾਣਕਾਰੀ ਜਨਤਕ ਕਰਾਂਗੇ ਕਿ ਉਹਨਾਂ ਟ੍ਰਾਂਸਲਿੰਕ ਤੋਂ ਕੀ ਮੰਗਿਆ ਸੀ ਅਤੇ ਕੀ ਹਾਸਲ ਕੀਤਾ। ਉਹਨਾਂ ਹੋਰ ਕਿਹਾ ਕਿ ਜੇਕਰ ਵੈਨਕੂਵਰ ਤੋਂ ਸਿਆਟਲ ਅਤੇ ਪੋਰਟਲੈਂਡ ਤੱਕ ਹਾਈ-ਸਪੀਡ ਰੇਲ ਲਾਈਨ ਦਾ ਪ੍ਰਾਜੈਕਟ ਅੱਗੇ ਵਧਦਾ ਹੈ, ਤਾਂ ਸਰੀ ਸ਼ਹਿਰ ਦੀ ਜ਼ਮੀਨ ਅਤੇ ਤੇਜ਼-ਰਫ਼ਤਾਰ ਯੋਜਨਾਬੰਦੀ ਦੀ ਪੇਸ਼ਕਸ਼ ਕੀਤੀ ਜਾਵੇਗੀ ਤਾਂ ਜੋ ਸ਼ਹਿਰ ਨੂੰ ਇੱਕ ਸਟੇਸ਼ਨ ਮਿਲ ਸਕੇ।

ਸਟਾਰਚੁਕ ਨੇ ਹੋਰ ਕਿਹਾ, "ਮੈਂ ਉਸ ਕਮੇਟੀ ਦਾ ਹਿੱਸਾ ਰਿਹਾ ਹਾਂ ਜੋ ਇਹ ਤੈਅ ਕਰਦੀ ਹੈ ਕਿ ਸੂਬਾ ਕੀ ਖਰਚ ਕਰ ਸਕਦਾ ਹੈ। ਰੇਲ ਲਈ ਪੈਸਾ ਮੌਜੂਦ ਹੈ। ਸਵਾਲ ਇਹ ਹੈ ਕਿ ਕੌਣ ਸਹੀ ਯੋਜਨਾ ਦੇ ਨਾਲ ਇਸਦੀ ਮੰਗ ਕਰਦਾ ਹੈ। ਇੰਨੇ ਵੱਡੇ ਸ਼ਹਿਰ ਵਿੱਚ ਯਾਤਰੀ ਰੇਲ ਦਾ ਨਾ ਹੋਣਾ ਕਿਸੇ ਭੂਗੋਲਿਕ ਕਾਰਨਾਂ ਕਰਕੇ ਨਹੀਂ ਹੈ। ਇਹ ਸਿਟੀ ਹਾਲ ਦੀ ਅਸਫਲਤਾ ਹੈ ਜਿਸਨੇ ਕਦੇ ਇਸ ਮੁੱਦੇ ਨੂੰ ਸਹੀ ਢੰਗ ਨਾਲ ਨਹੀਂ ਉਠਾਇਆ। ਉਹਨਾਂ ਸਰੀ ਨਿਵਾਸੀਆਂ ਦੀ ਸਹੂਲਤ ਲਈ ਇਸਨੂੰ ਵੱਡਾ ਮੁੱਦਾ ਦੱਸਦਿਆਂ ਕਿਹਾ ਕਿ ਇਮੈਜਿਨ ਸਰੀ ਵੱਲੋਂ ਆਪਣਾ ਪੂਰਾ ਚੋਣ ਮਨੋਰਥ ਅਗਲੇ ਦਿਨਾਂ ਵਿਚ ਜਾਰੀ ਕੀਤਾ ਜਾਵੇਗਾ

# ਗ਼ਜ਼ਲ ਮੰਚ ਸਰੀ ਦੀ ਸ਼ਾਇਰਾਨਾ ਸ਼ਾਮ ਵਿੱਚ ਸੈਂਕੜੇ ਸਰੋਤਿਆਂ ਨੇ ਲਾਈਆਂ ਗ਼ਜ਼ਲ ਦੇ ਸਾਗਰ 'ਚ ਤਾਰੀਆਂ

## ਗ਼ਜ਼ਲ ਦੇ ਪ੍ਰੇਮੀਆਂ ਵੱਲੋਂ ਮਿਲਿਆ ਪਿਆਰ ਅਤੇ ਸਤਿਕਾਰ ਸ਼ਾਇਰਾਂ ਦੀ ਕਾਵਿ-ਉਡਾਰੀ ਲਈ ਨਵਾਂ ਹੌਸਲਾ ਬਣੇਗਾ - ਜਸਵਿੰਦਰ






**ਸਰੀ, (ਹਰਦਮ ਮਾਨ)–** ਬੀਤੇ ਦਿਨ ਗ਼ਜ਼ਲ ਮੰਚ ਸਰੀ ਵੱਲੋਂ ਸਜਾਈ ਗਈ ਸ਼ਾਇਰਾਨਾ ਸ਼ਾਮ ਅਜਿਹੇ ਯਾਦਗਾਰੀ ਪਲ ਬਣ ਕੇ ਉੱਭਰੀ, ਜਿੱਥੇ ਕਾਵਿਕ ਸ਼ਬਦਾਂ ਨੇ ਦਿਲਾਂ ਦੀਆਂ ਤਾਰਾਂ ਛੇੜੀਆਂ ਅਤੇ ਸੈਂਕੜੇ ਸ਼ਾਇਰੀ ਪ੍ਰੇਮੀਆਂ ਨੇ ਪੰਜਾਬੀ ਸ਼ਾਇਰੀ ਨੂੰ ਸਿਰਫ਼ ਸੁਣਿਆ ਹੀ ਨਹੀਂ, ਸਗੋਂ ਰੂਹ ਨਾਲ ਮਹਿਸੂਸ ਕੀਤਾ। ਸਰੀ ਆਰਟ ਸੈਂਟਰ ਦਾ ਵਿਸ਼ਾਲ ਹਾਲ ਇਸ ਸ਼ਾਮ ਸ਼ਾਇਰੀ ਦੀ ਮਹਿਕ ਨਾਲ ਭਰਿਆ ਹੋਇਆ ਸੀ। ਮੰਚ ਤੋਂ ਉਚਰੇ ਹਰ ਸ਼ਿਅਰ ਨਾਲ ਸਰੋਤਿਆਂ ਦੀਆਂ ਤਾੜੀਆਂ ਦੀ ਗੂੰਜ ਉੱਠਦੀ ਅਤੇ ਮਹਿਫ਼ਿਲ ਨੂੰ ਹੋਰ ਗੂੜ੍ਹਾ ਰੰਗ ਬਖ਼ਸ਼ਦੀ। ਲਗਭਗ ਤਿੰਨ ਘੰਟਿਆਂ ਤੱਕ ਚੱਲੀ ਇਸ ਕਾਵਿਕ ਮਹਿਫ਼ਿਲ ਵਿੱਚ ਸਰੋਤੇ ਗ਼ਜ਼ਲ ਦੇ ਸਾਗਰ ਵਿੱਚ ਤਾਰੀਆਂ ਲਾਉਂਦੇ ਰਹੇ ਅਤੇ ਹਰ ਪੇਸ਼ਕਾਰੀ ਨੂੰ ਦਿਲ ਖੋਲ੍ਹ ਕੇ ਦਾਦ ਦਿੰਦੇ ਰਹੇ। ਸ਼ਾਇਰਾਨਾ ਸ਼ਾਮ ਦੀ ਪ੍ਰਧਾਨਗੀ ਅਮਰੀਕਾ ਤੋਂ ਪਹੁੰਚੇ ਨਾਮਵਰ ਸ਼ਾਇਰ ਕੁਲਵਿੰਦਰ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਦਸਮੇਸ਼ ਗਿੱਲ ਫ਼ਿਰੋਜ਼, ਟੋਰਾਂਟੋ ਤੋਂ ਆਏ ਮਹਿਮਾਨ ਸ਼ਾਇਰ ਭੁਪਿੰਦਰ ਦੂਲੇ ਅਤੇ ਕੁਲਵਿੰਦਰ ਖਹਿਰਾ ਨੇ ਕੀਤੀ।

ਸ਼ਾਮ ਦੇ ਆਰੰਭ ਵਿੱਚ ਰਾਜਵੰਤ ਰਾਜ ਨੇ ਹਾਜ਼ਰ ਮਹਿਮਾਨਾਂ, ਸ਼ਾਇਰਾਂ, ਸਹਿਯੋਗੀਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਗ਼ਜ਼ਲ ਮੰਚ ਦੀਆਂ ਸਾਹਿਤਕ ਸਰਗਰਮੀਆਂ ਅਤੇ ਇਸ ਦੇ ਸਫ਼ਰ ਵਿੱਚ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੇ ਸਵਾਗਤੀ ਸ਼ਬਦਾਂ ਨਾਲ ਮਹਿਫ਼ਲ ਨੇ ਆਪਣਾ ਕਾਵਿਕ ਸਫ਼ਰ ਆਰੰਭ ਕੀਤਾ ਉਪਰੰਤ ਦਸਮੇਸ਼ ਗਿੱਲ ਫ਼ਿਰੋਜ਼ ਨੇ ਸੰਚਾਲਕ ਦੀ ਕਮਾਨ ਸੰਭਾਲੀ। ਉਨ੍ਹਾਂ ਨੇ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰਾਂ ਦੇ ਸ਼ਿਅਰਾਂ ਨਾਲ ਮਹਿਫ਼ਿਲ ਲਈ ਅਜਿਹੀ ਭੂਮਿਕਾ ਬੰਨ੍ਹੀ ਕਿ ਮੰਚ ਅਤੇ ਸਰੋਤਿਆਂ ਵਿਚਕਾਰਲੀ ਦੂਰੀ ਜਿਵੇਂ ਮਿਟ ਗਈ। ਉਨ੍ਹਾਂ ਦੀ ਸ਼ਾਇਰਾਨਾ ਤਬੀਅਤ, ਬੋਲਣ ਦਾ ਲਹਿਜ਼ਾ ਅਤੇ ਪੇਸ਼ਕਾਰੀ ਦੀ ਕਲਾ ਨੇ ਸਮੁੱਚੀ ਸ਼ਾਮ ਨੂੰ ਇੱਕ ਵਿਸ਼ੇਸ਼ ਰੰਗ ਬਖ਼ਸ਼ਿਆ।

ਇਸ ਕਾਵਿਕ ਮਹਿਫ਼ਲ ਵਿੱਚ ਨੂਰ ਬੱਲ, ਗੁਰਮੀਤ ਸਿੱਧੂ, ਹਰਦਮ ਮਾਨ, ਮਹਿੰਦਰਪਾਲ ਸਿੰਘ ਪਾਲ, ਬਲਦੇਵ ਸੀਹਰਾ, ਕੁਲਵਿੰਦਰ, ਦਸਮੇਸ਼ ਗਿੱਲ ਫ਼ਿਰੋਜ਼, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ, ਮਨਜੀਤ ਕੰਗ, ਨਰਿੰਦਰ ਭਾਗੀ, ਡਾ. ਗੁਰਮਿੰਦਰ ਸਿੱਧੂ, ਇੰਦਰਜੀਤ ਸਿੰਘ ਧਾਮੀ, ਅਫ਼ਜ਼ਲ ਬਸ਼ੀਰ ਬਾਜਵਾ, ਭੁਪਿੰਦਰ ਦੂਲੇ, ਕੁਲਵਿੰਦਰ ਖਹਿਰਾ ਅਤੇ ਜਸਵਿੰਦਰ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ। ਹਰ ਸ਼ਾਇਰ ਆਪਣੇ ਨਾਲ ਕਾਵਿਕ ਸ਼ਬਦਾਂ ਦਾ ਆਪਣਾ ਸੰਸਾਰ ਲੈ ਕੇ ਮੰਚ 'ਤੇ ਆਇਆ। ਮੁਹੱਬਤ ਦੀ ਰੌਸ਼ਨੀ, ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ, ਸਮਾਜਿਕ ਸਰੋਕਾਰਾਂ ਦੀ ਚਿੰਤਾ, ਮਨੁੱਖੀ ਰਿਸ਼ਤਿਆਂ ਦੀ ਗਰਮਾਹਟ ਅਤੇ ਹੋਰ ਵੱਖ-ਵੱਖ ਰੰਗਾਂ ਨੇ ਮਿਲ ਕੇ ਅਜੋਕੀ ਪੰਜਾਬੀ ਗ਼ਜ਼ਲ ਦਾ ਇੱਕ ਵਿਸ਼ਾਲ ਅਤੇ ਬਹੁ-ਰੰਗਾ ਚਿੱਤਰ ਸਰੋਤਿਆਂ ਸਾਹਮਣੇ ਰੱਖ ਦਿੱਤਾ।

ਕਦੇ ਕੋਈ ਸ਼ਿਅਰ ਹਾਲ ਵਿੱਚ ਖ਼ਾਮੋਸ਼ੀ ਭਰ ਦਿੰਦਾ ਅਤੇ ਕਿਸੇ ਸ਼ਿਅਰ 'ਤੇ ਤਾੜੀਆਂ ਦੀ ਗੂੰਜ ਛੱਤਾਂ ਨੂੰ ਛੂਹਣ ਲੱਗਦੀ ਗੰਭੀਰ ਅਤੇ ਸੰਜੀਦਾ ਸ਼ਾਇਰੀ ਨੂੰ ਮਿਲੀ ਭਰਵੀਂ ਦਾਦ ਇਸ ਗੱਲ ਦੀ ਗਵਾਹ ਬਣੀ ਕਿ ਪੰਜਾਬੀ ਸ਼ਾਇਰੀ ਅੱਜ ਵੀ ਦਿਲਾਂ ਵਿੱਚ ਆਪਣੀ ਡੂੰਘੀ ਥਾਂ ਰੱਖਦੀ ਹੈ। ਇਸ ਸਾਰੀ ਕਾਵਿਕ ਫ਼ਿਜ਼ਾ ਨੂੰ ਆਪਣੀ ਪੇਸ਼ਕਾਰੀ ਨਾਲ ਜੋੜੀ ਰੱਖਣ ਵਾਲੇ ਦਸਮੇਸ਼ ਗਿੱਲ ਫ਼ਿਰੋਜ਼ ਦੀ ਸ਼ਾਇਰਾਨਾ ਤਬੀਅਤ ਨੇ ਵੀ ਸਰੋਤਿਆਂ ਨੂੰ ਖ਼ੂਬ ਮੋਹਿਆ। ਉਨ੍ਹਾਂ ਦਾ ਸੰਚਾਲਨ ਸਿਰਫ਼ ਮੰਚ ਸੰਚਾਲਨ ਹੀ ਨਹੀਂ ਸੀ, ਸਗੋਂ ਖ਼ੁਦ ਸ਼ਾਇਰੀ ਦੀ ਇੱਕ ਲਗਾਤਾਰ ਵਹਿੰਦੀ ਧਾਰਾ ਬਣਿਆ ਰਿਹਾ।

ਅੰਤ ਵਿੱਚ ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਗ਼ਜ਼ਲ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ਾਂ ਅਤੇ ਥੋੜ੍ਹੇ ਸਮੇਂ ਵਿੱਚ ਹਾਸਲ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਇਸ ਸ਼ਾਇਰਾਨਾ ਸ਼ਾਮ ਨੂੰ ਭਰਵਾਂ ਹੁੰਗਾਰਾ ਦੇਣ ਵਾਲੇ ਸਾਰੇ ਸਹਿਯੋਗੀਆਂ, ਸ਼ਾਇਰਾਂ ਅਤੇ ਸਰੋਤਿਆਂ ਦਾ ਦਿਲੋਂ ਧੰਨਵਾਦ ਕੀਤਾ। ਜਸਵਿੰਦਰ ਨੇ ਕਿਹਾ ਕਿ ਪੰਜਾਬੀ ਸ਼ਾਇਰੀ ਲਈ ਮਾਣਮੱਤੀ ਹੋ ਨਿੱਬੜੀ ਇਸ ਸ਼ਾਮ ਦਾ ਅਸਲ ਸਿਹਰਾ ਕਵਿਤਾ ਦੇ ਕਦਰਦਾਨ ਸਰੋਤਿਆਂ ਦੇ ਸਿਰ ਬੱਝਦਾ ਹੈ। ਗ਼ਜ਼ਲ ਦੇ ਪ੍ਰੇਮੀਆਂ ਵੱਲੋਂ ਮਿਲਿਆ ਇਹ ਪਿਆਰ ਅਤੇ ਸਤਿਕਾਰ ਸ਼ਾਇਰਾਂ ਦੀ ਕਾਵਿ-ਉਡਾਰੀ ਲਈ ਨਵਾਂ ਹੌਸਲਾ ਬਣੇਗਾ ਅਤੇ ਸ਼ਾਇਰੀ ਦੀ ਇਹ ਰੌਸ਼ਨੀ ਹੋਰ ਦੂਰ ਤੱਕ ਫੈਲੇਗੀ। ਉਨ੍ਹਾਂ ਕਿਹਾ ਕਿ ਸ਼ਬਦਾਂ, ਸੁਰਾਂ, ਮੁਹੱਬਤ ਅਤੇ ਸਰੋਤਿਆਂ ਦੀ ਸਾਂਝ ਨਾਲ ਸਜੀ ਇਹ ਸ਼ਾਮ ਅਜਿਹੀ ਯਾਦ ਬਣ ਗਈ, ਜਿਸ ਦੀ ਮਹਿਕ ਦੇਰ ਤੱਕ ਕਾਵਿ ਪ੍ਰੇਮੀਆਂ ਦੇ ਦਿਲਾਂ ਵਿੱਚ ਵੱਸਦੀ ਰਹੇਗੀ। ਇਸ ਮੌਕੇ ਗ਼ਜ਼ਲ ਮੰਚ ਵੱਲੋਂ ਮਹਿਮਾਨ ਸ਼ਾਇਰਾਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।

# ਪ੍ਰੋਗਰੈਸਿਵ ਆਰਟ ਕਲੱਬ ਸਰੀ ਵੱਲੋਂ ਪ੍ਰਭਾਵਸ਼ਾਲੀ ਨਾਟਕ 'ਜੰਨਤ' ਦੀ ਪੇਸ਼ਕਾਰੀ

## ਪਰਵਾਸੀ ਜੀਵਨ ਦੀਆਂ ਹਕੀਕਤਾਂ ਨੂੰ ਮੰਚ 'ਤੇ ਉਤਾਰਿਆ



**ਸਰੀ, (ਹਰਦਮ ਮਾਨ)–** ਪ੍ਰੋਗਰੈਸਿਵ ਆਰਟ ਕਲੱਬ ਸਰੀ ਵੱਲੋਂ ਬੀਤੇ ਦਿਨ ਸਰੀ ਆਰਟ ਸੈਂਟਰ ਵਿਖੇ ਇੱਕ ਪ੍ਰਭਾਵਸ਼ਾਲੀ ਨਾਟਕ 'ਜੰਨਤ' ਪੇਸ਼ ਕੀਤਾ ਗਿਆ। ਪਰਮਿੰਦਰ ਸਵੈਚ ਵੱਲੋਂ ਲਿਖੇ ਅਤੇ ਜਸਕਰਨ ਤੇ ਨਵਦੀਪ ਵੱਲੋਂ ਨਿਰਦੇਸ਼ਿਤ ਇਸ ਨਾਟਕ ਨੂੰ ਸੈਂਕੜੇ ਦਰਸ਼ਕਾਂ ਨੇ ਡੂੰਘੀ ਦਿਲਚਸਪੀ ਅਤੇ ਗੰਭੀਰਤਾ ਨਾਲ ਮਾਣਿਆ। ਨਾਟਕ ਦੀ ਪੇਸ਼ਕਾਰੀ ਦੌਰਾਨ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਅਤੇ ਹੁੰਗਾਰੇ ਨੇ ਕਲਾਕਾਰਾਂ ਦਾ ਉਤਸ਼ਾਹ ਵਧਾਇਆ।

'ਜੰਨਤ' ਅਜੋਕੇ ਪਰਵਾਸੀ ਜੀਵਨ ਦੀਆਂ ਕਈ ਪਰਤਾਂ ਨੂੰ ਮੰਚ 'ਤੇ ਉਜਾਗਰ ਕਰਨ ਵਾਲੀ ਪੇਸ਼ਕਾਰੀ ਬਣ ਕੇ ਸਾਹਮਣੇ ਆਇਆ। ਨਾਟਕ ਵਿੱਚ ਪੰਜਾਬ ਤੋਂ ਕੈਨੇਡਾ ਆਉਣ ਵਾਲੇ ਪਰਵਾਸੀਆਂ ਦੀਆਂ ਉਮੀਦਾਂ, ਇੱਥੇ ਪਹੁੰਚ ਕੇ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਬਦਲਦੇ ਸਮਾਜਿਕ ਹਾਲਾਤਾਂ ਨੂੰ ਵੱਖ-ਵੱਖ ਪੱਖਾਂ ਤੋਂ ਛੋਹਿਆ ਗਿਆ। ਖ਼ਾਸ ਤੌਰ 'ਤੇ ਪਿਛਲੇ ਸਮੇਂ ਦੌਰਾਨ ਕੈਨੇਡਾ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਥਿਤੀ ਅਤੇ ਉਨ੍ਹਾਂ ਨਾਲ ਜੁੜੇ ਸਮਾਜਿਕ ਤੇ ਆਰਥਿਕ ਮਸਲਿਆਂ ਨੂੰ ਨਾਟਕ ਨੇ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ। ਵਿਦੇਸ਼ੀ ਧਰਤੀ 'ਤੇ ਸੁਨਹਿਰੇ ਭਵਿੱਖ ਦੇ ਸੁਪਨੇ ਲੈ ਕੇ ਆਉਣ ਵਾਲੇ ਨੌਜਵਾਨਾਂ ਦੀਆਂ ਆਸਾਂ, ਸੰਘਰਸ਼, ਬੇਵਸੀ ਅਤੇ ਕਈ ਪੱਧਰਾਂ 'ਤੇ ਹੋ ਰਹੇ ਸ਼ੋਸ਼ਣ ਨੂੰ ਨਾਟਕੀ ਅੰਦਾਜ਼ ਵਿੱਚ ਦਰਸ਼ਕਾਂ ਸਾਹਮਣੇ ਰੱਖਿਆ ਗਿਆ।

ਇਸ ਦੇ ਨਾਲ ਹੀ ਨਾਟਕ ਵਿੱਚ ਪੰਜਾਬ ਅਤੇ ਕੈਨੇਡਾ ਦੇ ਮੌਜੂਦਾ ਸਮਾਜਿਕ ਹਾਲਾਤ ਨਾਲ ਸਬੰਧਤ ਕਈ ਵਿਸ਼ਿਆਂ ਨੂੰ ਵੀ ਛੋਹਿਆ ਗਿਆ। ਲੇਖਕ ਨੇ ਵੱਖ-ਵੱਖ ਘਟਨਾਵਾਂ ਅਤੇ ਪਾਤਰਾਂ ਰਾਹੀਂ ਅਜੋਕੇ ਸਮੇਂ ਦੇ ਕਈ ਸਵਾਲ ਦਰਸ਼ਕਾਂ ਦੇ ਸਾਹਮਣੇ ਰੱਖੇ, ਜਿਨ੍ਹਾਂ ਨੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕੀਤਾ। ਨਾਟਕ ਵਿੱਚ ਸੰਤੋਖ ਸਿੰਘ ਢੇਸੀ, ਕੁਲਦੀਪ ਟੋਨੀ, ਹਰਪ੍ਰੀਤ ਆਹਲੂਵਾਲੀਆ, ਸਿਮਰਨ ਕਰਾਂਤੀ, ਕਮਲਜੀਤ ਸਿੰਘ ਸੰਧੂ, ਮਨੀ ਸੂਖਮ, ਸਮੀਰ, ਬੀਰ ਬਟਾਲਵੀ, ਜਸ਼ਨਪ੍ਰੀਤ, ਨਵਜੀਤ ਅਤੇ ਜਸਬੀਰ ਮਾਨ ਨੇ ਆਪਣੀ ਅਦਾਕਾਰੀ ਰਾਹੀਂ ਪਾਤਰਾਂ ਨੂੰ ਜੀਵੰਤ ਕੀਤਾ। ਕਲਾਕਾਰਾਂ ਦੀ ਮੰਚ 'ਤੇ ਪੇਸ਼ਕਾਰੀ, ਸੰਵਾਦ ਅਦਾਇਗੀ ਅਤੇ ਸਾਂਝੀ ਟੀਮ ਵਰਕ ਨੇ ਨਾਟਕ ਦੇ ਪ੍ਰਭਾਵ ਨੂੰ ਹੋਰ ਗਹਿਰਾ ਕੀਤਾ।

ਜੰਨਤ' ਦੀ ਪੇਸ਼ਕਾਰੀ ਨੇ ਇਹ ਵੀ ਦਰਸਾਇਆ ਕਿ ਰੰਗਮੰਚ ਸਿਰਫ਼ ਮਨੋਰੰਜਨ ਨਹੀਂ, ਸਗੋਂ ਸਮਾਜ ਦੇ ਅੰਦਰਲੇ ਸਵਾਲਾਂ ਨੂੰ ਆਵਾਜ਼ ਦੇਣ ਅਤੇ ਦਰਸ਼ਕਾਂ ਨੂੰ ਆਪਣੇ ਸਮੇਂ ਨਾਲ ਸੰਵਾਦ ਕਰਨ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹੈ। ਪ੍ਰੋਗਰੈਸਿਵ ਆਰਟ ਕਲੱਬ ਸਰੀ ਦੀ ਇਹ ਪੇਸ਼ਕਾਰੀ ਪਰਵਾਸੀ ਜੀਵਨ ਦੀਆਂ ਹਕੀਕਤਾਂ ਨੂੰ ਮੰਚ ਦੀ ਰੌਸ਼ਨੀ ਵਿੱਚ ਲਿਆਉਣ ਵਾਲੀ ਇੱਕ ਸਾਰਥਿਕ ਕੋਸ਼ਿਸ਼ ਵਜੋਂ ਯਾਦ ਰਹੇਗੀ।

# ਮਾਤਾ ਚਰਨਜੀਤ ਕੌਰ ਗਿੱਲ ਦਾ ਸਦੀਵੀ ਵਿਛੋੜਾ, ਅੰਤਿਮ ਸੰਸਕਾਰ 27 ਸਤੰਬਰ ਨੂੰ ਐਡਮੰਟਨ ਵਿਖੇ

**ਐਡਮੰਟਨ, ਅਲਬਰਟਾ (ਮਾਂਗਟ )** ਤਲਵਿੰਦਰ ਸਿੰਘ ਗਿੱਲ ਤੇ ਹਰਜੀਤ ਸਿੰਘ ਗਿੱਲ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਦੇ ਮਾਤਾ ਚਰਨਜੀਤ ਕੌਰ ਗਿੱਲ ਦਾ 21 ਸਤੰਬਰ, 2026 ਨੂੰ ਅਚਾਨਕ ਦਿਹਾਂਤ ਹੋ ਗਿਆ। ਸਵਰਗਵਾਸੀ ਮਾਤਾ ਚਰਨਜੀਤ ਕੌਰ ਗਿੱਲ ਆਪਣੇ ਪਿੱਛੇ ਦੋ ਲੜਕੇ ਤਲਵਿੰਦਰ ਸਿੰਘ, ਹਰਜੀਤ ਸਿੰਘ ਗਿੱਲ ਤੇ ਇੱਕ ਲੜਕੀ ਹਰਵਿੰਦਰ ਕੌਰ ਦਾ ਭਰਿਆਂ ਬਾਗ ਪਰਿਵਾਰ ਛੱਡ ਗਏ ਹਨ| ਉਨ੍ਹਾਂ ਦਾ ਪਿਛਲਾ ਪਿੰਡ ਲੁਧਿਆਣਾ ਜ਼ਿਲ੍ਹਾ ਦੇ ਪਿੰਡ ਪਿਰਥੀਪੁਰ ਸੀ, ਉਹ ਪਿਛਲੇ ਲੰਮੇਂ ਸਮੇਂ ਤੋਂ ਆਪਣੇ ਬੇਟੇ ਹਰਜੀਤ ਗਿੱਲ



ਕੋਲ ਰਹਿੰਦੇ ਸਨ|

ਪਰਿਵਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਚਰਨਜੀਤ ਕੌਰ ਗਿੱਲ ਦਾ ਅੰਤਿਮ ਸੰਸਕਾਰ ਐਤਵਾਰ, 27 ਸਤੰਬਰ, 2026 ਨੂੰ ਸਵੇਰੇ 1ਵਜੇ Edmonton Crematorium & Funeral Home, 6403 Roper Rd NW, Edmonton, AB ਵਿਖੇ ਕੀਤਾ ਜਾਵੇਗਾ।

ਇਸ ਉਪਰੰਤ ਦੁਪਹਿਰ 3 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਠ ਅਤੇ ਅਰਦਾਸ ਹੋਵੇਗੀ। ਵਧੇਰੇ ਜਾਣਕਾਰੀ ਲਈ ਉਹਨਾਂ ਦੇ ਬੇਟੇ ਹਰਜੀਤ ਗਿੱਲ ਨਾਲ 780-340-6080 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇਗਨਾਈਟ ਏ ਡਰੀਮ' ਐਜੂਕੇਸ਼ਨਲ ਐਵਾਰਡਜ਼ ਰਾਹੀਂ ਸਰੀ ਦੇ ਬੱਚਿਆਂ ਲਈ ਸਿੱਖਿਆ ਦੇ ਮੌਕਿਆਂ ਨੂੰ ਹੁਲਾਰਾ

## ਸਰੀ ਫਾਇਰ ਫਾਈਟਰਜ਼ ਦੇ ਕਮਿਊਨਿਟੀ ਸਮਾਗਮ ਵਿੱਚ ਮੇਅਰ ਸਮੇਤ ਹੋਰ ਪਤਵੰਤਿਆਂ ਨੇ ਕੀਤੀ ਸ਼ਿਰਕਤ





**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਫਾਇਰ ਫਾਈਟਰਜ਼ ਵੱਲੋਂ ਕਰਵਾਏ ਗਏ ਇੱਕ ਕਮਿਊਨਿਟੀ ਸਮਾਗਮ ਦੌਰਾਨ "ਇਗਨਾਈਟ ਏ ਡਰੀਮ" (ਙਗਨਿਟੲ ੳ ਧਰੲੳਮ) ਐਜੂਕੇਸ਼ਨਲ ਐਵਾਰਡਜ਼ ਨੂੰ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ ਗਿਆ। ਸਮਾਗਮ ਵਿੱਚ ਸਰੀ ਦੇ ਮੇਅਰ, ਫਾਇਰ ਫਾਈਟਰਜ਼ ਅਤੇ ਹੋਰ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬੱਚਿਆਂ ਅਤੇ ਨੌਜਵਾਨਾਂ ਲਈ ਸਿੱਖਿਆ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ।

"ਇਗਨਾਈਟ ਏ ਡਰੀਮ" ਪ੍ਰੋਗਰਾਮ ਦਾ ਮੁੱਖ ਮਕਸਦ ਉਨ੍ਹਾਂ ਰੁਕਾਵਟਾਂ ਨੂੰ ਘਟਾਉਣਾ ਹੈ, ਜਿਨ੍ਹਾਂ ਕਾਰਨ ਕਈ ਬੱਚੇ ਸਿੱਖਿਆ ਦੇ ਮੌਕਿਆਂ ਤੋਂ ਵਾਂਝੇ ਰਹਿ ਜਾਂਦੇ ਹਨ। ਵਿੱਤੀ ਅਤੇ ਸਿੱਖਿਆ ਸਬੰਧੀ ਸਹਾਇਤਾ ਰਾਹੀਂ ਇਹ ਪਹਿਲ ਯੋਗ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ, ਆਪਣੀ ਪ੍ਰਤਿਭਾ ਨੂੰ ਨਿਖਾਰਨ ਅਤੇ ਭਵਿੱਖ ਦੇ ਟੀਚਿਆਂ ਵੱਲ ਅੱਗੇ ਵਧਣ ਵਿੱਚ ਮਦਦ ਕਰਨ ਲਈ ਸ਼ੁਰੂ ਕੀਤੀ ਗਈ ਹੈ।

ਇਸ ਪਹਿਲ ਪਿੱਛੇ ਇਹ ਸੋਚ ਹੈ ਕਿ ਸਿੱਖਿਆ ਵਿਅਕਤੀਆਂ ਦੇ ਨਾਲ-ਨਾਲ ਪਰਿਵਾਰਾਂ ਅਤੇ ਸਮੁੱਚੇ ਸਮਾਜ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਜਿਹੜੇ ਮੌਕੇ ਆਰਥਿਕ ਜਾਂ ਹੋਰ ਕਾਰਨਾਂ ਕਰਕੇ ਬੱਚਿਆਂ ਲਈ ਉਪਲਬਧ ਨਹੀਂ ਹੋ ਸਕਦੇ, ਉਨ੍ਹਾਂ ਤੱਕ ਪਹੁੰਚ ਬਣਾਉਣ ਵਿੱਚ ਇਹ ਐਵਾਰਡ ਸਹਾਇਕ ਬਣਨ ਦਾ ਉਦੇਸ਼ ਰੱਖਦੇ ਹਨ।

ਸਰੀ ਫਾਇਰ ਫਾਈਟਰਜ਼ ਦੀ ਇਸ ਪਹਿਲ ਵਿੱਚ ਭਾਗੀਦਾਰੀ ਨੇ ਬੱਚਿਆਂ ਦੀ ਸਹਾਇਤਾ ਅਤੇ ਸਮਾਜਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਕਮਿਊਨਿਟੀ ਸੰਸਥਾਵਾਂ ਦੀ ਭੂਮਿਕਾ ਨੂੰ ਵੀ ਸਾਹਮਣੇ ਲਿਆਂਦਾ। ਸਰੀ ਦੇ ਮੇਅਰ ਅਤੇ ਹੋਰ ਪਤਵੰਤਿਆਂ ਦੀ ਹਾਜ਼ਰੀ ਨੇ ਨਵੀਂ ਪੀੜ੍ਹੀ ਲਈ ਬਿਹਤਰ ਮੌਕੇ ਪੈਦਾ ਕਰਨ ਵਾਸਤੇ ਆਪਸੀ ਸਹਿਯੋਗ ਦੀ ਮਹੱਤਤਾ ਨੂੰ ਦਰਸਾਇਆ।

ਪ੍ਰਬੰਧਕਾਂ ਅਨੁਸਾਰ "ਇਗਨਾਈਟ ਏ ਡਰੀਮ" ਦਾ ਮਕਸਦ ਸਿਰਫ਼ ਅਕਾਦਮਿਕ ਪ੍ਰਾਪਤੀਆਂ ਤੱਕ ਸੀਮਤ ਨਹੀਂ ਹੈ। ਐਵਾਰਡ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ ਆਪਣੀ ਸਿੱਖਿਆ ਅਤੇ ਤਜਰਬੇ ਰਾਹੀਂ ਸਮਾਜ ਦੇ ਸਰਗਰਮ ਅਤੇ ਜ਼ਿੰਮੇਵਾਰ ਮੈਂਬਰ ਬਣਨ ਦੇ ਨਾਲ ਭਵਿੱਖ ਵਿੱਚ ਆਪਣੀ ਕਮਿਊਨਿਟੀ ਨੂੰ ਵਾਪਸ ਯੋਗਦਾਨ ਪਾਉਣ ਲਈ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ। "ਇਗਨਾਈਟ ਏ ਡਰੀਮ" ਐਜੂਕੇਸ਼ਨਲ ਐਵਾਰਡਜ਼ ਦਾ ਕੇਂਦਰੀ ਸੁਨੇਹਾ ਇਹ ਹੈ ਕਿ ਹਰ ਬੱਚੇ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਿੱਖਿਆ ਅਤੇ ਲੋੜੀਂਦਾ ਸਹਿਯੋਗ ਮਿਲਣਾ ਚਾਹੀਦਾ ਹੈ, ਤਾਂ ਜੋ ਉਹ ਮੌਜੂਦਾ ਹਾਲਾਤਾਂ ਦੀਆਂ ਰੁਕਾਵਟਾਂ ਤੋਂ ਅੱਗੇ ਵਧ ਕੇ ਆਪਣੀ ਸਮਰੱਥਾ ਅਨੁਸਾਰ ਭਵਿੱਖ ਸਿਰਜ ਸਕੇ।

# ਜੈਕਾਰਿਆਂ ਦੀ ਗੂੰਜ 'ਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਦੀ ਨਵੀਂ ਇਮਾਰਤ ਦਾ ਨਿਰਮਾਣ ਆਰੰਭ

**ਪੰਜ ਪਿਆਰਿਆਂ ਦੀ ਹਾਜ਼ਰੀ 'ਚ ਹੋਈ ਅਰਦਾਸ; ਪ੍ਰੀਮੀਅਰ ਡੇਵਿਡ ਈਬੀ, ਮੇਅਰ ਬਰੈਂਡਾ ਲੌਕ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਤੇ ਪਤਵੰਤਿਆਂ ਨੇ ਭਰੀ ਹਾਜ਼ਰੀ**





**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ )** — ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਕਾਰਜ ਗੁਰੂ ਸਾਹਿਬ ਦਾ ਓਟ-ਆਸਰਾ ਲੈਂਦਿਆਂ ਅਤੇ ਸੰਗਤਾਂ ਦੇ ਜੈਕਾਰਿਆਂ ਦੀ ਗੂੰਜ ਵਿਚ ਰਸਮੀ ਤੌਰ 'ਤੇ ਆਰੰਭ ਹੋ ਗਿਆ। ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਣ ਮੌਕੇ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿੱਚ ਵੱਡੀ ਗਿਣਤੀ 'ਚ ਸਿੱਖ ਸੰਗਤਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ।

ਪੰਜ ਪਿਆਰਿਆਂ ਦੀ ਹਾਜ਼ਰੀ ਵਿੱਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸੁਖਵਿੰਦਰ ਸਿੰਘ ਜੀ ਵੱਲੋਂ ਨਵੀਂ ਇਮਾਰਤ ਦੀ ਉਸਾਰੀ ਦੀ ਆਰੰਭਤਾ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸੰਗਤਾਂ ਨੇ ਗੁਰੂ ਚਰਨਾਂ ਵਿੱਚ ਨਤਮਸਤਕ ਹੁੰਦਿਆਂ ਨਵੇਂ ਪ੍ਰੋਜੈਕਟ ਦੀ ਸਫਲਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

ਸਮਾਗਮ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਅਤੇ ਉਨ੍ਹਾਂ ਦੀ ਸਰਕਾਰ ਦੇ ਨੁਮਾਇੰਦਿਆਂ ਤੋਂ ਇਲਾਵਾ ਸਰੀ ਦੀ ਮੇਅਰ ਬਰੈਂਡਾ ਲੌਕ ਅਤੇ ਕੌਂਸਲ ਮੈਂਬਰਾਂ ਨੇ ਵੀ ਹਾਜ਼ਰੀ ਭਰੀ। ਇਸ ਤੋਂ ਇਲਾਵਾ ਕੈਨੇਡਾ ਦੇ ਸੈਨੇਟ ਮੈਂਬਰ ਤੇਜ ਸਿੰਘ ਢਿੱਲੋਂ, ਸੰਸਦ ਮੈਂਬਰ ਸੁਖ ਧਾਲੀਵਾਲ, ਰਣਦੀਪ ਸਿੰਘ ਸਰਾਏ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਸਮਾਗਮ ਵਿੱਚ ਸ਼ਾਮਲ ਹੋਏ।

ਨਵੀਂ ਇਮਾਰਤ ਦੀ ਉਸਾਰੀ ਦੀ ਆਰੰਭਤਾ ਨੂੰ ਲੈ ਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸਮਾਗਮ ਦੌਰਾਨ ਬੋਲੇ ਗਏ ਜੈਕਾਰਿਆਂ ਨਾਲ ਪੂਰਾ ਮਾਹੌਲ ਗੂੰਜ ਉੱਠਿਆ। ਗੁਰੂ ਸਾਹਿਬ ਦੀ ਅਸੀਸ ਅਤੇ ਸੰਗਤਾਂ ਦੀ ਭਰਵੀਂ ਸ਼ਮੂਲੀਅਤ ਨਾਲ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਬੀ.ਸੀ. ਕੰਸਰਵੇਟਿਵਜ਼ 'ਚ ਸਿਆਸੀ ਹਲਚਲ ਤੇਜ਼, ਕੈਰੀ-ਲਿਨ ਫਿੰਡਲੀ ਨੇ ਛੱਡੀ ਲੀਡਰਸ਼ਿਪ

**ਐਬਟਸਫੋਰਡ-ਮਿਸ਼ਨ ਉਪ-ਚੋਣ ਵਿੱਚ ਪਾਰਟੀ ਉਮੀਦਵਾਰ ਵਜੋਂ ਬਣੀ ਰਹੇਗੀ ਫਿੰਡਲੀ**



**ਵੈਨਕੂਵਰ (ਬੀ.ਸੀ. ਨਿਊਜ਼ ਬਿਊਰੋ)** — ਬੀ.ਸੀ. ਕੰਸਰਵੇਟਿਵ ਪਾਰਟੀ ਵਿੱਚ ਪਿਛਲੇ ਕੁਝ ਸਮੇਂ ਤੋਂ ਚੱਲ ਰਹੇ ਅੰਦਰੂਨੀ ਟਕਰਾਅ ਦਰਮਿਆਨ ਕੈਰੀ-ਲਿਨ ਫਿੰਡਲੀ ਨੇ ਪਾਰਟੀ ਆਗੂ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਐਤਵਾਰ ਨੂੰ ਜਾਰੀ ਬਿਆਨ ਵਿੱਚ ਆਪਣੇ ਫੈਸਲੇ ਦਾ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਅਸਤੀਫ਼ਾ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

ਫਿੰਡਲੀ ਦੇ ਅਸਤੀਫ਼ੇ ਤੋਂ ਕੁਝ ਘੰਟੇ ਪਹਿਲਾਂ ਸਰੀ-ਸਰਪੈਂਟਾਈਨ ਰਿਵਰ ਤੋਂ ਵਿਧਾਇਕ ਲਿੰਡਾ ਹੈਪਨਰ ਨੇ ਵੀ ਬੀ.ਸੀ. ਕੰਸਰਵੇਟਿਵ ਕਾਕਸ ਛੱਡਣ ਦਾ ਐਲਾਨ ਕੀਤਾ ਸੀ। ਪਾਰਟੀ ਵਿੱਚ ਹਾਲੀਆ ਹਫ਼ਤਿਆਂ ਦੌਰਾਨ ਕਈ ਵਿਧਾਇਕਾਂ ਦੇ ਵੱਖ ਹੋਣ ਕਾਰਨ ਅੰਦਰੂਨੀ ਵਿਵਾਦ ਹੋਰ ਤੇਜ਼ ਹੋਇਆ ਹੈ।

ਆਪਣੇ ਬਿਆਨ ਵਿੱਚ ਫਿੰਡਲੀ ਨੇ ਕਿਹਾ ਕਿ ਲੀਡਰਸ਼ਿਪ ਵਿੱਚ ਇੱਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਇਹ ਸੋਚਣਾ ਪੈਂਦਾ ਹੈ ਕਿ ਸੰਘਰਸ਼ ਨੂੰ ਜਾਰੀ ਰੱਖਣਾ ਉਨ੍ਹਾਂ ਲੋਕਾਂ ਅਤੇ ਮਕਸਦ ਦੀ ਸੇਵਾ ਕਰ ਰਿਹਾ ਹੈ ਜਾਂ ਨਹੀਂ, ਜਿਸ ਲਈ ਕੋਈ ਜਨਤਕ ਜੀਵਨ ਵਿੱਚ ਆਇਆ ਹੈ। ਉਨ੍ਹਾਂ ਕਿਹਾ ਕਿ ਉਹ ਹੁਣ ਉਸ ਪੜਾਅ 'ਤੇ ਪਹੁੰਚ ਗਏ ਹਨ ਜਿੱਥੇ ਅਹੁਦੇ ਤੋਂ ਪਿੱਛੇ ਹਟਣਾ ਉਨ੍ਹਾਂ ਨੂੰ ਸਹੀ ਫੈਸਲਾ ਲੱਗਦਾ ਹੈ।

ਫਿੰਡਲੀ ਨੇ ਇਹ ਵੀ ਮੰਨਿਆ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਲਏ ਗਏ ਕੁਝ ਫੈਸਲੇ ਉਹ ਪਿੱਛੇ ਮੁੜ ਕੇ ਦੇਖਣ 'ਤੇ ਵੱਖਰੇ ਢੰਗ ਨਾਲ ਲੈ ਸਕਦੇ ਸਨ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਹੁਣ ਨਵੇਂ ਸਿਰੇ ਤੋਂ ਇਕਜੁੱਟ ਹੋਣ ਅਤੇ ਆਪਣਾ ਧਿਆਨ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨਾਲ ਜੁੜੇ ਮੁੱਦਿਆਂ ਵੱਲ ਕੇਂਦਰਿਤ ਕਰਨ ਦੀ ਲੋੜ ਹੈ।

ਹਾਲਾਂਕਿ ਪਾਰਟੀ ਦੀ ਲੀਡਰਸ਼ਿਪ ਛੱਡਣ ਦੇ ਬਾਵਜੂਦ ਫਿੰਡਲੀ ਨੇ ਸਪੱਸ਼ਟ ਕੀਤਾ ਹੈ ਕਿ ਉਹ 26 ਸਤੰਬਰ ਨੂੰ ਹੋਣ ਵਾਲੀ ਐਬਟਸਫੋਰਡ-ਮਿਸ਼ਨ ਉਪ-ਚੋਣ ਵਿੱਚ ਬੀ.ਸੀ. ਕੰਸਰਵੇਟਿਵ ਪਾਰਟੀ ਦੀ ਉਮੀਦਵਾਰ ਬਣੀ ਰਹੇਗੀ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਵੋਟਰਾਂ ਦਾ ਭਰੋਸਾ ਹਾਸਲ ਕਰਨ ਲਈ ਆਪਣੀ ਚੋਣ ਮੁਹਿੰਮ ਜਾਰੀ ਰੱਖੇਗੀ।

ਫਿੰਡਲੀ 30 ਮਈ 2026 ਨੂੰ ਬੀ.ਸੀ. ਕੰਸਰਵੇਟਿਵ ਪਾਰਟੀ ਦੀ ਆਗੂ ਚੁਣੀ ਗਈ ਸੀ। ਉਨ੍ਹਾਂ ਦਾ ਕਾਰਜਕਾਲ ਚਾਰ ਮਹੀਨਿਆਂ ਤੋਂ ਵੀ ਘੱਟ ਸਮੇਂ ਦਾ ਰਿਹਾ ਅਤੇ ਇਸ ਦੌਰਾਨ ਪਾਰਟੀ ਅੰਦਰ ਵਿਧਾਇਕਾਂ ਦੇ ਅਸਤੀਫ਼ਿਆਂ ਅਤੇ ਕਾਕਸ ਵਿੱਚੋਂ ਕੱਢੇ ਜਾਣ ਦੀਆਂ ਘਟਨਾਵਾਂ ਕਾਰਨ ਸਿਆਸੀ ਉਥਲ-ਪੁਥਲ ਜਾਰੀ ਰਹੀ।

ਹਾਲ ਹੀ ਵਿੱਚ ਟ੍ਰੇਵਰ ਹੈਲਫੋਰਡ, ਕਲੇਅਰ ਰੈਟੀ ਅਤੇ ਸਾਬਕਾ ਪਾਰਟੀ ਆਗੂ ਜੌਨ ਰਸਟਡ ਨੂੰ ਕਾਕਸ ਵਿੱਚੋਂ ਹਟਾਏ ਜਾਣ ਤੋਂ ਬਾਅਦ ਸਰੀ-ਸਰਪੈਂਟਾਈਨ ਰਿਵਰ ਦੀ ਵਿਧਾਇਕ ਲਿੰਡਾ ਹੈਪਨਰ ਨੇ ਵੀ ਕਾਕਸ ਛੱਡ ਦਿੱਤਾ। ਹੈਪਨਰ ਨੇ ਆਪਣੇ ਫੈਸਲੇ ਪਿੱਛੇ ਪਾਰਟੀ ਲੀਡਰਸ਼ਿਪ ਵੱਲੋਂ ਵੱਖਰੇ ਵਿਚਾਰਾਂ ਅਤੇ ਤਜਰਬੇਕਾਰ ਆਵਾਜ਼ਾਂ ਨੂੰ ਸੁਣਨ ਸਬੰਧੀ ਆਪਣੀਆਂ ਚਿੰਤਾਵਾਂ ਦਾ ਹਵਾਲਾ ਦਿੱਤਾ।

ਇਸ ਦੌਰਾਨ ਪਾਰਟੀ ਛੱਡ ਚੁੱਕੇ ਕੁਝ ਵਿਧਾਇਕ ਛਣਨਟਰੲਬਛ ਨਾਲ ਜੁੜ ਗਏ ਹਨ, ਜਿਸ ਨਾਲ ਬੀ.ਸੀ. ਦੀ ਸੂਬਾਈ ਸਿਆਸਤ ਵਿੱਚ ਨਵੇਂ ਸਿਆਸੀ ਸਮੀਕਰਨ ਬਣ ਰਹੇ ਹਨ।

ਜ਼ਿਕਰਯੋਗ ਹੈ ਕਿ ਐਬਟਸਫੋਰਡ-ਮਿਸ਼ਨ ਉਪ-ਚੋਣ ਲਈ ਆਖਰੀ ਵੋਟਿੰਗ ਦਿਨ 26 ਸਤੰਬਰ 2026 ਹੈ। Elections BC ਮੁਤਾਬਕ ਫਿੰਡਲੀ ਇਸ ਹਲਕੇ ਵਿੱਚ Conservative Party ਦੀ ਅਧਿਕਾਰਤ ਉਮੀਦਵਾਰ ਵਜੋਂ ਦਰਜ ਹੈ।

# ਸਰੀ ਚੋਣਾਂ ਲਈ ਸੇਫ ਸਰੀ ਕੋਲੀਸ਼ਨ ਨੇ ਤੇਜ਼ ਕੀਤੀ ਮੁਹਿੰਮ, ਚੋਣ ਦਫ਼ਤਰ ਦਾ ਉਦਘਾਟਨ

**ਡੱਗ ਮੈਕਲਮ ਨੇ ਟੀਮ ਸਮੇਤ ਪੇਸ਼ ਕੀਤੀਆਂ ਚੋਣ ਤਰਜੀਹਾਂ, ਸਮਰਥਕਾਂ ਦੀ ਰਹੀ ਵੱਡੀ ਹਾਜ਼ਰੀ**




**ਸਰੀ (ਬੀਸੀ ਪੰਜਾਬੀ ਨਿਊਜ਼ ਬਿਊਰੋ)** — ਸਰੀ ਸਿਟੀ ਦੀਆਂ 17 ਅਕਤੂਬਰ ਨੂੰ ਹੋਣ ਵਾਲੀਆਂ ਮਿਊਂਸਪਲ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸੇ ਲੜੀ ਤਹਿਤ ਸਾਬਕਾ ਮੇਅਰ ਅਤੇ ਮੇਅਰ ਅਹੁਦੇ ਦੇ ਉਮੀਦਵਾਰ ਡੱਗ ਮੈਕਲਮ ਦੀ ਅਗਵਾਈ ਵਾਲੀ ਸੇਫ ਸਰੀ ਕੋਲੀਸ਼ਨ ਵੱਲੋਂ ਆਪਣੇ ਚੋਣ ਦਫ਼ਤਰ ਦਾ ਉਦਘਾਟਨ ਕੀਤਾ ਗਿਆ। ਸਮਾਗਮ ਵਿੱਚ ਸਲੇਟ ਦੇ ਉਮੀਦਵਾਰਾਂ ਦੇ ਨਾਲ ਵੱਡੀ ਗਿਣਤੀ ਵਿੱਚ ਸਮਰਥਕ ਅਤੇ ਸ਼ਹਿਰ ਵਾਸੀ ਸ਼ਾਮਲ ਹੋਏ।

ਇਸ ਮੌਕੇ ਸੇਫ ਸਰੀ ਕੋਲੀਸ਼ਨ ਦੇ ਉਮੀਦਵਾਰਾਂ ਨੇ ਆਪਣੀ ਚੋਣ ਮੁਹਿੰਮ ਅਤੇ ਸ਼ਹਿਰ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਬਾਰੇ ਵਿਚਾਰ ਸਾਂਝੇ ਕੀਤੇ। ਸਮਰਥਕਾਂ ਵੱਲੋਂ ਵੀ ਆਉਣ ਵਾਲੇ ਦਿਨਾਂ ਦੌਰਾਨ ਚੋਣ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਗੱਲ ਕਹੀ ਗਈ।

ਸਮਾਗਮ ਨੂੰ ਸੰਬੋਧਨ ਕਰਦਿਆਂ ਡੱਗ ਮੈਕਲਮ ਨੇ ਆਪਣੀ ਟੀਮ ਦੀਆਂ ਚੋਣ ਤਰਜੀਹਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸੇਫ ਸਰੀ ਕੋਲੀਸ਼ਨ ਵੱਲੋਂ ਸ਼ਹਿਰ ਦੇ ਬੁਨਿਆਦੀ ਢਾਂਚੇ, ਜਨਤਕ ਸੁਰੱਖਿਆ, ਟੈਕਸਾਂ ਅਤੇ ਆਵਾਜਾਈ ਨਾਲ ਜੁੜੇ ਮੁੱਦਿਆਂ ਨੂੰ ਮੁੱਖ ਤਰਜੀਹ ਦਿੱਤੀ ਜਾਵੇਗੀ। ਮੈਕਲਮ ਨੇ ਸਰੀ ਸਿਟੀ ਸੈਂਟਰ ਤੋਂ ਨਿਊਟਨ ਤੱਕ ਸਕਾਈਟਰੇਨ ਦੇ ਵਿਸਥਾਰ ਦੀ ਆਪਣੀ ਚੋਣ ਵਚਨਬੱਧਤਾ ਨੂੰ ਵੀ ਦੁਹਰਾਇਆ। ਇਹ ਪ੍ਰਸਤਾਵ ਸੇਫ ਸਰੀ ਕੋਲੀਸ਼ਨ ਦੇ 2026 ਦੇ ਜਾਰੀ ਕੀਤੇ ਪਲੇਟਫਾਰਮ ਵਿੱਚ ਵੀ ਸ਼ਾਮਲ ਹੈ।

ਮੈਕਲਮ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਦਾ ਟੀਚਾ ਸਰੀ ਨੂੰ ਬਿਹਤਰ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਵਾਲਾ ਸ਼ਹਿਰ ਬਣਾਉਣਾ ਹੈ। ਉਨ੍ਹਾਂ ਨੇ ਆਪਣੇ ਪਿਛਲੇ ਕਾਰਜਕਾਲ ਦੇ ਕੰਮਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਵਾਰ ਕੀਤੇ ਜਾ ਰਹੇ ਚੋਣ ਵਾਅਦਿਆਂ ਨੂੰ ਵੀ ਪੂਰਾ ਕਰਨ ਲਈ ਕੰਮ ਕੀਤਾ ਜਾਵੇਗਾ।

ਇਸ ਮੌਕੇ ਕੌਂਸਲਰ ਉਮੀਦਵਾਰ ਮਨਦੀਪ ਨਾਗਰਾ, ਮੀਰਾ ਗਿੱਲ ਅਤੇ ਸੁਹਾਨਾ ਗਿੱਲ ਸਮੇਤ ਹੋਰ ਉਮੀਦਵਾਰਾਂ ਨੇ ਵੀ ਸੰਬੋਧਨ ਕਰਦਿਆਂ ਆਪਣੀਆਂ ਤਰਜੀਹਾਂ ਬਾਰੇ ਜਾਣਕਾਰੀ ਦਿੱਤੀ ਅਤੇ ਵੋਟਰਾਂ ਤੋਂ ਸੇਫ ਸਰੀ ਕੋਲੀਸ਼ਨ ਦੀ ਪੂਰੀ ਸਲੇਟ ਲਈ ਸਮਰਥਨ ਮੰਗਿਆ।

**ਰੋਜ਼ਮੇਰੀ ਹਾਈਟਸ ਦੇ ਵਿਕਾਸ ਦਾ ਮੁੱਦਾ ਵੀ ਚਰਚਾ ਵਿੱਚ**

ਇਸ ਦੌਰਾਨ ਕੌਂਸਲਰ ਉਮੀਦਵਾਰ ਮਨਦੀਪ ਨਾਗਰਾ ਨੇ ਕਿਹਾ ਕਿ ਰੋਜ਼ਮੇਰੀ ਹਾਈਟਸ ਕਮਿਊਨਿਟੀ ਐਸੋਸੀਏਸ਼ਨ ਵੱਲੋਂ ਡੱਗ ਮੈਕਲਮ ਦੀ ਅਗਵਾਈ ਵਾਲੀ ਸਲੇਟ ਲਈ ਸਮਰਥਨ ਦਾ ਐਲਾਨ ਕੀਤਾ ਗਿਆ ਹੈ। ਨਾਗਰਾ ਅਨੁਸਾਰ ਇਹ ਸਮਰਥਨ ਸਲੇਟ ਵੱਲੋਂ ਸਥਾਨਕ ਵਸਨੀਕਾਂ ਦੀ ਰਾਏ ਨੂੰ ਵਿਕਾਸ ਸਬੰਧੀ ਫੈਸਲਿਆਂ ਵਿੱਚ ਅਹਿਮੀਅਤ ਦੇਣ ਦੀ ਵਚਨਬੱਧਤਾ ਤੋਂ ਬਾਅਦ ਸਾਹਮਣੇ ਆਇਆ ਹੈ।

ਰੋਜ਼ਮੇਰੀ ਹਾਈਟਸ ਖੇਤਰ ਵਿੱਚ ਪ੍ਰਸਤਾਵਿਤ ਰਿਹਾਇਸ਼ੀ ਵਿਕਾਸ ਨੂੰ ਲੈ ਕੇ ਪਿਛਲੇ ਸਮੇਂ ਤੋਂ ਕੁਝ ਸਥਾਨਕ ਵਸਨੀਕਾਂ ਅਤੇ ਰੋਜ਼ਮੇਰੀ ਹਾਈਟਸ ਕਮਿਊਨਿਟੀ ਐਸੋਸੀਏਸ਼ਨ ਵੱਲੋਂ ਇਤਰਾਜ਼ ਉਠਾਏ ਜਾਂਦੇ ਰਹੇ ਹਨ। ਐਸੋਸੀਏਸ਼ਨ ਵੱਲੋਂ ਖੇਤਰ ਦੀ ਹਰਿਆਵਲ, ਵਾਤਾਵਰਣ ਅਤੇ ਮੌਜੂਦਾ ਕਮਿਊਨਿਟੀ ਦੇ ਸਰੂਪ ਨੂੰ ਬਚਾਉਣ ਸਬੰਧੀ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਹਨ।

ਸੇਫ ਸਰੀ ਕੋਲੀਸ਼ਨ ਵੱਲੋਂ ਵੀ ਇਸ ਮੁੱਦੇ ਨੂੰ ਆਪਣੀ ਚੋਣ ਮੁਹਿੰਮ ਦੌਰਾਨ ਉਭਾਰਿਆ ਜਾ ਰਿਹਾ ਹੈ ਅਤੇ ਸਲੇਟ ਵੱਲੋਂ ਕਿਹਾ ਗਿਆ ਹੈ ਕਿ ਸਥਾਨਕ ਵਸਨੀਕਾਂ ਦੀਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਸਬੰਧੀ ਫੈਸਲੇ ਕੀਤੇ ਜਾਣੇ ਚਾਹੀਦੇ ਹਨ।




## ਸੰਪਾਦਕੀ

### ਦਵਾਈਆਂ ਦੀ ਬੇਲੋੜੀ ਵਰਤੋਂ ਬਣੀ ਗੰਭੀਰ ਚਿੰਤਾ

ਕੇਂਦਰੀ ਡਰੱਗਜ਼ ਸਟੈਂਡਰਡ ਕੰਟਰੋਲ ਔਰਗੇਨਾਈਜ਼ੇਸ਼ਨ (ਸੀ ਡੀ ਐੱਸ ਸੀ ਓ) ਵੱਲੋਂ ਦਰਦ ਨਿਵਾਰਕ ਦਵਾਈਆਂ ਅਤੇ ਐਂਟੀਬਾਇਓਟਿਕਸ ਦੀ ਅੰਨ੍ਹੇਵਾਹ ਤੇ ਲਗਾਤਾਰ ਵਰਤੋਂ ਨੂੰ ਰੋਕਣ ਲਈ ਜਾਰੀ ਕੀਤੀ ਗਈ ਹਦਾਇਤ ਨੇ ਦੇਸ਼ ਵਿੱਚ ਦਵਾਈਆਂ ਦੀ ਗ਼ਲਤ ਵਰਤੋਂ ਨਾਲ ਜੁੜੇ ਜਨਤਕ ਸਿਹਤ ਦੇ ਗੰਭੀਰ ਮੁੱਦੇ ਨੂੰ ਸਾਹਮਣੇ ਲਿਆਂਦਾ ਹੈ। ਬਿਮਾਰੀਆਂ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ ਇਨ੍ਹਾਂ ਦਵਾਈਆਂ ਦੀ ਵਰਤੋਂ ਲੋੜ ਮੁਤਾਬਕ ਅਤੇ ਡਾਕਟਰੀ ਸਲਾਹ ਤੇ ਨਿਗਰਾਨੀ ਹੇਠ ਹੀ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਬਾਵਜੂਦ ਕਈ ਵਾਰ ਲੋਕ ਇਨ੍ਹਾਂ ਨੂੰ ਬਚਾਅ ਵਜੋਂ ਜਾਂ ਮਾਮੂਲੀ ਇਨਫੈਕਸ਼ਨ ਹੋਣ ’ਤੇ ਵੀ ਆਪਣੀ ਮਰਜ਼ੀ ਨਾਲ ਲੈ ਲੈਂਦੇ ਹਨ, ਜਦਕਿ ਕਈ ਅਜਿਹੀਆਂ ਸਥਿਤੀਆਂ ਨਾਲ ਸਰੀਰ ਖ਼ੁਦ ਵੀ ਨਜਿੱਠ ਸਕਦਾ ਹੈ।

ਐਂਟੀਬਾਇਓਟਿਕਸ ਦੀ ਬੇਲੋੜੀ ਅਤੇ ਗ਼ਲਤ ਵਰਤੋਂ ਕਾਰਨ ਐਂਟੀਮਾਈਕਰੋਬੀਅਲ ਪ੍ਰਤੀਰੋਧ (ਏ ਐੱਮ ਆਰ) ਦਾ ਖ਼ਤਰਾ ਲਗਾਤਾਰ ਵਧ ਰਿਹਾ ਹੈ। ਇਸ ਸਥਿਤੀ ਵਿੱਚ ਬੈਕਟੀਰੀਆ ’ਤੇ ਦਵਾਈਆਂ ਦਾ ਅਸਰ ਘਟਣ ਜਾਂ ਖ਼ਤਮ ਹੋਣ ਲੱਗਦਾ ਹੈ, ਜਿਸ ਕਾਰਨ ਆਮ ਇਨਫੈਕਸ਼ਨਾਂ ਦਾ ਇਲਾਜ ਵੀ ਮੁਸ਼ਕਲ ਹੋ ਸਕਦਾ ਹੈ। ਲੋਕਾਂ ਵਿੱਚ ਇਸ ਗੱਲ ਬਾਰੇ ਜਾਗਰੂਕਤਾ ਦੀ ਵੀ ਘਾਟ ਹੈ ਕਿ ਆਪਣੀ ਮਰਜ਼ੀ ਨਾਲ ਦਵਾਈਆਂ ਲੈਣ ਦੀ ਆਦਤ ਗੁਰਦਿਆਂ ਦੀਆਂ ਸਮੱਸਿਆਵਾਂ ਸਮੇਤ ਹੋਰ ਗੰਭੀਰ ਮਾੜੇ ਪ੍ਰਭਾਵਾਂ ਦਾ ਕਾਰਨ ਬਣ ਸਕਦੀ ਹੈ।

ਦਵਾਈਆਂ ਦੀਆਂ ਦੁਕਾਨਾਂ ਤੋਂ ਕਈ ਦਵਾਈਆਂ ਦੀ ਆਸਾਨੀ ਨਾਲ ਉਪਲਬਧਤਾ ਇਸ ਸਮੱਸਿਆ ਦਾ ਇੱਕ ਅਹਿਮ ਪੱਖ ਹੈ, ਪਰ ਮਾਮਲਾ ਇੱਥੇ ਹੀ ਖ਼ਤਮ ਨਹੀਂ ਹੁੰਦਾ। ਕੁਝ ਮਾਮਲਿਆਂ ਵਿੱਚ ਡਾਕਟਰਾਂ ਵੱਲੋਂ ਲੋੜ ਤੋਂ ਵੱਧ ਦਵਾਈਆਂ ਲਿਖੇ ਜਾਣ ਅਤੇ ਮਰੀਜ਼ਾਂ ਤੋਂ ਵੱਧ ਪੈਸੇ ਵਸੂਲਣ ਵਰਗੀਆਂ ਸ਼ਿਕਾਇਤਾਂ ਨੇ ਵੀ ਸਿਹਤ ਪ੍ਰਣਾਲੀ ਪ੍ਰਤੀ ਲੋਕਾਂ ਦੇ ਭਰੋਸੇ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ ਵਿੱਤੀ ਮਜਬੂਰੀਆਂ, ਸੱਭਿਆਚਾਰਕ ਮਾਨਤਾਵਾਂ ਅਤੇ ਕੈਮਿਸਟਾਂ ਵੱਲੋਂ ਗ਼ੈਰ-ਰਸਮੀ ਤੌਰ ’ਤੇ ਡਾਕਟਰੀ ਸਲਾਹ ਦੇਣ ਦਾ ਰੁਝਾਨ ਵੀ ਸਮੱਸਿਆ ਨੂੰ ਹੋਰ ਗੰਭੀਰ ਕਰਦਾ ਹੈ।

ਸੀ ਡੀ ਐੱਸ ਸੀ ਓ ਵੱਲੋਂ ਜਾਰੀ ਕੀਤੀ ਗਈ ਹਦਾਇਤ ਇਹ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਦਵਾਈਆਂ ਦੀ ਸਹੀ ਵਰਤੋਂ ਯਕੀਨੀ ਬਣਾਉਣ ਲਈ ਸਿਹਤ ਸੰਭਾਲ ਪ੍ਰਣਾਲੀ ਵਿੱਚ ਪੇਸ਼ੇਵਰ ਜਵਾਬਦੇਹੀ ਨੂੰ ਕਿੰਨਾ ਮਜ਼ਬੂਤ ਕੀਤਾ ਗਿਆ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਸਿਰਫ਼ ਇੱਕ ਪੱਖ ਤੋਂ ਕਾਰਵਾਈ ਕਰਨ ਦੀ ਬਜਾਏ ਨਿਯਮਾਂ ਅਤੇ ਪ੍ਰਬੰਧਾਂ ਵਿੱਚ ਬਹੁ-ਪੱਖੀ ਸੁਧਾਰ ਕਰਨ ਦੀ ਲੋੜ ਹੈ।

ਇਸ ਸਬੰਧ ਵਿੱਚ ਰਜਿਸਟਰਡ ਡਾਕਟਰਾਂ ਵੱਲੋਂ ਨੈਤਿਕ ਅਤੇ ਜ਼ਿੰਮੇਵਾਰੀ ਵਾਲਾ ਰਵੱਈਆ ਅਪਣਾਉਣਾ ਸਭ ਤੋਂ ਮਹੱਤਵਪੂਰਨ ਕਦਮਾਂ ਵਿੱਚੋਂ ਇੱਕ ਹੈ। ਜੇ ਮਰੀਜ਼ਾਂ ਨੂੰ ਲੋੜ ਤੋਂ ਵੱਧ ਦਵਾਈਆਂ ਲਿਖੀਆਂ ਜਾਂਦੀਆਂ ਹਨ ਜਾਂ ਇਲਾਜ ਸਬੰਧੀ ਸਹੀ ਜਾਣਕਾਰੀ ਨਹੀਂ ਦਿੱਤੀ ਜਾਂਦੀ ਤਾਂ ਇਸ ਦਾ ਸਿੱਧਾ ਅਸਰ ਮਰੀਜ਼ਾਂ ਦੇ ਭਰੋਸੇ ’ਤੇ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਮਰੀਜ਼ ਖ਼ੁਦ ਹੀ ਆਪਣੀ ਬਿਮਾਰੀ ਦੀ ਪਛਾਣ ਕਰਨ ਅਤੇ ਦਵਾਈ ਚੁਣਨ ਦੀ ਕੋਸ਼ਿਸ਼ ਕਰਨ ਲੱਗਦੇ ਹਨ ਅਤੇ ਕਈ ਵਾਰ ਜ਼ਰੂਰਤ ਹੋਣ ਦੇ ਬਾਵਜੂਦ ਡਾਕਟਰ ਕੋਲ ਜਾਣ ਤੋਂ ਵੀ ਬਚਦੇ ਹਨ।

ਦਵਾਈਆਂ ਦੀ ਪਰਚੀ ਦੀ ਸਖ਼ਤ ਜਾਂਚ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ। ਹਾਲਾਂਕਿ ਸਿਰਫ਼ ਕੈਮਿਸਟਾਂ ਦੀਆਂ ਦੁਕਾਨਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾ ਦੇਣ ਨਾਲ ਇਸ ਸਮੱਸਿਆ ਦਾ ਪੂਰਾ ਹੱਲ ਨਹੀਂ ਹੋ ਸਕਦਾ। ਅਜਿਹੇ ਕਦਮਾਂ ਦੇ ਨਾਲ ਦਵਾਈਆਂ ਦੀ ਵਿਕਰੀ, ਪਰਚੀਆਂ ਦੀ ਜਾਂਚ, ਡਾਕਟਰੀ ਸਲਾਹ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਦੀ ਪੂਰੀ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਵੀ ਜ਼ਰੂਰੀ ਹੈ। ਨਹੀਂ ਤਾਂ ਨਿਯਮਾਂ ਦੀ ਪਾਲਣਾ ਦੇ ਦਬਾਅ ਕਾਰਨ ਦਵਾਈਆਂ ਦੀਆਂ ਕੀਮਤਾਂ ਵਿੱਚ ਵਾਧੇ ਵਰਗੀਆਂ ਹੋਰ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਰਹਿ ਸਕਦੀ ਹੈ।

ਇਸ ਦੇ ਨਾਲ ਲੋਕਾਂ ਨੂੰ ਆਪਣੀ ਮਰਜ਼ੀ ਨਾਲ ਦਵਾਈਆਂ ਲੈਣ ਅਤੇ ਖ਼ਾਸ ਤੌਰ ’ਤੇ ਐਂਟੀਬਾਇਓਟਿਕਸ ਦੀ ਗ਼ਲਤ ਵਰਤੋਂ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕਰਨ ਲਈ ਵਿਆਪਕ ਮੁਹਿੰਮਾਂ ਚਲਾਉਣ ਦੀ ਲੋੜ ਹੈ। ਲੋਕਾਂ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਹਰ ਇਨਫੈਕਸ਼ਨ ਲਈ ਐਂਟੀਬਾਇਓਟਿਕ ਦੀ ਲੋੜ ਨਹੀਂ ਹੁੰਦੀ ਅਤੇ ਡਾਕਟਰ ਦੀ ਸਲਾਹ ਤੋਂ ਬਿਨਾਂ ਅਜਿਹੀਆਂ ਦਵਾਈਆਂ ਲੈਣਾ ਭਵਿੱਖ ਵਿੱਚ ਇਲਾਜ ਨੂੰ ਹੋਰ ਮੁਸ਼ਕਲ ਬਣਾ ਸਕਦਾ ਹੈ।

ਸੀ ਡੀ ਐੱਸ ਸੀ ਓ ਵੱਲੋਂ ਜਾਰੀ ਕੀਤੀ ਗਈ ਇਹ ਸਲਾਹ ਰਾਤੋ-ਰਾਤ ਸਿਹਤ ਪ੍ਰਣਾਲੀ ਦੀਆਂ ਸਾਰੀਆਂ ਖ਼ਾਮੀਆਂ ਨੂੰ ਦੂਰ ਨਹੀਂ ਕਰ ਸਕਦੀ ਅਤੇ ਨਾ ਹੀ ਲੋਕਾਂ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਦਵਾਈਆਂ ਦੀ ਵਰਤੋਂ ਨਾਲ ਜੁੜੀਆਂ ਆਦਤਾਂ ਨੂੰ ਤੁਰੰਤ ਬਦਲ ਸਕਦੀ ਹੈ। ਪਰ ਇਸ ਨੂੰ ਸਿਹਤ ਸੰਭਾਲ ਅਤੇ ਦਵਾਈ ਖੇਤਰ ਵਿੱਚ ਜਵਾਬਦੇਹੀ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਸਕਦਾ ਹੈ। ਇਸ ਲਈ ਲੋੜ ਹੈ ਕਿ ਦਵਾਈਆਂ ਦੀ ਵਿਕਰੀ ਅਤੇ ਵਰਤੋਂ ਨਾਲ ਜੁੜੇ ਨਿਯਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ ਅਤੇ ਸਿਹਤ ਪ੍ਰਣਾਲੀ ਵਿੱਚ ਮਰੀਜ਼ਾਂ ਦੀ ਸਿਹਤ ਨੂੰ ਵਿੱਤੀ ਲਾਭ ਤੋਂ ਉੱਪਰ ਤਰਜੀਹ ਦਿੱਤੀ ਜਾਵੇ।

# ਪੰਜਾਬ ਚੋਣਾਂ—ਨਵੇਂ ਸਿਆਸੀ ਜੋੜ-ਤੋੜ !



ਸਾਲ 2027 ਦੇ ਸ਼ੁਰੂ ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਸੂਬੇ ਦੇ ਉਥਲ-ਪੁਥਲ ਭਰੇ ਸਿਆਸੀ ਇਤਿਹਾਸ ਵਿੱਚ ਫ਼ੈਸਲਾਕੁਨ ਮੋੜ ਸਾਬਿਤ ਹੋ ਸਕਦੀਆਂ ਹਨ। ਮੌਜੂਦਾ ਸਿਆਸੀ ਮਾਹੌਲ ਦੇ ਮੱਦੇਨਜ਼ਰ ਇਹ ਚੋਣਾਂ ਸਿਆਸੀ ਮੁਕਾਬਲੇ ਦੇ ਢੰਗ ਅਤੇ ਸਮੀਕਰਨਾਂ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਸਕਦੀਆਂ ਹਨ। ਆਜ਼ਾਦੀ ਮਗਰੋਂ ਪਹਿਲੀ ਵਾਰ ਪੰਜ ਪ੍ਰਮੁੱਖ ਸਿਆਸੀ ਪਾਰਟੀਆਂ ਸੱਤਾ ਲਈ ਚੋਣ ਮੈਦਾਨ ਵਿੱਚ ਆਹਮੋ-ਸਾਹਮਣੇ ਹੋਣਗੀਆਂ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੂੰ ਚੁਣੌਤੀ ਦੇ ਰਹੀਆਂ ਚਾਰ ਵਿਰੋਧੀ ਪਾਰਟੀਆਂ ਵਿੱਚ ‘ਵਾਰਿਸ ਪੰਜਾਬ ਦੇ’ ਵੀ ਸ਼ਾਮਿਲ ਹੈ। ਇਹ ਇੱਕ ਨਵੀਂ ਸਿਆਸੀ ਜਥੇਬੰਦੀ ਹੈ, ਜਿਸ ਨੇ ਆਪਣੇ ਸੁਧਾਰਵਾਦੀ ਰੁਖ਼ ਅਤੇ ਸਿਆਸੀ ਬਦਲਾਅ ਦੇ ਵਾਅਦੇ ਕਾਰਨ ਪੇਂਡੂ ਸਿੱਖ ਨੌਜਵਾਨਾਂ ਵਿੱਚ ਕਾਫ਼ੀ ਪਕੜ ਬਣਾਈ ਹੈ। ਇਹ ਹਾਲਾਤ ਰਵਾਇਤੀ ਸਿਆਸੀ ਪਾਰਟੀਆਂ ਪ੍ਰਤੀ ਲੋਕਾਂ ਦੀ ਘਟ ਰਹੀ ਦਿਲਚਸਪੀ ਵੱਲ ਵੀ ਇਸ਼ਾਰਾ ਕਰਦੇ ਹਨ।

ਸਿਆਸਤ ਦੀ ਆਦਰਸ਼ਵਾਦੀ ਕਲਪਨਾ ਤੋਂ ਕਾਫ਼ੀ ਹਰਮਨਪਿਆਰਤਾ ਹਾਸਿਲ ਕਰਨ ਵਾਲੀ ਇਹ ਨਵੀਂ ਸਿਆਸੀ ਤਾਕਤ ਹੋਰ ਪਾਰਟੀਆਂ, ਖ਼ਾਸਕਰ ਅਕਾਲੀ ਦਲ ਦੇ ਵੋਟ ਬੈਂਕ ਵਿੱਚ ਕਮੀ ਲਿਆ ਸਕਦੀ ਹੈ। ਹਾਲਾਂਕਿ ਸੰਭਵ ਹੈ ਕਿ ਇਹ ਸੱਤਾਧਾਰੀ ਪਾਰਟੀ ਲਈ ਗੰਭੀਰ ਚੁਣੌਤੀ ਪੇਸ਼ ਕਰਨ ਦੀ ਸਥਿਤੀ ਵਿੱਚ ਨਾ ਹੋਵੇ। ਫਿਰ ਵੀ ਚੋਣ ਮੈਦਾਨ ਵਿੱਚ ਇਸ ਦੀ ਸਪੱਸ਼ਟ ਮੌਜੂਦਗੀ ਨੇ ਪੰਜਾਬ ਦੇ ਸਿਆਸੀ ਤਵਾਜ਼ਨ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਗਰਮ ਖ਼ਿਆਲੀ ਸਿਆਸਤ ਦੀ ਵਾਪਸੀ ਬਾਰੇ ਤੌਖ਼ਲਿਆਂ ਨੂੰ ਮੁੜ ਜਨਮ ਦਿੱਤਾ ਹੈ। ਆਪਣਾ ਸਿਆਸੀ ਆਧਾਰ ਮੁੜ ਤਲਾਸ਼ ਰਿਹਾ ਅਕਾਲੀ ਦਲ, ਤੇਜ਼ੀ ਨਾਲ ਉੱਭਰ ਰਹੀ ਭਾਜਪਾ ਅਤੇ ਕਾਂਗਰਸ ਵੱਲੋਂ ਆਪਸੀ ਖਿੱਚੋਤਾਣ ਕਾਰਨ ਆਪਣੇ ਆਪ ਨੂੰ ਪਹੁੰਚਾਇਆ ਗਿਆ ਸਿਆਸੀ ਨੁਕਸਾਨ- ਇਨ੍ਹਾਂ ਸਾਰਿਆਂ ਨੇ ਮਿਲ ਕੇ ਪੰਜਾਬ ਦੀ ਸਿਆਸਤ ਨੂੰ ਬਦਲ ਦਿੱਤਾ ਹੈ।

ਇਸ ਦੇ ਨਾਲ ਹੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸੰਭਾਵੀ ਗੱਠਜੋੜ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਦੇ ਸਿਆਸੀ ਸਮੀਕਰਨਾਂ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ ਅਤੇ ‘ਆਪ’ ਸਾਹਮਣੇ ਇੱਕ ਮੁੱਖ ਚੁਣੌਤੀ ਵਜੋਂ ਉੱਭਰ ਸਕਦਾ ਹੈ। ਇਨ੍ਹਾਂ ਹਾਲਾਤ ਵਿੱਚ ਖਿੰਡੇ ਹੋਏ ਜਨਮਤ ਅਤੇ ਉਸ ਤੋਂ ਪੈਦਾ ਹੋਣ ਵਾਲੀ ਸਿਆਸੀ ਅਸਥਿਰਤਾ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦਾ ਸੂਬੇ ਦੇ ਵਿਕਾਸ ਦੀਆਂ ਲੋੜਾਂ ’ਤੇ ਗੰਭੀਰ ਅਸਰ ਪੈ ਸਕਦਾ ਹੈ। ਪੰਜਾਬ ਦੀ ਵੱਖ-ਵੱਖ ਵਿਕਾਸ ਪੈਮਾਨਿਆਂ ਵਿੱਚ ਸਾਲਾਂ ਤੋਂ ਦਰਜ ਹੋ ਰਹੀ ਗਿਰਾਵਟ ਨੂੰ ਉਦੋਂ ਤੱਕ ਨਹੀਂ ਰੋਕਿਆ ਜਾ ਸਕਦਾ, ਜਦੋਂ ਤੱਕ ਸੂਬੇ ਦੇ ਨਵੀਨੀਕਰਨ ਅਤੇ ਮੁੜ ਉਭਾਰ ਲਈ ਲੋੜੀਂਦੀਆਂ ਅਹਿਮ ਨੀਤੀਆਂ ’ਤੇ ਵਿਆਪਕ ਸਿਆਸੀ ਸਹਿਮਤੀ ਨਹੀਂ ਬਣਦੀ।

ਜ਼ਮੀਨੀ ਹਾਲਾਤ ਅਤੇ ਇੱਕ ਮਜ਼ਬੂਤ ਜਮਹੂਰੀਅਤ ਦੀਆਂ ਲੋੜਾਂ ਸਿਆਸੀ ਵਿਚਾਰ-ਵਟਾਂਦਰੇ ਵਿੱਚ ਸ਼ਾਲੀਨਤਾ ਅਤੇ ਆਪਸੀ ਰਿਸ਼ਤਿਆਂ ਵਿੱਚ ਮਰਿਆਦਾ ਤੇ ਸਦਭਾਵਨਾ ਦੀ ਵਾਪਸੀ ਦੀ ਮੰਗ ਕਰਦੀਆਂ ਹਨ। ਸਿਆਸੀ ਆਗੂਆਂ ਦਰਮਿਆਨ ਸੁਹਿਰਦ ਸੰਚਾਰ ਦੇ ਰਾਹ ਖੁੱਲ੍ਹੇ ਰਹਿਣੇ ਬਹੁਤ ਜ਼ਰੂਰੀ ਹਨ ਕਿਉਂਕਿ ਸੂਬੇ ਦੇ ਵਿਕਾਸ ਲਈ ਸੂਝ ਭਰੀਆਂ ਨੀਤੀਆਂ ’ਤੇ ਵਿਆਪਕ ਸਹਿਮਤੀ ਬਣਾਉਣ ਲਈ ਆਗੂਆਂ ਵਿਚਕਾਰ ਸਹਿਯੋਗ ਅਤੇ ਤਾਲਮੇਲ ਲਾਜ਼ਮੀ ਹੈ। ਸੋਸ਼ਲ ਮੀਡੀਆ ’ਤੇ ਸਿਆਸੀ ਆਗੂਆਂ ਵਿਚਕਾਰ ਹੋਣ ਵਾਲੀ ਕੌੜੀ-ਕੁਸੈਲੀ ਜਨਤਕ ਬਹਿਸ, ਜੋ ਹੁਣ ਇੱਕ ਅਮੁੱਕ ਤਮਾਸ਼ੇ ਦਾ ਰੂਪ ਧਾਰ ਚੁੱਕੀ ਹੈ, ਨੇ ਨਾਗਰਿਕਾਂ ਲਈ ਆਦਰਸ਼ ਬਣਨ ਵਾਲੇ ਵਿਅਕਤੀਆਂ ਵਜੋਂ ਉਨ੍ਹਾਂ ਦੀ ਨਿੱਜੀ ਭਰੋਸੇਯੋਗਤਾ ਨੂੰ ਘਟਾਇਆ ਹੈ ਅਤੇ ਜਮਹੂਰੀਅਤ ਦੇ ਰਖਵਾਲਿਆਂ ਵਜੋਂ ਸਿਆਸੀ ਪਾਰਟੀਆਂ ਦੀ ਸਾਖ਼ ਨੂੰ ਵੀ ਕਮਜ਼ੋਰ ਕੀਤਾ ਹੈ।

ਕਿਸੇ ਦੀ ਸਾਖ਼ ਨੂੰ ਬਿਨਾਂ ਸੋਚੇ-ਸਮਝੇ ਢਾਹ ਲਾਉਣਾ ਅਤੇ ਵਿਅਕਤੀਆਂ ਦੇ ਮਾਣ ਨੂੰ ਵਾਰ-ਵਾਰ ਠੇਸ ਪਹੁੰਚਾਉਣਾ ਜਮਹੂਰੀ ਵਿਚਾਰ-ਚਰਚਾ ਦੇ ਬੁਨਿਆਦੀ ਅਸੂਲਾਂ ਦੀ ਉਲੰਘਣਾ ਹੈ। ਇੱਕ ਵਾਰ ਕਹੇ ਗਏ ਸ਼ਬਦ ਸਿਰਫ਼ ਸਮਾਂ ਬੀਤਣ ਨਾਲ ਖ਼ਤਮ ਨਹੀਂ ਹੋ ਜਾਂਦੇ। ਕੌੜੇ ਸ਼ਬਦਾਂ ਨਾਲ ਪਹੁੰਚੀ ਠੇਸ ਰੂਹ ਨੂੰ ਅਜਿਹਾ ਜ਼ਖ਼ਮ ਲਗਾ ਜਾਂਦੀ ਹੈ, ਜੋ ਆਸਾਨੀ ਨਾਲ ਨਹੀਂ ਭਰਦਾ। ਹਿੰਸਕ ਜਾਂ ਡਰ ਪੈਦਾ ਕਰਨ ਵਾਲੇ ਲਹਿਜੇ ਵਿੱਚ ਕੀਤੀ ਗਈ ਗੱਲਬਾਤ ਲੋਕਤੰਤਰ ਦੀ ਉਸ ਨਰਮੀ ਅਤੇ ਪ੍ਰਭਾਵਸ਼ਾਲੀ ਅਪੀਲ ਨੂੰ ਕਮਜ਼ੋਰ ਕਰਦੀ ਹੈ, ਜੋ ਸਿਆਸੀ ਅਤੇ ਸਮਾਜਿਕ ਜੀਵਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿੱਚ ਇਸ ਦੀਆਂ ਕੇਂਦਰੀ ਖ਼ੂਬੀਆਂ ਹਨ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਜਨਤਕ ਵਿਚਾਰ-ਵਟਾਂਦਰੇ ਦਾ ਪੱਧਰ ਉੱਚਾ ਚੁੱਕਿਆ ਜਾਵੇ ਅਤੇ ਇਸ ਨੂੰ ਤਲਖ਼ੀ, ਬਦਨਾਮੀ ਤੇ ਨਿੱਜੀ ਦੁਸ਼ਮਣੀ ਤੋਂ ਫੈਸਲਾਕੁੰਨ ਢੰਗ ਨਾਲ ਦੂਰ ਲਿਜਾਇਆ ਜਾਵੇ।

ਖ਼ੁਸ਼ਹਾਲ ਸੂਬੇ ਵਜੋਂ ਪੰਜਾਬ ਦੇ ਮੁੜ ਉਭਾਰ ਲਈ ਅਜਿਹੀ ਖੁੱਲ੍ਹੇ ਦਿਲ ਵਾਲੀ ਲੀਡਰਸ਼ਿਪ ਦੀ ਲੋੜ ਹੈ, ਜੋ ਲੰਮੇ ਸਮੇਂ ਤੋਂ ਸੂਬੇ ਦੀ ਸਿਆਸਤ ਨੂੰ ਪ੍ਰਭਾਵਿਤ ਕਰ ਰਹੀ ਤੰਗਦਿਲੀ ਅਤੇ ਤੰਗਨਜ਼ਰੀ ਤੋਂ ਉੱਪਰ ਉੱਠ ਸਕੇ। ਅੱਜ ਸਭ ਤੋਂ ਵੱਡੀ ਲੋੜ ਅਜਿਹੇ ਆਗੂਆਂ ਨੂੰ ਲੱਭਣ ਦੀ ਹੈ, ਜੋ ਆਪਣੇ ਆਪ ਤੋਂ ਉੱਪਰ ਉੱਠ ਕੇ ਹਾਸ਼ੀਏ ’ਤੇ ਧੱਕੇ ਅਤੇ ਹੱਕਾਂ ਤੋਂ ਵਾਂਝੇ ਲੋਕਾਂ ਪ੍ਰਤੀ ਦਇਆ ਤੇ ਸੰਵੇਦਨਾ ਨੂੰ ਸ਼ਾਸਨ ਦੀ ਮੂਲ ਭਾਵਨਾ ਬਣਾ ਸਕਣ ਅਤੇ ਸਿਰਫ਼ ਸੱਤਾ ਹਾਸਲ ਕਰਨ ਦੇ ਲਾਲਚ ਤੋਂ ਖ਼ੁਦ ਨੂੰ ਬਚਾ ਸਕਣ। ਸਾਨੂੰ ਅਜਿਹੇ ਆਗੂਆਂ ਦੀ ਭਾਲ ਕਰਨੀ ਚਾਹੀਦੀ ਹੈ, ਜੋ ਦਬਦਬੇ ਵਾਲੀ ਤਾਕਤ ਨੂੰ ਲੋਕਾਂ ਦੀ ਤਾਕਤ ਨਾ ਸਮਝਣ ਅਤੇ ਉਨ੍ਹਾਂ ਲੋਕਾਂ ਤੋਂ ਦੂਰ ਰਹਿਣ ਜਿਨ੍ਹਾਂ ਦੀ ਲੀਡਰਸ਼ਿਪ ਦਾ ਦਾਅਵਾ ਤਾਕਤ ਦੇ ਨੰਗੇ ਪ੍ਰਦਰਸ਼ਨ ਅਤੇ ਸਮਰਥਕਾਂ ਦੇ ਭੇਸ ਵਾਲੇ ਸੌੜੇ ਹਿੱਤਾਂ ਵਾਲੇ ਲੋਕਾਂ ਦੀ ਖ਼ੁਸ਼ਾਮਦ ’ਤੇ ਟਿਕਿਆ ਹੋਵੇ। ਲੋਕਾਂ ਦੇ ਦੁੱਖਾਂ ਅਤੇ ਬੇਇਨਸਾਫ਼ੀ ਪ੍ਰਤੀ ਬੇਪਰਵਾਹ ਹੰਕਾਰੀ ਸੱਤਾ ਦਾ ਵਿਰੋਧ ਕਰਨਾ ਨਾਗਰਿਕਾਂ ਦਾ ਨੈਤਿਕ ਫ਼ਰਜ਼ ਹੈ। ਜਮਹੂਰੀਅਤ ਆਖ਼ਰਕਾਰ ਉਨ੍ਹਾਂ ਆਗੂਆਂ ਦੇ ਸਹਾਰੇ ਕਾਇਮ ਰਹਿੰਦੀ ਹੈ, ਜੋ ਪੀੜਤ ਅਤੇ ਕਮਜ਼ੋਰ ਲੋਕਾਂ ਦੀਆਂ ਅੱਖਾਂ ਵਿੱਚ ਰੁਕੇ ਹੋਏ ਹੰਝੂ ਦੇਖ ਸਕਣ ਅਤੇ ਉਨ੍ਹਾਂ ਦੇ ਦੱਬੇ ਹੋਏ ਹਉਕੇ ਸੁਣ ਸਕਣ। ਪੰਜਾਬ ਦੇ ਬਹਾਦਰ ਅਤੇ ਜ਼ਿੰਦਾਦਿਲ ਲੋਕ, ਜੋ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈਂਦੇ ਹਨ, ਆਪਣੇ ਚੁਣੇ ਹੋਏ ਨੁਮਾਇੰਦਿਆਂ ਤੋਂ ਅਜਿਹੇ ਸ਼ਾਸਨ ਦੇ ਹੱਕਦਾਰ ਹਨ ਜਿਸ ਦੀ ਬੁਨਿਆਦ ਕਾਨੂੰਨ ਅਤੇ ਇਨਸਾਫ਼ ’ਤੇ ਟਿਕੀ ਹੋਵੇ। ਦਰਅਸਲ, ਕਾਨੂੰਨ ਦੇ ਦਾਇਰੇ ਵਿੱਚ ਰਹਿੰਦੇ ਲੋਕਾਂ ਨੂੰ ਖ਼ੁਦ ਵੀ ਕਾਨੂੰਨ ਨਾਲ ਬੱਝੇ ਹੋਣਾ ਚਾਹੀਦਾ ਹੈ ਅਤੇ ਅਜਿਹਾ ਦਿਸਣਾ ਵੀ ਚਾਹੀਦਾ ਹੈ।

ਇੱਕ ਜੀਵੰਤ ਜਮਹੂਰੀਅਤ ਦੀ ਅਸਲ ਕਸਵੱਟੀ ਇਸ ਦੀਆਂ ਪ੍ਰਕਿਰਿਆਵਾਂ ਦੀ ਪਵਿੱਤਰਤਾ ਹੈ, ਅਜਿਹੀਆਂ ਪ੍ਰਕਿਰਿਆਵਾਂ ਜੋ ਵਿਚਾਰਾਂ ਦੀ ਆਜ਼ਾਦ ਮੁਕਾਬਲੇਬਾਜ਼ੀ ਰਾਹੀਂ ਪ੍ਰੇਰਣਾਦਾਇਕ ਲੀਡਰਸ਼ਿਪ ਨੂੰ ਜਨਮ ਦੇ ਸਕਣ। ਅਜਿਹੀ ਲੀਡਰਸ਼ਿਪ ‘ਚਤੁਰ ਵਿਅਕਤੀ ਦੇ ਹੰਕਾਰ’ ਉੱਤੇ ਨਹੀਂ ਸਗੋਂ ਮਨੁੱਖੀ ਜੀਵਨ ਦੀ ਸਮੁੱਚੀ ਹਕੀਕਤ ਦੀ ਸਮਝ ’ਤੇ ਆਧਾਰਿਤ ਹੋਣੀ ਚਾਹੀਦੀ ਹੈ। ਅਸੀਂ ਜਾਣਦੇ ਹਾਂ ਕਿ ਜਮਹੂਰੀਅਤ ਸਾਡੇ ਸਮਿਆਂ ਦੇ ਨੈਤਿਕ ਸਵਾਲਾਂ ’ਤੇ ਜਨਤਕ ਤਰਕ ਅਤੇ ਵਿਚਾਰ-ਵਟਾਂਦਰੇ ਦਾ ਨਾਮ ਹੈ। ਪੰਜਾਬ ਜਦੋਂ ਆਪਣੀ ਗੁਆਚੀ ਹੋਈ ਸ਼ਾਨ ਨੂੰ ਮੁੜ ਹਾਸਲ ਕਰਨ ਲਈ ਸੰਘਰਸ਼ ਕਰ ਰਿਹਾ ਹੈ ਤਾਂ ਇਸ ਨੂੰ ਅਜਿਹੇ ਆਗੂਆਂ ਦੀ ਅਗਵਾਈ ਹੇਠਲੀ ਸਰਕਾਰ ਦੀ ਲੋੜ ਹੈ, ਜਿਨ੍ਹਾਂ ਵਿੱਚ ‘ਦਲੇਰ ਆਦਰਸ਼ਵਾਦ’ ਹੋਵੇ, ਅਜਿਹੇ ਆਗੂ ਜੋ ਅਜਿਹੀ ਦਿਸ਼ਾ ਤੈਅ ਕਰ ਸਕਣ ਜਿਸ ਨਾਲ ਲੋਕਾਂ ਵਿੱਚ ਆਸ ਮੁੜ ਜਾਗੇ ਅਤੇ ਰੁਜ਼ਗਾਰ ਪੈਦਾ ਕਰਨ, ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਸਾਰਥਿਕ ਨੀਤੀਆਂ ਬਣਾਉਣ, ਸੂਬੇ ਦੀ ਤਾਕਤ ਦੇ ਘੋਰ ਦੁਰਵਰਤੋਂ ਤੇ ਉੱਚ ਪੱਧਰ ’ਤੇ ਭ੍ਰਿਸ਼ਟਾਚਾਰ ਉੱਤੇ ਕਾਰਗਰ ਰੋਕ ਲਗਾਉਣ, ਸੂਬੇ ਦੀ ਖੇਤੀਬਾੜੀ ਅਰਥਵਿਵਸਥਾ ਦੇ ਪੁਨਰਗਠਨ ਨਾਲ ਜੁੜੇ ਗੁੰਝਲਦਾਰ ਸਵਾਲਾਂ ਦਾ ਸੋਚ-ਵਿਚਾਰ ਨਾਲ ਜਵਾਬ ਦੇਣ, ਵਾਤਾਵਰਣ ਦੀ ਰੱਖਿਆ ਕਰਨ ਅਤੇ ਸਾਂਝੀ ਵਿਰਾਸਤ ’ਤੇ ਆਧਾਰਿਤ ਸਮਾਜਿਕ ਸਦਭਾਵਨਾ ਨੂੰ ਕਾਇਮ ਰੱਖਣ ਰਾਹੀਂ ਉਸ ਆਸ ਨੂੰ ਠੋਸ ਰੂਪ ਦਿੱਤਾ ਜਾ ਸਕੇ।

ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਕੀ ਅਸੀਂ ਇਹ ਆਸ ਕਰ ਸਕਦੇ ਹਾਂ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਆਸੀ ਪਾਰਟੀਆਂ ਜਾਤੀਵਾਦੀ ਅਤੇ ਫ਼ਿਰਕੂ ਸਿਆਸਤ ਤੋਂ ਉੱਪਰ ਉੱਠਣਗੀਆਂ? ਕੀ ਉਹ ਅਜਿਹੇ ਆਗੂਆਂ ਨੂੰ ਸਾਹਮਣੇ ਲਿਆ ਸਕਦੀਆਂ ਹਨ ਜਿਨ੍ਹਾਂ ਕੋਲ ਉਹ ਨੈਤਿਕ ਭਰੋਸੇਯੋਗਤਾ ਹੋਵੇ ਜੋ ਮਾਣਮੱਤੀ ਅਤੇ ਬਹਾਦਰ ਜਨਤਾ ਨਾਲ ਇਮਾਨਦਾਰੀ ਨਾਲ ਗੱਲ ਕਰ ਸਕਣ ਅਤੇ ਉਸ ਨੂੰ ਇੱਜ਼ਤ ਨਾਲ ਜੀਵਨ ਬਤੀਤ ਕਰਨ ਦਾ ਮੌਕਾ ਦੇਣ ਦਾ ਵਾਅਦਾ ਵਫ਼ਾ ਕਰ ਸਕਣ? ਜਾਂ ਫਿਰ ਪੰਜਾਬ ਨੂੰ ਅਜਿਹੇ ਲੋਕਾਂ ਦਾ ਬੋਝ ਝੱਲਦੇ ਰਹਿਣਾ ਪਵੇਗਾ, ਜਿਨ੍ਹਾਂ ਲਈ ਸਿਆਸਤ ਸਹੀ ਅਤੇ ਗ਼ਲਤ ਦੀ ਕਿਸੇ ਭਾਵਨਾ ਦੀ ਥਾਂ ਸਿਰਫ਼ ਸੱਤਾ ਪ੍ਰਾਪਤੀ ਦਾ ਸਾਧਨ ਹੈ? ਇਨ੍ਹਾਂ ਸਾਰੇ ਸਵਾਲਾਂ ਦਾ ਸਾਹਮਣਾ ਸੂਬੇ ਦੀਆਂ ਸਿਆਸੀ ਪਾਰਟੀਆਂ ਅਤੇ ਆਗੂਆਂ ਨੂੰ ਕਰਨਾ ਹੀ ਪਵੇਗਾ।

ਜਮਹੂਰੀਅਤ ਦੀ ਸਾਰਥਿਕਤਾ ਉਦੋਂ ਸਾਬਿਤ ਹੁੰਦੀ ਹੈ ਜਦੋਂ ਇੱਕ ਜਾਗਰੂਕ ਵੋਟਰ ਉਨ੍ਹਾਂ ਲੋਕਾਂ ਨੂੰ ਲੀਡਰਸ਼ਿਪ ਸੌਂਪ ਸਕੇ, ਜੋ ਨਿਸ਼ਕਾਮ ਭਾਵਨਾ ਤੋਂ ਪ੍ਰੇਰਿਤ ਹੋਣ ਅਤੇ ਅਜਿਹੀ ਸਿਆਸਤ ਲਈ ਵਚਨਬੱਧ ਹੋਣ ਜਿਸ ਵਿੱਚ ਮਨੁੱਖੀ ਮਰਿਆਦਾ ਤੇ ਲੋਕਾਂ ਦੇ ਸਨਮਾਨ ਨੂੰ ਸਰਬਉੱਚ ਸਥਾਨ ਪ੍ਰਾਪਤ ਹੋਵੇ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਅਜਿਹੀ ਊਰਜਾਵਾਨ ਸਿਆਸਤ ਦਾ ਮਾਰਗਦਰਸ਼ਕ ਬਣ ਸਕੇ, ਅਜਿਹੀ ਸਿਆਸਤ ਜੋ ਲੋਕਾਂ ਦੀ ਇੱਛਾ-ਸ਼ਕਤੀ ਨੂੰ ਜਗਾਏ, ਸਾਡੇ ਬਾਨੀਆਂ ਦੇ ਆਦਰਸ਼ਵਾਦ ਤੋਂ ਪ੍ਰੇਰਣਾ ਲਵੇ ਅਤੇ ਉਸ ਇੱਛਾ-ਸ਼ਕਤੀ ਨੂੰ ਇੱਕ ਨਵੇਂ ਜਨਤਕ ਉਦੇਸ਼ ਵਿੱਚ ਬਦਲ ਦੇਵੇ। ਇਸ ਲਈ ਸਿਆਸੀ ਦਾਇਰੇ (ਸਪੈਕਟ੍ਰਮ) ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਉੱਤਮ ਲੋਕਾਂ ਤੇ ਲੀਡਰਸ਼ਿਪ ਨੂੰ ਇਕੱਠਾ ਕਰਨ ਅਤੇ ਸੂਬੇ ਵਿੱਚ ਬਦਲਾਅ ਲਿਆਉਣ ਵਾਲੀ ਲੀਡਰਸ਼ਿਪ ਦੇ ਵਿਕਾਸ ਲਈ ਲੋੜੀਂਦੇ ਹਾਲਾਤ ਪੈਦਾ ਕਰਨ ਦੀ ਲੋੜ ਹੋਵੇਗੀ। ਅਗਲੀਆਂ ਚੋਣਾਂ ਵਿੱਚ ਇੱਕ ਵਾਰ ਫਿਰ ਪੰਜਾਬ ਦੇ ਲੋਕਾਂ ਦੀ ਸਾਂਝੀ ਸਿਆਣਪ ਦੀ ਪਰਖ ਹੋਵੇਗੀ।

# ਇਸਰੋ ਦਾ ਨਿੱਜੀਕਰਨ—ਵਿਗਿਆਨਕ ਖ਼ੁਦਮੁਖਤਿਆ ’ਤੇ ਸਵਾਲ !

ਭਾਰਤ ਦੀ ਆਜ਼ਾਦੀ ਦਾ ਅਰਥ ਸਿਰਫ਼ ਬਰਤਾਨਵੀ ਰਾਜ ਤੋਂ ਮੁਕਤੀ ਨਹੀਂ ਸੀ। ਆਜ਼ਾਦੀ ਦੇ ਅੰਦੋਲਨ ਦਾ ਸੁਪਨਾ ਅਜਿਹਾ ਭਾਰਤ ਬਣਾਉਣਾ ਸੀ, ਜੋ ਆਰਥਿਕ ਤੌਰ ’ਤੇ ਆਤਮ-ਨਿਰਭਰ ਹੋਵੇ, ਆਪਣੀ ਵਿਗਿਆਨਕ ਅਤੇ ਤਕਨੀਕੀ ਸਮਰੱਥਾ ਵਿਕਸਿਤ ਕਰੇ, ਵਿਸ਼ਵ ਰਾਜਨੀਤੀ ਵਿੱਚ ਸੁਤੰਤਰ ਫ਼ੈਸਲੇ ਲੈ ਸਕੇ, ਸਾਰੇ ਦੇਸ਼ਾਂ ਨਾਲ ਦੋਸਤਾਨਾ ਸਬੰਧ ਰੱਖੇ ਅਤੇ ਸਾਮਰਾਜਵਾਦ ਤੇ ਜੰਗ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੇ। ਗ਼ਦਰ ਲਹਿਰ ਅਤੇ ਇਨਕਲਾਬੀ ਅੰਦੋਲਨਾਂ ਤੋਂ ਲੈ ਕੇ ਕਮਿਊਨਿਸਟ ਧਾਰਾ ਅਤੇ ਗਾਂਧੀ-ਨਹਿਰੂ ਦੀ ਰਾਜਨੀਤਕ ਸੋਚ ਤੱਕ, ਆਜ਼ਾਦੀ ਅੰਦੋਲਨ ਦੀਆਂ ਵੱਖ-ਵੱਖ ਧਾਰਾਵਾਂ ਨੇ ਆਪੋ-ਆਪਣੇ ਢੰਗ ਨਾਲ ਭਾਰਤ ਦੀ ਆਜ਼ਾਦੀ ਅਤੇ ਆਤਮ-ਨਿਰਭਰਤਾ ਦੇ ਵਿਚਾਰ ਨੂੰ ਵਿਕਸਿਤ ਕੀਤਾ। ਆਜ਼ਾਦੀ ਤੋਂ ਬਾਅਦ ਇਸੇ ਨਜ਼ਰੀਏ ਨੇ ਦੇਸ਼ ਦੀਆਂ ਆਰਥਿਕ, ਉਦਯੋਗਿਕ ਅਤੇ ਵਿਗਿਆਨਕ ਨੀਤੀਆਂ ਨੂੰ ਦਿਸ਼ਾ ਦਿੱਤੀ। ਆਜ਼ਾਦ ਭਾਰਤ ਵਿੱਚ ਵਿਗਿਆਨ ਅਤੇ ਤਕਨਾਲੋਜੀ ਨੂੰ ਰਾਸ਼ਟਰ ਨਿਰਮਾਣ ਦੀ ਨੀਂਹ ਮੰਨਿਆ ਗਿਆ। ਵੱਡੇ ਬੰਨ੍ਹਾਂ, ਸਰਕਾਰੀ ਖੇਤਰ ਦੇ ਉਦਯੋਗਾਂ, ਦਵਾਈਆਂ ਦੇ ਉਤਪਾਦਨ ਅਤੇ ਖੋਜ ਸੰਸਥਾਵਾਂ ਦੀ ਉਸਾਰੀ ਇਸੇ ਪਹੁੰਚ ਦਾ ਹਿੱਸਾ ਸੀ।

ਇਸੇ ਵਿਗਿਆਨਕ ਆਤਮ-ਨਿਰਭਰਤਾ ਦੀ ਯਾਤਰਾ ਦੌਰਾਨ ਭਾਰਤ ਦੇ ਪੁਲਾੜ ਪ੍ਰੋਗਰਾਮ ਦਾ ਜਨਮ ਹੋਇਆ। ਸੀਮਿਤ ਸਰੋਤਾਂ ਦੇ ਬਾਵਜੂਦ ਭਾਰਤੀ ਵਿਗਿਆਨੀਆਂ ਨੇ ਜਿਸ ਤਰੀਕੇ ਨਾਲ ਦੇਸ਼ ਨੂੰ ਪੁਲਾੜ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਅੱਗੇ ਵਧਾਇਆ, ਉਹ ਦੁਨੀਆ ਸਾਹਮਣੇ ਇੱਕ ਮਹੱਤਵਪੂਰਨ ਮਿਸਾਲ ਬਣਿਆ। ਭਾਰਤ ਦੀਆਂ ਪੁਲਾੜ ਪ੍ਰਾਪਤੀਆਂ ਦੇ ਪਿੱਛੇ ਦਹਾਕਿਆਂ ਦਾ ਸਰਕਾਰੀ ਨਿਵੇਸ਼, ਵਿਗਿਆਨਕ ਖੋਜ, ਸੰਸਥਾਗਤ ਨਿਰਮਾਣ ਅਤੇ ਹਜ਼ਾਰਾਂ ਵਿਗਿਆਨੀਆਂ ਤੇ ਤਕਨੀਕੀ ਕਰਮਚਾਰੀਆਂ ਦੀ ਮਿਹਨਤ ਹੈ। ਜਦੋਂ ਭਾਰਤ ਨੂੰ ਅਤਿ-ਆਧੁਨਿਕ ਪੁਲਾੜ ਤਕਨਾਲੋਜੀ ਹਾਸਲ ਕਰਨ ਦੀ ਕੋਸ਼ਿਸ਼ ਵਿੱਚ ਅੰਤਰਰਾਸ਼ਟਰੀ ਪਾਬੰਦੀਆਂ ਅਤੇ ਤਕਨੀਕੀ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ ਤਾਂ ਭਾਰਤੀ ਵਿਗਿਆਨੀਆਂ ਨੇ ਸਵਦੇਸ਼ੀ ਤਕਨਾਲੋਜੀ ਵਿਕਸਿਤ ਕਰਨ ਦਾ ਰਾਹ ਚੁਣਿਆ। ਇਹੀ ਆਤਮ-ਨਿਰਭਰਤਾ ਭਾਰਤ ਨੂੰ ਅੱਜ ਉਸ ਮੁਕਾਮ ਤੱਕ ਲੈ ਕੇ ਆਈ ਹੈ, ਜਿੱਥੇ ਪੁਲਾੜ ਪ੍ਰਛੇਪਣ, ਸੈਟੇਲਾਈਟ ਤਕਨਾਲੋਜੀ ਅਤੇ ਵੱਖ-ਵੱਖ ਪੁਲਾੜ ਮਿਸ਼ਨਾਂ ਦੇ ਖੇਤਰ ਵਿੱਚ ਭਾਰਤ ਨੂੰ ਵਿਸ਼ਵ ਪੱਧਰ ’ਤੇ ਸਨਮਾਨ ਪ੍ਰਾਪਤ ਹੈ। ਇਸ ਲਈ ਇਸਰੋ ਨੂੰ ਸਿਰਫ਼ ਇੱਕ ਸਰਕਾਰੀ ਵਿਭਾਗ ਜਾਂ ਖੋਜ ਸੰਸਥਾ ਵਜੋਂ ਦੇਖਣਾ ਗ਼ਲਤੀ ਹੋਵੇਗੀ। ਇਹ ਭਾਰਤ ਦੀ ਵਿਗਿਆਨਕ ਪ੍ਰਭੂਸੱਤਾ ਅਤੇ ਰਣਨੀਤਕ ਸਮਰੱਥਾ ਦਾ ਇੱਕ ਮਹੱਤਵਪੂਰਨ ਆਧਾਰ ਹੈ। ਇਹੀ ਕਾਰਨ ਹੈ ਕਿ ਇਸਰੋ ਦੀ ਭੂਮਿਕਾ ਜਾਂ ਇਸ ਦੇ ਢਾਂਚੇ ਵਿੱਚ ਹੋਣ ਵਾਲੇ ਕਿਸੇ ਵੀ ਵੱਡੇ ਬਦਲਾਅ ਬਾਰੇ ਦੇਸ਼ ਵਿੱਚ ਵਿਆਪਕ ਅਤੇ ਗੰਭੀਰ ਜਨਤਕ ਬਹਿਸ ਹੋਣੀ ਚਾਹੀਦੀ ਹੈ।

ਪਿਛਲੇ ਕੁਝ ਸਮੇਂ ਦੌਰਾਨ ਇਸਰੋ ਦੇ ਵਿਗਿਆਨੀਆਂ ਦੇ ਨਿੱਜੀ ਪੁਲਾੜ ਕੰਪਨੀਆਂ ਅਤੇ ਸਟਾਰਟ-ਅੱਪਸ ਵਿੱਚ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਦੂਜੇ ਪਾਸੇ, ਪੁਲਾੜ ਖੇਤਰ ਵਿੱਚ ਨਿੱਜੀ ਕੰਪਨੀਆਂ ਦੀ ਭੂਮਿਕਾ ਵਧਾਉਣ ਦੀ ਨੀਤੀ ਵੀ ਤੇਜ਼ੀ ਨਾਲ ਅੱਗੇ ਵਧੀ ਹੈ। ਜੇਕਰ ਇਸਰੋ ਨੂੰ ਹੌਲੀ-ਹੌਲੀ ਸਿਰਫ਼ ਖੋਜ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ ਅਤੇ ਰਾਕੇਟਾਂ ਦਾ ਨਿਰਮਾਣ, ਪ੍ਰਛੇਪਣ ਅਤੇ ਹੋਰ ਮਹੱਤਵਪੂਰਨ ਤਕਨੀਕੀ ਸਮਰੱਥਾਵਾਂ ਨਿੱਜੀ ਕੰਪਨੀਆਂ ਨੂੰ ਸੌਂਪ ਦਿੱਤੀਆਂ ਜਾਂਦੀਆਂ ਹਨ ਤਾਂ ਸਾਨੂੰ ਇਹ ਸਵਾਲ ਪੁੱਛਣਾ ਪਵੇਗਾ ਕਿ ਲੰਮੇ ਸਮੇਂ ਵਿੱਚ ਇਨ੍ਹਾਂ ਸਮਰੱਥਾਵਾਂ ’ਤੇ ਕੰਟਰੋਲ ਕਿਸ ਦੇ ਹੱਥ ਵਿੱਚ ਰਹੇਗਾ।

ਜੇਕਰ ਜਨਤਕ ਪੈਸੇ ਨਾਲ ਵਿਕਸਿਤ ਤਕਨਾਲੋਜੀ, ਬੁਨਿਆਦੀ ਢਾਂਚਾ ਅਤੇ ਮਨੁੱਖੀ ਸਰੋਤ ਆਖ਼ਿਰਕਾਰ ਨਿੱਜੀ ਮੁਨਾਫ਼ੇ ਦਾ ਆਧਾਰ ਬਣ ਜਾਂਦੇ ਹਨ ਤਾਂ ਇਹ ਸਿਰਫ਼ ਪ੍ਰਸ਼ਾਸਨਿਕ ਸੁਧਾਰ ਦਾ ਮਾਮਲਾ ਨਹੀਂ ਰਹੇਗਾ। ਇਹ ਜਨਤਕ ਤੌਰ ’ਤੇ ਵਿਕਸਿਤ ਵਿਗਿਆਨਕ ਸਮਰੱਥਾਵਾਂ ਦੇ ਨਿੱਜੀ ਹੱਥਾਂ ਵਿੱਚ ਤਬਾਦਲੇ ਦਾ ਸਵਾਲ ਬਣ ਜਾਵੇਗਾ ਅਤੇ ਜੇਕਰ ਇਸ ਦਾ ਲਾਭ ਕੁਝ ਚੁਣੇ ਹੋਏ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਮਿਲਦਾ ਹੈ ਤਾਂ ਇਹ ਮੁੱਦਾ ਹੋਰ ਵੀ ਗੰਭੀਰ ਹੋ ਜਾਂਦਾ ਹੈ। ਇਸ ਸੰਦਰਭ ਵਿੱਚ ਇਸਰੋ ਦੇ ਇਤਿਹਾਸ ਦੇ ਇੱਕ ਅਹਿਮ ਅਧਿਆਇ ਐੱਸ. ਨੰਬੀ ਨਾਰਾਇਣਨ ਦੇ ਜਾਸੂਸੀ ਕਾਂਡ ਨੂੰ ਚੇਤੇ ਕਰਨਾ ਲਾਜ਼ਮੀ ਹੈ। ਇਸਰੋ ਦੇ ਸੀਨੀਅਰ ਵਿਗਿਆਨੀ ਐੱਸ. ਨੰਬੀ ਨਾਰਾਇਣਨ ਨੂੰ ਨਵੰਬਰ 1994 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ’ਤੇ ਇਸਰੋ ਨਾਲ ਸਬੰਧਿਤ ਅਤਿ-ਮਹੱਤਵਪੂਰਨ ਤਕਨੀਕੀ ਜਾਣਕਾਰੀ ਵਿਦੇਸ਼ੀ ਤਾਕਤਾਂ ਨੂੰ ਛੁਪਾ ਕੇ ਦੇਣ ਦੇ ਦੋਸ਼ ਲਾਏ ਗਏ ਸਨ। ਇਸ ਮਾਮਲੇ ਵਿੱਚ ਇਸਰੋ ਦੇ ਹੋਰ ਵਿਗਿਆਨੀਆਂ ਨੂੰ ਵੀ ਸਲਾਖਾਂ ਪਿੱਛੇ ਭੇਜਿਆ ਗਿਆ ਸੀ।

ਬਾਅਦ ਵਿੱਚ ਇਸ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਗਈ। ਸੀ ਬੀ ਆਈ ਨੂੰ ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਲਈ ਲੋੜੀਂਦੇ ਸਬੂਤ



ਨਹੀਂ ਮਿਲੇ ਅਤੇ ਕੇਸ ਬੰਦ ਕਰਨ ਬਾਬਤ ਰਿਪੋਰਟ ਪੇਸ਼ ਕਰ ਦਿੱਤੀ ਗਈ। ਮਈ 1996 ਵਿੱਚ ਅਰਨਾਕੁਲਮ ਦੇ ਮੁੱਖ ਨਿਆਂਇਕ ਮੈਜਿਸਟ੍ਰੇਟ ਨੇ ਇਸ ਕਲੋਜ਼ਰ ਰਿਪੋਰਟ ਨੂੰ ਪ੍ਰਵਾਨ ਕਰ ਲਿਆ। ਲੰਬੀ ਕਾਨੂੰਨੀ ਜੱਦੋ-ਜਹਿਦ ਤੋਂ ਬਾਅਦ ਸਾਲ 2018 ਵਿੱਚ ਸੁਪਰੀਮ ਕੋਰਟ ਨੇ ਨੰਬੀ ਨਾਰਾਇਣਨ ਨੂੰ 50 ਲੱਖ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਨਾਲ-ਨਾਲ ਉਨ੍ਹਾਂ ਨਾਲ ਹੋਏ ਧੱਕੇ ਕਾਰਨ ਉਨ੍ਹਾਂ ਦੀ ਇੱਜ਼ਤ ਅਤੇ ਕਿਰਦਾਰ ਨੂੰ ਪੁੱਜੇ ਨੁਕਸਾਨ ਨੂੰ ਗੰਭੀਰਤਾ ਨਾਲ ਲਿਆ। ਇਸ ਘਟਨਾਕ੍ਰਮ ਤੋਂ ਇੱਕ ਵੱਡਾ ਸਬਕ ਮਿਲਦਾ ਹੈ ਕਿ ਵਿਗਿਆਨਕ ਅਦਾਰਿਆਂ ਅਤੇ ਵਿਗਿਆਨੀਆਂ ਦੇ ਮਾਣ-ਸਤਿਕਾਰ ਤੇ ਸੁਤੰਤਰਤਾ ਦੀ ਰਾਖੀ ਕਰਨਾ ਕੌਮੀ ਹਿੱਤ ਦਾ ਮਸਲਾ ਹੈ। ਇਸ ਲਈ ਇਹ ਸਵਾਲ ਉੱਠਣਾ ਵੀ ਸੁਭਾਵਿਕ ਹੈ ਕਿ ਕੀ ਭਾਰਤ ਦੇ ਵਿਗਿਆਨਕ ਅਦਾਰਿਆਂ ਨੂੰ ਕਦੇ ਸਿਆਸੀ ਜਾਂ ਬਾਹਰੀ ਦਬਾਅ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕੀ ਆਉਣ ਵਾਲੇ ਸਮੇਂ ਵਿੱਚ ਅਜਿਹੇ ਹਾਲਾਤ ਨੂੰ ਠੱਲ੍ਹ ਪਾਉਣ ਲਈ ਪੁਖ਼ਤਾ ਸੁਰੱਖਿਆ ਪ੍ਰਬੰਧ ਮੌਜੂਦ ਹਨ?

ਬਸਤੀਵਾਦ ਦਾ ਬਦਲਦਾ ਸਰੂਪ: ਅੱਜ ਬਸਤੀਵਾਦ ਦਾ ਮੁਹਾਂਦਰਾ ਬਦਲ ਚੁੱਕਾ ਹੈ। ਹੁਣ ਕਿਸੇ ਮੁਲਕ ’ਤੇ ਕਬਜ਼ਾ ਕਰਨ ਲਈ ਫ਼ੌਜਾਂ ਤੋਰਨ ਦੀ ਲੋੜ ਨਹੀਂ ਪੈਂਦੀ। ਆਰਥਿਕ ਗ਼ੁਲਾਮੀ, ਤਕਨੀਕੀ ਨਿਰਭਰਤਾ, ਮਾਰਕੀਟ ’ਤੇ ਗ਼ਲਬਾ ਅਤੇ ਰਣਨੀਤਕ ਦਬਾਅ ਰਾਹੀਂ ਵੀ ਕਿਸੇ ਦੇਸ਼ ਦੀ ਨਿਆਰੀ ਨੀਤੀ ਤੇ ਸੁਤੰਤਰ ਫ਼ੈਸਲੇ ਲੈਣ ਦੀ ਸਮਰੱਥਾ ਨੂੰ ਖੋਰਾ ਲਾਇਆ ਜਾ ਸਕਦਾ ਹੈ। ਇਹੀ ਨਵ-ਬਸਤੀਵਾਦ ਦਾ ਅਜੋਕਾ ਰੂਪ ਹੈ। ਅੱਜ ਦੁਨੀਆ ਬਹੁ-ਧਰੁਵੀ ਪ੍ਰਬੰਧ ਵੱਲ ਕਦਮ ਵਧਾ ਰਹੀ ਹੈ। ਨਵੀਆਂ ਆਰਥਿਕ ਅਤੇ ਰਾਜਨੀਤਿਕ ਤਾਕਤਾਂ ਉੱਭਰ ਕੇ ਸਾਹਮਣੇ ਆ ਰਹੀਆਂ ਹਨ। ਵਿਕਾਸਸ਼ੀਲ ਮੁਲਕ ਆਪਣੀ ਆਜ਼ਾਦ ਆਵਾਜ਼ ਨੂੰ ਬੁਲੰਦ ਕਰਨ ਦੀ ਜੱਦੋ-ਜਹਿਦ ਵਿੱਚ ਲੱਗੇ ਹੋਏ ਹਨ। ਅਜਿਹੇ ਦੌਰ ਵਿੱਚ ਭਾਰਤ ਮੂਹਰੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਆਪਣੀ ਰਣਨੀਤਕ ਖ਼ੁਦਮੁਖ਼ਤਿਆਰੀ ਅਤੇ ਵਿਗਿਆਨਕ ਆਤਮ-ਨਿਰਭਰਤਾ ਨੂੰ ਪੱਕੇ ਪੈਰੀਂ ਕਰੇ ਜਾਂ ਫਿਰ ਹੌਲੀ-ਹੌਲੀ ਵਿਦੇਸ਼ੀ ਤਕਨਾਲੋਜੀ, ਸਰਮਾਏ ਅਤੇ ਕਾਰਪੋਰੇਟ ਹਿੱਤਾਂ ਦੀ ਗ਼ੁਲਾਮੀ ਵੱਲ ਤਿਲਕਦਾ ਜਾਵੇ। ਪੁਲਾੜ ਦਾ ਖੇਤਰ ਇਸ ਪੱਖੋਂ ਬਹੁਤ ਹੀ ਸੰਵੇਦਨਸ਼ੀਲ ਹੈ। ਉਪਗ੍ਰਹਿ (ਸੈਟੇਲਾਈਟ), ਸੰਚਾਰ, ਦਿਸ਼ਾ-ਸੂਚਕ ਪ੍ਰਣਾਲੀ (ਨੇਵੀਗੇਸ਼ਨ), ਮੌਸਮ ਵਿਗਿਆਨ, ਰੱਖਿਆ ਅਤੇ ਆਫ਼ਤ ਪ੍ਰਬੰਧਨ, ਇਨ੍ਹਾਂ ਸਾਰੇ ਖੇਤਰਾਂ ਵਿੱਚ ਪੁਲਾੜ ਤਕਨਾਲੋਜੀ ਦਾ ਮਹੱਤਵ ਦਿਨੋ-ਦਿਨ ਵਧ ਰਿਹਾ ਹੈ। ਇਸੇ ਕਰਕੇ ਇਸ ਖੇਤਰ ’ਤੇ ਕਾਬਜ਼ ਹੋਣਾ ਮਹਿਜ਼ ਇੱਕ ਵਪਾਰਕ ਮਸਲਾ ਨਹੀਂ ਹੈ।

ਇਸਰੋ ਦੀ ਅਸਲ ਤਾਕਤ ਸਿਰਫ਼ ਇਸ ਦੀਆਂ ਪ੍ਰਯੋਗਸ਼ਾਲਾਵਾਂ ਅਤੇ ਰਾਕੇਟਾਂ ਵਿੱਚ ਨਹੀਂ, ਸਗੋਂ ਇਸ ਦੇ ਵਿਗਿਆਨੀਆਂ ਦੀ ਬੌਧਿਕ ਸਮਰੱਥਾ ਵਿੱਚ ਵੀ ਹੈ। ਦਹਾਕਿਆਂ ਦੇ ਤਜਰਬੇ ਨਾਲ ਵਿਕਸਿਤ ਗਿਆਨ ਨੂੰ ਕਿਸੇ ਕਾਰਪੋਰੇਟ ਕੰਪਨੀ ਨੂੰ ਸੌਂਪ ਦੇਣਾ ਅਤੇ ਫਿਰ ਉਸੇ ਸਮਰੱਥਾ ਨੂੰ ਨਿੱਜੀ ਖੇਤਰ ਰਾਹੀਂ ਖਰੀਦਣਾ ਦੇਸ਼ ਦੇ ਲੰਮੇ ਸਮੇਂ ਦੇ ਹਿੱਤ ਵਿੱਚ ਹੈ ਜਾਂ ਨਹੀਂ, ਇਸ ਬਾਰੇ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਜੇਕਰ ਵਿਗਿਆਨੀਆਂ ਨੂੰ ਬਿਹਤਰ ਤਨਖ਼ਾਹਾਂ ਅਤੇ ਸਹੂਲਤਾਂ ਦੇ ਨਾਂ ’ਤੇ ਜਨਤਕ ਅਦਾਰਿਆਂ ਤੋਂ ਨਿੱਜੀ ਕੰਪਨੀਆਂ ਵੱਲ ਜਾਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਤਾਂ ਜਨਤਕ ਸੰਸਥਾਵਾਂ ਵਿੱਚ ਸੰਸਥਾਗਤ ਗਿਆਨ ਅਤੇ ਤਜਰਬੇ ਦਾ ਹੌਲੀ-ਹੌਲੀ ਖ਼ਾਤਮਾ ਹੋ ਸਕਦਾ ਹੈ। ਵਿਗਿਆਨ ਨੂੰ ਸਿਰਫ਼ ਮੁਨਾਫ਼ੇ ਦੇ ਨਜ਼ਰੀਏ ਨਾਲ ਨਹੀਂ ਦੇਖਿਆ ਜਾ ਸਕਦਾ। ਕਈ ਅਹਿਮ ਵਿਗਿਆਨਕ ਪ੍ਰਾਪਤੀਆਂ ਸਾਲਾਂ ਦੀ ਲੰਮੀ ਘਾਲਣਾ ਤੋਂ ਬਾਅਦ ਹੋਈ ਖੋਜ ਦਾ ਨਤੀਜਾ ਹੁੰਦੀਆਂ ਹਨ, ਜਿਨ੍ਹਾਂ ਦਾ ਤੁਰੰਤ ਵਪਾਰਕ ਲਾਭ ਦਿਖਾਈ ਨਹੀਂ ਦਿੰਦਾ। ਜਨਤਕ ਵਿਗਿਆਨਕ ਸੰਸਥਾਵਾਂ ਦੀ ਇਹੀ ਵਿਸ਼ੇਸ਼ ਭੂਮਿਕਾ ਹੈ ਅਤੇ ਇਸੇ ਲਈ ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਪੁਲਾੜ ਖੇਤਰ ਵਿੱਚ ਨਿੱਜੀ ਭਾਗੀਦਾਰੀ ਦੀ ਅਸਲ ਹੱਦ ਕੀ ਹੈ। ਇਸਰੋ ਦੀ ਤਕਨਾਲੋਜੀ, ਬੁਨਿਆਦੀ ਢਾਂਚੇ ਅਤੇ ਵਿਗਿਆਨਕ ਸਮਰੱਥਾ ’ਤੇ ਅੰਤਿਮ ਕੰਟਰੋਲ ਕਿਸ ਦਾ ਰਹੇਗਾ? ਜਨਤਕ ਪੈਸੇ ਨਾਲ ਵਿਕਸਿਤ ਤਕਨਾਲੋਜੀ ਦੀ ਮਾਲਕੀ ਕਿਸ ਕੋਲ ਹੋਵੇਗੀ? ਵਿਗਿਆਨੀਆਂ ਦੀ ਬੌਧਿਕ ਸੰਪਤੀ ਦੀ ਰੱਖਿਆ ਕਿਵੇਂ ਕੀਤੀ ਜਾਵੇਗੀ? ਅਤੇ ਕੌਮੀ ਸੁਰੱਖਿਆ ਨਾਲ ਜੁੜੀਆਂ ਤਕਨਾਲੋਜੀਆਂ ਨੂੰ ਕਾਰਪੋਰੇਟ ਹਿੱਤਾਂ ਤੋਂ ਕਿਵੇਂ ਵੱਖ ਰੱਖਿਆ ਜਾਵੇਗਾ?

ਇਨ੍ਹਾਂ ਸਵਾਲਾਂ ਦਾ ਜਵਾਬ ਸਿਰਫ਼ ਸਰਕਾਰ ਜਾਂ ਇਸਰੋ ਦੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਨਹੀਂ ਹੈ। ਸੰਸਦ, ਸਿਆਸੀ ਧਿਰਾਂ, ਵਿਗਿਆਨਕ ਭਾਈਚਾਰਾ, ਮਜ਼ਦੂਰ ਯੂਨੀਅਨਾਂ ਅਤੇ ਸਿਵਲ ਸਮਾਜ ਨੂੰ ਵੀ ਇਸ ਬਹਿਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਜੇਕਰ ਸਰਕਾਰ ਦਾ ਕਹਿਣਾ ਹੈ ਕਿ ਇਸਰੋ ਦਾ ਨਿੱਜੀਕਰਨ ਨਹੀਂ ਹੋ ਰਿਹਾ, ਤਾਂ ਉਸ ਨੂੰ ਆਪਣੀਆਂ ਨੀਤੀਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਨੂੰ ਪੂਰੀ ਪਾਰਦਰਸ਼ਤਾ ਨਾਲ ਦੇਸ਼ ਦੇ ਸਾਹਮਣੇ ਰੱਖਣਾ ਚਾਹੀਦਾ ਹੈ ਕਿਉਂਕਿ ਮੁੱਦਾ ਸਿਰਫ਼ ਇਸਰੋ ਦਾ ਨਹੀਂ ਹੈ। ਅਸਲ ਮੁੱਦਾ ਇਹ ਹੈ ਕਿ ਕੀ ਭਾਰਤ ਆਪਣੀ ਵਿਗਿਆਨਕ ਸਮਰੱਥਾ ਦਾ ਮਾਲਕ ਖ਼ੁਦ ਰਹੇਗਾ ਜਾਂ ਹੌਲੀ-ਹੌਲੀ ਇਸ ਨੂੰ ਨਿੱਜੀ ਅਤੇ ਵਿਦੇਸ਼ੀ ਹਿੱਤਾਂ ਦੇ ਹਵਾਲੇ ਕਰ ਦੇਵੇਗਾ। ਜੇਕਰ ਪੁਲਾੜ ਖੇਤਰ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦਾ ਅਰਥ ਇਹ ਹੈ ਕਿ ਮੁਨਾਫ਼ਾ ਸਭ ਤੋਂ ਵੱਡਾ ਉਦੇਸ਼ ਹੋਵੇਗਾ ਤਾਂ ਇਹ ਖ਼ਤਰਾ ਹਮੇਸ਼ਾ ਬਣਿਆ ਰਹੇਗਾ ਕਿ ਅਡਾਨੀ ਗਰੁੱਪ ਵਰਗੇ ਕਾਰਪੋਰੇਟ ਘਰਾਣੇ, ਜੋ ਪਹਿਲਾਂ ਹੀ ਕਾਫ਼ੀ ਵਿਵਾਦਾਂ ਦੇ ਕੇਂਦਰ ਵਿੱਚ ਹਨ, ਅਮਰੀਕਾ ਅਤੇ ਇਜ਼ਰਾਈਲ ਵਰਗੀਆਂ ਤਾਕਤਾਂ ਅੱਗੇ ਝੁਕ ਕੇ ਜਾਂ ਉਨ੍ਹਾਂ ਨਾਲ ਆਪਣੇ ਹਿੱਤਾਂ ਦਾ ਤਾਲਮੇਲ ਕਰਕੇ ਉਨ੍ਹਾਂ ਦੇ ਹਿੱਤਾਂ ਵਿੱਚ ਕੰਮ ਕਰ ਸਕਦੇ ਹਨ। ਯਾਦ ਰਹੇ ਕਿ ਇਹ ਖ਼ਤਰਾ ਹਮੇਸ਼ਾ ਮੌਜੂਦ ਰਹੇਗਾ। ਅਤੇ ਇਹ ਦੋਵੇਂ ਮੁਲਕ ਅੱਜ ਦੁਨੀਆ ਦੇ ਬਹੁਤ ਸਾਰੇ ਲੋਕਾਂ ਵੱਲੋਂ ਹਮਲਾਵਰ ਦੇਸ਼ਾਂ ਵਜੋਂ ਦੇਖੇ ਜਾ ਰਹੇ ਹਨ।

ਇਸਰੋ ਭਾਰਤ ਦੀ ਜਨਤਾ ਦੇ ਪੈਸੇ, ਭਾਰਤੀ ਵਿਗਿਆਨੀਆਂ ਦੀ ਪ੍ਰਤਿਭਾ ਅਤੇ ਦਹਾਕਿਆਂ ਦੀ ਮਿਹਨਤ ਨਾਲ ਖੜ੍ਹਾ ਹੋਇਆ ਹੈ। ਇਸ ਨੂੰ ਕਿਸੇ ਕਾਰਪੋਰੇਟ ਮੁਨਾਫ਼ੇ ਦੀ ਮਸ਼ੀਨ ਵਿੱਚ ਬਦਲਣਾ ਦੇਸ਼ ਦੀ ਵਿਗਿਆਨਕ ਆਤਮਨਿਰਭਰਤਾ ਨਾਲ ਇਨਸਾਫ਼ ਨਹੀਂ ਹੋਵੇਗਾ। ਇਸਰੋ ਨੂੰ ਕਮਜ਼ੋਰ ਕਰਨ ਦੀ ਨਹੀਂ, ਸਗੋਂ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਭਾਰਤ ਨੂੰ ਅਜਿਹੀ ਪੁਲਾੜ ਨੀਤੀ ਦੀ ਲੋੜ ਹੈ ਜੋ ਨਿੱਜੀ ਨਵੀਨਤਾ ਦਾ ਸਵਾਗਤ ਕਰੇ ਪਰ ਜਨਤਕ ਵਿਗਿਆਨਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ, ਰਾਸ਼ਟਰੀ ਕੰਟਰੋਲ ਅਤੇ ਰਣਨੀਤਕ ਆਜ਼ਾਦੀ ਨਾਲ ਕੋਈ ਸਮਝੌਤਾ ਨਾ ਕਰੇ। ਅੱਜ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਅਸੀਂ ਆਪਣੀ ਵਿਗਿਆਨਕ ਪ੍ਰਭੂਸੱਤਾ ਨੂੰ ਮਜ਼ਬੂਤ ਕਰਾਂਗੇ ਜਾਂ ਨਵ-ਬਸਤੀਵਾਦ ਦੇ ਨਵੇਂ ਰਸਤਿਆਂ ਲਈ ਦਰਵਾਜ਼ੇ ਖੋਲ੍ਹਾਂਗੇ? ਇਸ ਸਵਾਲ ਦਾ ਜਵਾਬ ਸਰਕਾਰ ਨੂੰ ਪੂਰੇ ਦੇਸ਼ ਦੇ ਸਾਹਮਣੇ ਦੇਣਾ ਪਵੇਗਾ।



# ਖ਼ਬਰਨਾਮਾ



## ਅਮਰੀਕੀ ਰਾਜਦੂਤ ਸਰਜੀਓ ਗੋਰ 28 ਸਤੰਬਰ ਨੂੰ ਅੰਮ੍ਰਿਤਸਰ ਪਹੁੰਚਣਗੇ

### ਪੰਜਾਬ ਦੌਰੇ ਦੌਰਾਨ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਸੰਭਾਵਨਾ; ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨਾਲ ਵੀ ਕੀਤੀ ਮੁਲਾਕਾਤ

**ਨਵੀਂ ਦਿੱਲੀ**-ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਦੇਸ਼ ਦੇ ਪ੍ਰਮੁੱਖ ਖੇਤਰਾਂ ਦਾ ਦੌਰਾ ਕਰਨ ਦੀਆਂ ਚੱਲ ਰਹੀਆਂ ਯੋਜਨਾਵਾਂ ਤਹਿਤ 28 ਸਤੰਬਰ ਨੂੰ ਪੰਜਾਬ ਦੇ ਅੰਮ੍ਰਿਤਸਰ ਦਾ ਦੌਰਾ ਕਰਨਗੇ।



ਸਰਜੀਓ ਗੋਰ ਇਸ ਤੋਂ ਪਹਿਲਾਂ ਜੰਮੂ-ਕਸ਼ਮੀਰ ਦਾ ਦੌਰਾ ਕਰ ਚੁੱਕੇ ਹਨ, ਜਿੱਥੇ ਉਨ੍ਹਾਂ ਨੇ ਮੁੱਖ ਸਰਕਾਰੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ। ਇਸੇ ਤਰ੍ਹਾਂ ਉਹ ਹਾਲ ਹੀ ਵਿੱਚ ਮਣੀਪੁਰ ਦੇ ਦੌਰੇ 'ਤੇ ਵੀ ਗਏ ਸਨ। ਇੰਫਾਲ ਦੌਰੇ ਦੌਰਾਨ ਉਨ੍ਹਾਂ ਨੇ ਮਹਿਲਾਵਾਂ ਨਾਲ ਗੱਲਬਾਤ ਕੀਤੀ ਅਤੇ ਮਣੀਪੁਰ ਦੇ ਮੁੱਖ ਮੰਤਰੀ ਵਾਈ. ਖੇਮਚੰਦ ਸਿੰਘ ਨਾਲ ਵੀ ਮੁਲਾਕਾਤ ਕੀਤੀ।

ਅੰਮ੍ਰਿਤਸਰ ਦੌਰੇ ਦੌਰਾਨ ਸਰਜੀਓ ਗੋਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਉਨ੍ਹਾਂ ਦੇ ਇਸ ਦੌਰੇ ਨੂੰ ਲੈ ਕੇ ਅੰਮ੍ਰਿਤਸਰ ਵਿੱਚ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ।

ਇਸ ਤੋਂ ਇਲਾਵਾ ਗੋਰ ਨੇ ਬੀਤੀ ਸ਼ਾਮ ਦਿੱਲੀ ਸਥਿਤ ਆਪਣੀ ਰਿਹਾਇਸ਼ 'ਤੇ ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਦੀ ਮੇਜ਼ਬਾਨੀ ਵੀ ਕੀਤੀ। ਤਰਨਜੀਤ ਸਿੰਘ ਸੰਧੂ ਮੂਲ ਰੂਪ ਵਿੱਚ ਅੰਮ੍ਰਿਤਸਰ ਨਾਲ ਸਬੰਧਤ ਹਨ ਅਤੇ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਰਹਿ ਚੁੱਕੇ ਹਨ।

ਤਰਨਜੀਤ ਸਿੰਘ ਸੰਧੂ, ਐੱਸਜੀਪੀਸੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਰਹੇ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਹਨ। ਤੇਜਾ ਸਿੰਘ ਸਮੁੰਦਰੀ ਨੂੰ 46 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਹੋਈ ਸੀ। ਉਨ੍ਹਾਂ ਦੀ ਯਾਦ ਵਿੱਚ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਇੱਕ ਇਮਾਰਤ ਸਮਰਪਿਤ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਪਤ 'ਤੇਜਾ ਸਿੰਘ ਸਮੁੰਦਰੀ ਹਾਲ' ਦਾ ਨਾਮ ਵੀ ਉਨ੍ਹਾਂ ਦੇ ਨਾਮ 'ਤੇ ਰੱਖਿਆ ਗਿਆ ਹੈ। ਤੇਜਾ ਸਿੰਘ ਸਮੁੰਦਰੀ ਐੱਸਜੀਪੀਸੀ ਦੇ ਮੁੱਢਲੇ ਸੰਸਥਾਪਕ ਮੈਂਬਰਾਂ ਵਿੱਚ ਸ਼ਾਮਲ ਸਨ ਅਤੇ ਸਿੱਖ ਧਾਰਮਿਕ ਸੰਸਥਾ ਦੇ ਇਤਿਹਾਸ ਵਿੱਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਮੰਨਿਆ ਜਾਂਦਾ ਹੈ।

## ਗਮਾਡਾ ਦਫ਼ਤਰ 'ਚ ਈਡੀ ਦੀ ਕਾਰਵਾਈ ਖ਼ਿਲਾਫ਼ 'ਆਪ' ਵੱਲੋਂ ਘਿਰਾਓ ਦਾ ਐਲਾਨ

### 'ਆਪ' ਦਾ ਦੋਸ਼—ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ 'ਤੇ ਦਬਾਅ ਬਣਾਉਣ ਲਈ ਕੇਂਦਰੀ ਏਜੰਸੀ ਦੀ ਵਰਤੋਂ; ਗਮਾਡਾ ਦਫ਼ਤਰ 'ਚ ਈਡੀ ਦੀ ਜਾਂਚ ਤੀਜੇ ਦਿਨ ਵੀ ਜਾਰੀ

**ਚੰਡੀਗੜ੍ਹ**- ਆਮ ਆਦਮੀ ਪਾਰਟੀ ਨੇ ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੇ ਦਫ਼ਤਰ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਕੀਤੀ ਜਾ ਰਹੀ ਕਾਰਵਾਈ ਦੇ ਵਿਰੋਧ ਵਿੱਚ ਈਡੀ ਦੀਆਂ ਟੀਮਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਪਾਰਟੀ ਨੇ ਕਿਹਾ ਕਿ ਮੰਗਲਵਾਰ ਸਵੇਰ ਤੋਂ ਗਮਾਡਾ ਦਫ਼ਤਰ ਵਿੱਚ ਚੱਲ ਰਹੀ ਈਡੀ ਦੀ ਕਾਰਵਾਈ ਖ਼ਿਲਾਫ਼ ਉਹ ਵਿਰੋਧ ਪ੍ਰਦਰਸ਼ਨ ਕਰਨਗੇ।

'ਆਪ' ਨੇ ਦੋਸ਼ ਲਾਇਆ ਕਿ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਮੱਦੇਨਜ਼ਰ ਪੰਜਾਬ ਵਿੱਚ ਈਡੀ ਦੀਆਂ ਗਤੀਵਿਧੀਆਂ ਵਧੀਆਂ ਹਨ ਅਤੇ ਗਮਾਡਾ ਦਫ਼ਤਰ ਵਿੱਚ ਕੀਤੀ ਜਾ ਰਹੀ ਕਾਰਵਾਈ ਦਾ ਮਕਸਦ ਪੰਜਾਬ ਸਰਕਾਰ 'ਤੇ ਦਬਾਅ ਬਣਾਉਣਾ ਹੈ। ਪਾਰਟੀ ਨੇ ਕਿਹਾ ਕਿ ਮੋਹਾਲੀ ਸਥਿਤ ਗਮਾਡਾ ਦਫ਼ਤਰ ਵਿੱਚ ਲੰਬੇ ਸਮੇਂ ਤੋਂ ਤਲਾਸ਼ੀ ਅਤੇ ਜਾਂਚ ਚੱਲ ਰਹੀ ਹੈ, ਪਰ ਇਸ ਦੇ ਬਾਵਜੂਦ ਏਜੰਸੀ ਵੱਲੋਂ ਹੁਣ ਤੱਕ ਕੁਝ ਠੋਸ ਮਿਲਣ ਦੀ ਜਾਣਕਾਰੀ ਸਾਹਮਣੇ ਨਹੀਂ ਆਈ।

ਪਾਰਟੀ ਆਗੂਆਂ ਨੇ ਈਡੀ ਦੀ ਕਾਰਵਾਈ ਦੇ ਸਮੇਂ ਅਤੇ ਢੰਗ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀ ਸੱਤਾਧਾਰੀ ਭਾਜਪਾ ਵੱਲੋਂ ਕੇਂਦਰੀ ਜਾਂਚ ਏਜੰਸੀ ਦੀ ਵਰਤੋਂ ਕਰਕੇ ਸਰਕਾਰੀ ਅਧਿਕਾਰੀਆਂ 'ਤੇ ਦਬਾਅ ਬਣਾਉਣ ਅਤੇ ਉਨ੍ਹਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਗਮਾਡਾ ਦਫ਼ਤਰ ਵਿੱਚ ਈਡੀ ਦੀ ਛਾਪੇਮਾਰੀ ਅਤੇ ਜਾਂਚ ਦਾ ਅੱਜ ਤੀਜਾ ਦਿਨ ਹੈ। ਦੱਸਿਆ ਜਾ ਰਿਹਾ ਹੈ ਕਿ ਇੱਥੇ ਕਥਿਤ ਮਨੀ ਲਾਂਡਰਿੰਗ, ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ, ਜ਼ਮੀਨ ਗ੍ਰਹਿਣ ਅਤੇ ਇੱਕ ਵਪਾਰਕ ਬੈਂਕਰ ਰਾਹੀਂ 15,000 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਹਾਲ ਹੀ ਵਿੱਚ ਕੀਤੀ ਗਈ ਕੋਸ਼ਿਸ਼ ਨਾਲ ਸਬੰਧਤ ਫਾਈਲਾਂ ਮੌਜੂਦ ਹਨ।

ਇਸੇ ਦੌਰਾਨ ਬੀਤੀ ਰਾਤ ਈਡੀ ਵੱਲੋਂ 'ਆਪ' ਦੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਸਤਿੰਦਰ ਜੈਨ ਦੇ ਘਰ ਵੀ ਛਾਪੇਮਾਰੀ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਹੈ।




'ਆਪ' ਨੇ ਕਿਹਾ ਕਿ ਲੰਬੀ ਤਲਾਸ਼ੀ ਦੇ ਬਾਵਜੂਦ ਈਡੀ ਨੂੰ ਹੁਣ ਤੱਕ ਕੁਝ ਨਹੀਂ ਮਿਲਿਆ ਹੈ। ਪਾਰਟੀ ਨੇ ਦੋਸ਼ ਲਾਇਆ ਕਿ ਤਲਾਸ਼ੀ ਦੇ ਸਮੇਂ ਅਤੇ ਤਰੀਕੇ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਦਾ ਉਦੇਸ਼ ਸਰਕਾਰੀ ਅਧਿਕਾਰੀਆਂ 'ਤੇ ਦਬਾਅ ਬਣਾਉਣਾ ਸੀ।

ਹਾਲਾਂਕਿ, ਈਡੀ ਵੱਲੋਂ ਆਪਣੀ ਜਾਂਚ ਪੂਰੀ ਨਹੀਂ ਕੀਤੀ ਗਈ ਹੈ ਅਤੇ ਏਜੰਸੀ ਨੇ ਅਧਿਕਾਰਤ ਤੌਰ 'ਤੇ ਇਹ ਨਹੀਂ ਕਿਹਾ ਕਿ ਤਲਾਸ਼ੀ ਦੌਰਾਨ ਕੋਈ ਇਤਰਾਜ਼ਯੋਗ ਸਮੱਗਰੀ ਬਰਾਮਦ ਨਹੀਂ ਹੋਈ। ਇਸੇ ਦੌਰਾਨ ਅਜਿਹੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ ਕਿ ਸੈਕਟਰ-19 ਸਥਿਤ ਇੱਕ ਆਈਏਐੱਸ ਅਧਿਕਾਰੀ ਦੀ ਰਿਹਾਇਸ਼ 'ਤੇ ਕੀਤੀ ਗਈ ਤਲਾਸ਼ੀ ਦੌਰਾਨ ਵੱਡੀ ਮਾਤਰਾ ਵਿੱਚ ਨਕਦੀ ਬਰਾਮਦ ਹੋਈ ਹੈ।

ਆਮ ਆਦਮੀ ਪਾਰਟੀ ਨੇ ਇਹ ਵੀ ਦੋਸ਼ ਲਾਇਆ ਕਿ ਚੋਣਾਂ ਤੋਂ ਪਹਿਲਾਂ ਵਾਰ-ਵਾਰ ਈਡੀ ਦੀ ਕਾਰਵਾਈ ਪੰਜਾਬ ਦੀ ਭਗਵੰਤ ਮਾਨ ਸਰਕਾਰ 'ਤੇ ਦਬਾਅ ਬਣਾਉਣ ਅਤੇ ਸੂਬੇ ਦੇ ਪ੍ਰਸ਼ਾਸਨਿਕ ਕੰਮਕਾਜ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਹੈ। 'ਆਪ' ਆਗੂਆਂ ਨੇ ਕਿਹਾ ਕਿ ਪਾਰਟੀ ਪੰਜਾਬ ਵਿੱਚ ਭਾਜਪਾ ਦੇ ਦਬਾਅ ਵਾਲੇ ਤਰੀਕਿਆਂ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਇਸ ਦੇ ਵਿਰੋਧ ਵਿੱਚ ਈਡੀ ਦੀਆਂ ਟੀਮਾਂ ਦੇ ਘਿਰਾਓ ਦਾ ਐਲਾਨ ਕੀਤਾ ਗਿਆ ਹੈ।

## ਅਜਨਾਲਾ ਤੋਂ ਜੋਧ ਸਿੰਘ ਸਮਰਾ ਹੋਣਗੇ ਅਕਾਲੀ ਦਲ ਦੇ ਉਮੀਦਵਾਰ, ਸੁਖਬੀਰ ਬਾਦਲ ਨੇ ਕੀਤਾ ਐਲਾਨ

**ਚੰਡੀਗੜ੍ਹ**- ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਹਲਕਾ ਅਜਨਾਲਾ ਦੇ ਪਿੰਡ ਉਗਰ ਔਲਖ ਵਿਖੇ 'ਪੰਜਾਬ ਬਚਾਓ ਰੈਲੀ' ਕਰਵਾਈ ਗਈ। ਰੈਲੀ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਪਾਰਟੀ ਵਰਕਰਾਂ ਤੇ ਹਲਕੇ ਦੇ ਲੋਕਾਂ ਨੂੰ ਸੰਬੋਧਨ ਕੀਤਾ।

ਰੈਲੀ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜੋਧ ਸਿੰਘ ਸਮਰਾ ਨੂੰ ਵਿਧਾਨ ਸਭਾ ਹਲਕਾ ਅਜਨਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਐਲਾਨ ਦਿੱਤਾ। ਇਸ ਐਲਾਨ ਦੇ ਨਾਲ ਹੀ ਉਨ੍ਹਾਂ ਨੇ ਪਾਰਟੀ ਵੱਲੋਂ ਹਲਕੇ ਵਿੱਚ ਚੋਣ ਸਰਗਰਮੀਆਂ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ।

ਸੁਖਬੀਰ ਸਿੰਘ ਬਾਦਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਜੇਕਰ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ ਆਟਾ-ਦਾਲ ਸਕੀਮ ਨੂੰ ਮੁੜ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤਹਿਤ 4 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ 50 ਕਿਲੋ ਅਨਾਜ ਦੇਣ ਦੀ ਵਿਵਸਥਾ ਕੀਤੀ ਜਾਵੇਗੀ।



**'ਪੰਜਾਬ ਬਚਾਓ ਰੈਲੀ' ਦੌਰਾਨ ਪਾਰਟੀ ਪ੍ਰਧਾਨ ਨੇ ਉਮੀਦਵਾਰੀ ਦਾ ਕੀਤਾ ਐਲਾਨ; ਸਰਕਾਰ ਬਣਨ 'ਤੇ ਆਟਾ-ਦਾਲ ਸਕੀਮ ਮਜ਼ਬੂਤ ਕਰਨ ਅਤੇ ਸ਼ਗਨ ਸਕੀਮ ਦੀ ਰਾਸ਼ੀ ਵਧਾਉਣ ਦਾ ਵਾਅਦਾ**

ਉਨ੍ਹਾਂ ਨੇ ਸ਼ਗਨ ਸਕੀਮ ਦੀ ਰਾਸ਼ੀ ਵਿੱਚ ਵਾਧਾ ਕਰਨ ਦਾ ਵੀ ਐਲਾਨ ਕੀਤਾ। ਸੁਖਬੀਰ ਬਾਦਲ ਨੇ ਕਿਹਾ ਕਿ ਸਰਕਾਰ ਬਣਨ 'ਤੇ ਸ਼ਗਨ ਸਕੀਮ ਦੀ ਰਾਸ਼ੀ ਵਧਾ ਕੇ 1 ਲੱਖ ਰੁਪਏ ਕੀਤੀ ਜਾਵੇਗੀ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਹਲਕੇ ਦੇ ਲੋਕਾਂ ਅਤੇ ਪਾਰਟੀ ਵਰਕਰਾਂ ਨੂੰ ਇੱਕਜੁੱਟ ਹੋ ਕੇ ਜੋਧ ਸਿੰਘ ਸਮਰਾ ਦੇ ਹੱਕ ਵਿੱਚ ਸਮਰਥਨ ਦੇਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਜੋਧ ਸਿੰਘ ਸਮਰਾ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਇਕੱਠੇ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ।

## ਸੰਗਤ ਦੇ ਸਵਾਲਾਂ ਦਾ ਜਵਾਬ ਦੇਵੇ ਸ਼੍ਰੋਮਣੀ ਕਮੇਟੀ: ਬਲਤੇਜ ਪੰਨੂ

### ਸ੍ਰੀ ਆਨੰਦਪੁਰ ਸਾਹਿਬ ਦੀ ਸਰਾਂ 'ਚ ਵਾਪਰੀ ਘਟਨਾ ਨੂੰ ਲੈ ਕੇ ਐੱਸਜੀਪੀਸੀ ਪ੍ਰਧਾਨ ਦੀ ਚੁੱਪੀ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਮਰਜੀਤ ਸਿੰਘ ਚਾਵਲਾ ਨਾਲ ਸਬੰਧਤ ਘਟਨਾ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦੀ ਚੁੱਪੀ 'ਤੇ ਸਵਾਲ ਚੁੱਕੇ ਹਨ।



ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਲਗਭਗ ਇੱਕ ਮਹੀਨੇ ਬਾਅਦ ਸਾਹਮਣੇ ਆਏ ਅਤੇ ਵੀਡੀਓ ਰਾਹੀਂ ਆਪਣਾ ਬਿਆਨ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਦੀ ਸਰਾਂ ਵਿੱਚ ਵਾਪਰੀ ਘਟਨਾ ਨੂੰ ਲੈ ਕੇ ਸਿੱਖ ਸੰਗਤ ਵੱਲੋਂ ਲਗਾਤਾਰ ਸਵਾਲ ਉਠਾਏ ਜਾ ਰਹੇ ਹਨ ਅਤੇ ਇਨ੍ਹਾਂ ਸਵਾਲਾਂ ਦੇ ਜਵਾਬ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਦੇਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਧਾਰਮਿਕ ਸੰਸਥਾਵਾਂ ਦੀ ਕਾਰਜਪ੍ਰਣਾਲੀ ਅਤੇ ਉਨ੍ਹਾਂ ਦੀ ਆਜ਼ਾਦੀ ਨੂੰ ਲੈ ਕੇ ਵੀ ਸਵਾਲ ਖੜ੍ਹੇ ਕੀਤੇ ਹਨ। ਬਲਤੇਜ ਪੰਨੂ ਨੇ ਕਿਹਾ ਕਿ ਸੰਗਤ ਅਤੇ ਪੰਜਾਬ ਦੇ ਲੋਕਾਂ ਨੂੰ ਧਾਰਮਿਕ ਸੰਸਥਾਵਾਂ ਦੇ ਕੰਮਕਾਜ ਸਬੰਧੀ ਸਵਾਲ ਪੁੱਛਣ ਦਾ ਪੂਰਾ ਹੱਕ ਹੈ।

'ਆਪ' ਪੰਜਾਬ ਦੇ ਮੀਡੀਆ ਇੰਚਾਰਜ ਨੇ ਕਿਹਾ ਕਿ ਸਿੱਖ ਬੁੱਧੀਜੀਵੀਆਂ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਵੀ ਇਸ ਮੁੱਦੇ 'ਤੇ ਆਪਣੀ ਗੱਲ ਰੱਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਸੰਸਥਾਵਾਂ ਦਾ ਅਕਸ ਖਰਾਬ ਕਰਨ ਵਾਲੀਆਂ ਘਟਨਾਵਾਂ ਨੂੰ ਪੰਜਾਬੀ ਲੋਕ ਮੁਆਫ਼ ਨਹੀਂ ਕਰਨਗੇ।

ਬਲਤੇਜ ਪੰਨੂ ਨੇ ਇਹ ਵੀ ਕਿਹਾ ਕਿ ਧਾਰਮਿਕ ਸੰਸਥਾਵਾਂ 'ਤੇ ਲੰਬੇ ਸਮੇਂ ਤੱਕ ਸਿਆਸੀ ਕੰਟਰੋਲ ਰਹਿਣ ਨਾਲ ਇਨ੍ਹਾਂ ਸੰਸਥਾਵਾਂ ਪ੍ਰਤੀ ਲੋਕਾਂ ਦਾ ਭਰੋਸਾ ਹੋਰ ਘਟ ਸਕਦਾ ਹੈ।

## ਅਕਾਲ ਤਖ਼ਤ ਸਾਹਿਬ ਦਾ ਵੱਡਾ ਫ਼ੈਸਲਾ, ਅਮਰਜੀਤ ਸਿੰਘ ਚਾਵਲਾ ਤੇ ਗਿਆਨੀ ਮਲਕੀਤ ਸਿੰਘ ਪੰਥ ਤੋਂ ਖ਼ਾਰਜ

### ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮਗਰੋਂ ਸੁਣਾਇਆ ਫ਼ੈਸਲਾ; ਸਿੱਖ ਸੰਗਤ ਨੂੰ ਦੋਵਾਂ ਨਾਲ ਕਿਸੇ ਕਿਸਮ ਦਾ ਮੇਲ-ਮਿਲਾਪ ਨਾ ਰੱਖਣ ਦੇ ਹੁਕਮ

**ਅੰਮ੍ਰਿਤਸਰ** — ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੂੰ ਖ਼ਾਲਸਾ ਪੰਥ ਵਿੱਚੋਂ ਖ਼ਾਰਜ ਕਰਨ ਦਾ ਫ਼ੈਸਲਾ ਸੁਣਾਇਆ ਗਿਆ। ਇਹ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸੁਣਾਇਆ ਗਿਆ।

ਸਿੰਘ ਸਾਹਿਬਾਨ ਵੱਲੋਂ ਇਹ ਕਾਰਵਾਈ ਇੱਕ ਬੀਬੀ ਵੱਲੋਂ ਦੋਵਾਂ 'ਤੇ ਲਗਾਏ ਗਏ ਗੰਭੀਰ ਦੋਸ਼ਾਂ ਦੇ ਮਾਮਲੇ ਵਿੱਚ ਕੀਤੀ ਗਈ ਹੈ। ਫ਼ੈਸਲਾ ਸੁਣਾਉਂਦਿਆਂ ਕਿਹਾ ਗਿਆ ਕਿ ਅਜਿਹੇ ਗੰਭੀਰ ਦੋਸ਼ਾਂ ਕਾਰਨ ਸਿੱਖ ਸੰਗਤ ਦੀਆਂ ਭਾਵਨਾਵਾਂ ਅਤੇ ਸਿੱਖ ਧਾਰਮਿਕ ਸੰਸਥਾਵਾਂ ਦੇ ਵਕਾਰ ਨੂੰ ਠੇਸ ਪੁੱਜੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਸੰਗਤ ਨੂੰ ਦੋਵਾਂ ਨਾਲ ਕਿਸੇ ਕਿਸਮ ਦਾ ਮੇਲ-ਮਿਲਾਪ ਨਾ ਰੱਖਣ ਦੀ ਹਦਾਇਤ ਕੀਤੀ ਗਈ ਹੈ।

ਫ਼ੈਸਲੇ ਅਨੁਸਾਰ ਦੋਵਾਂ ਨੂੰ ਸਿੱਖ ਧਾਰਮਿਕ ਸੰਸਥਾਵਾਂ ਵਿੱਚ ਸੇਵਾ ਜਾਂ ਕਿਸੇ ਵੀ ਤਰ੍ਹਾਂ ਦਾ ਕੰਮ ਕਰਨ ਤੋਂ ਵੀ ਰੋਕ ਦਿੱਤਾ ਗਿਆ ਹੈ। ਉਪਲਬਧ ਰਿਪੋਰਟਾਂ ਮੁਤਾਬਕ ਅਮਰਜੀਤ ਸਿੰਘ ਚਾਵਲਾ ਨੂੰ ਇਸ ਮਾਮਲੇ ਵਿੱਚ ਨਿਰਦੋਸ਼ ਸਾਬਤ ਹੋਣ ਤੱਕ ਪੰਥ ਤੋਂ ਖ਼ਾਰਜ ਮੰਨਿਆ ਜਾਵੇਗਾ ਅਤੇ ਨਿਰਦੋਸ਼ ਸਾਬਤ ਹੋਣ ਤੋਂ ਬਾਅਦ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣਾ ਪਵੇਗਾ।



ਇਸ ਮਾਮਲੇ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਕਾਰਵਾਈ ਕੀਤੀ ਗਈ ਸੀ। ਐਡੀਸ਼ਨਲ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਡਰਾਈਵਰ ਵਜੋਂ ਸੇਵਾ ਨਿਭਾ ਰਹੇ ਮੋਹਣ ਸਿੰਘ ਨੂੰ ਮਾਮਲੇ ਵਿੱਚ ਨਾਂ ਆਉਣ ਕਾਰਨ ਤੁਰੰਤ ਪ੍ਰਭਾਵ ਤੋਂ ਮੁਅੱਤਲ ਕੀਤਾ ਗਿਆ ਸੀ। ਇਹ ਕਾਰਵਾਈ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਸੀ।

ਇਸ ਮਾਮਲੇ ਵਿੱਚ ਦੁਬਈ ਤੋਂ ਆਈ ਇੱਕ ਬੀਬੀ ਵੱਲੋਂ ਅਮਰਜੀਤ ਸਿੰਘ ਚਾਵਲਾ 'ਤੇ ਜਬਰ-ਜਨਾਹ ਸਮੇਤ ਗੰਭੀਰ ਦੋਸ਼ ਲਗਾਏ ਜਾਣ ਅਤੇ ਪੁਲੀਸ ਕੋਲ ਸ਼ਿਕਾਇਤ ਦਿੱਤੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ। ਇਸ ਤੋਂ ਬਾਅਦ ਅਮਰਜੀਤ ਸਿੰਘ ਚਾਵਲਾ ਵੱਲੋਂ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਦੀ ਜਾਣਕਾਰੀ ਵੀ ਸਾਹਮਣੇ ਆਈ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਬਖ਼ਸ਼ੀਸ਼ ਸਿੰਘ ਅਤੇ ਪੰਜ ਪਿਆਰਿਆਂ ਵਿੱਚੋਂ ਭਾਈ ਮੰਗਲ ਸਿੰਘ ਸ਼ਾਮਲ ਹੋਏ।

ਪੰਜ ਸਿੰਘ ਸਾਹਿਬਾਨ ਦੇ ਫ਼ੈਸਲੇ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਸੰਸਥਾਵਾਂ ਅਤੇ ਸੰਗਤ ਨੂੰ ਧਾਰਮਿਕ ਸੰਸਥਾਵਾਂ ਦੀ ਮਰਿਆਦਾ ਅਤੇ ਵਕਾਰ ਕਾਇਮ ਰੱਖਣ ਸਬੰਧੀ ਵੀ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਫ਼ੈਸਲੇ ਨਾਲ ਅਮਰਜੀਤ ਸਿੰਘ ਚਾਵਲਾ ਅਤੇ ਗਿਆਨੀ ਮਲਕੀਤ ਸਿੰਘ ਨਾਲ ਜੁੜੇ ਮਾਮਲੇ ਵਿੱਚ ਪੰਥਕ ਪੱਧਰ 'ਤੇ ਇੱਕ ਵੱਡੀ ਕਾਰਵਾਈ ਹੋਈ ਹੈ।

## ਈਡੀ ਦੀ ਕਾਰਵਾਈ ਮਗਰੋਂ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਲਾਏ ਗੰਭੀਰ ਦੋਸ਼

### ਮੁੰਡੀਆਂ ਦਾ ਦਾਅਵਾ—ਭਾਜਪਾ ਵਿੱਚ ਸ਼ਾਮਲ ਹੋਣ ਲਈ ਦਬਾਅ ਬਣਾਉਣ ਵਾਸਤੇ ਈਡੀ ਦੀ ਵਰਤੋਂ; ਭਤੀਜੇ ਦੇ ਘਰ ਹੋਈ ਤਲਾਸ਼ੀ 'ਤੇ ਵੀ ਚੁੱਕੇ ਸਵਾਲ



**ਚੰਡੀਗੜ੍ਹ**- ਪੰਜਾਬ ਦੇ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਕਾਰਵਾਈ ਤੋਂ ਬਾਅਦ ਮੀਡੀਆ ਸਾਹਮਣੇ ਆ ਕੇ ਭਾਜਪਾ 'ਤੇ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਡਰਾਉਣ ਅਤੇ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰਨ ਵਾਸਤੇ ਈਡੀ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਵੱਲੋਂ ਉਨ੍ਹਾਂ ਦੇ ਦੇਸ਼ ਛੱਡ ਕੇ ਭੱਜਣ ਸਬੰਧੀ ਲਗਾਏ ਗਏ ਦੋਸ਼ਾਂ 'ਤੇ ਸਪੱਸ਼ਟੀਕਰਨ ਦਿੰਦਿਆਂ ਮੁੰਡੀਆਂ ਆਪਣੇ ਭਤੀਜੇ ਗੁਰਪ੍ਰੀਤ ਸਿੰਘ ਸੈਣੀ ਪ੍ਰਿੰਸ ਦੇ ਨਾਲ ਮੀਡੀਆ ਸਾਹਮਣੇ ਆਏ। ਉਨ੍ਹਾਂ ਦਾਅਵਾ ਕੀਤਾ ਕਿ ਸਾਹਨੇਵਾਲ ਸਥਿਤ ਪ੍ਰਿੰਸ ਦੇ ਘਰ 'ਤੇ ਬੀਤੇ ਦਿਨ ਈਡੀ ਵੱਲੋਂ ਕੀਤੀ ਗਈ ਤਲਾਸ਼ੀ ਦਾ ਮਕਸਦ ਉਨ੍ਹਾਂ 'ਤੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਦਬਾਅ ਬਣਾਉਣਾ ਸੀ।

ਗੁਰਪ੍ਰੀਤ ਸਿੰਘ ਸੈਣੀ ਦੇ ਘਰ ਦੀ ਈਡੀ ਵੱਲੋਂ ਕੀਤੀ ਗਈ ਤਲਾਸ਼ੀ ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਦਫ਼ਤਰ ਵਿੱਚ ਚੱਲ ਰਹੀ ਛਾਪੇਮਾਰੀ ਅਤੇ ਜਾਂਚ ਮੁਹਿੰਮ ਨਾਲ ਸਬੰਧਤ ਦੱਸੀ ਗਈ ਹੈ। ਈਡੀ ਵੱਲੋਂ ਸੈਣੀ ਦੇ ਵਿੱਤੀ ਲੈਣ-ਦੇਣ ਦੀ ਜਾਂਚ ਕੀਤੇ ਜਾਣ ਦੀ ਗੱਲ ਕਹੀ ਗਈ ਹੈ।

ਹਰਦੀਪ ਸਿੰਘ ਮੁੰਡੀਆਂ ਸਤੰਬਰ 2024 ਤੋਂ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਨਾਲ ਸਬੰਧਤ ਮੰਤਰੀ ਹਨ। ਇਸ ਦੌਰਾਨ ਈਡੀ ਵੱਲੋਂ ਪਿਛਲੇ ਕੁਝ ਸਾਲਾਂ ਵਿੱਚ ਗਮਾਡਾ ਵੱਲੋਂ ਕੀਤੇ ਗਏ ਜ਼ਮੀਨ ਗ੍ਰਹਿਣ, ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ ਅਤੇ ਹੋਰ ਸੌਦਿਆਂ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

ਮੁੰਡੀਆਂ ਨੇ ਦੋਸ਼ ਲਾਇਆ ਕਿ ਈਡੀ ਦੇ ਅਧਿਕਾਰੀ ਬੀਤੇ ਦਿਨ ਸਵੇਰੇ ਕਰੀਬ 11 ਵਜੇ ਉਨ੍ਹਾਂ ਦੇ ਭਤੀਜੇ ਪ੍ਰਿੰਸ ਦੇ ਘਰ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਵੱਲੋਂ ਪਰਿਵਾਰ ਦੀਆਂ ਔਰਤਾਂ 'ਤੇ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰਨ ਵਾਸਤੇ ਦਬਾਅ ਬਣਾਇਆ ਗਿਆ।

ਮੰਤਰੀ ਨੇ ਦੋਸ਼ ਲਾਇਆ ਕਿ ਤਲਾਸ਼ੀ ਦੌਰਾਨ ਈਡੀ ਅਧਿਕਾਰੀ ਅਤੇ ਉਨ੍ਹਾਂ ਦੇ ਕੁਝ ਡਰਾਈਵਰ ਨਸ਼ੇ ਦੀ ਹਾਲਤ ਵਿੱਚ ਸਨ ਅਤੇ ਪਰਿਵਾਰ ਦੀਆਂ ਔਰਤਾਂ ਨੂੰ ਪ੍ਰੇਸ਼ਾਨ ਕੀਤਾ ਗਿਆ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਤਲਾਸ਼ੀ ਮੁਹਿੰਮ ਦੌਰਾਨ ਈਡੀ ਨੂੰ ਕੁਝ ਨਹੀਂ ਮਿਲਿਆ ਅਤੇ ਅਧਿਕਾਰੀਆਂ ਨੇ ਰਾਤ ਕਰੀਬ 3 ਵਜੇ ਜਾਣ ਤੋਂ ਪਹਿਲਾਂ ਇਸ ਸਬੰਧੀ ਲਿਖਤੀ ਜਾਣਕਾਰੀ ਵੀ ਦਿੱਤੀ।

ਇਸ ਦੌਰਾਨ ਮੁੰਡੀਆਂ ਨੇ ਮੀਡੀਆ ਨੂੰ ਉਹ ਕਾਗਜ਼ ਵੀ ਦਿਖਾਏ, ਜੋ ਉਨ੍ਹਾਂ ਮੁਤਾਬਕ ਤਲਾਸ਼ੀ ਮੁਹਿੰਮ ਪੂਰੀ ਹੋਣ ਤੋਂ ਬਾਅਦ ਈਡੀ ਅਧਿਕਾਰੀਆਂ ਵੱਲੋਂ ਉਨ੍ਹਾਂ ਦੇ ਭਤੀਜੇ ਨੂੰ ਦਿੱਤੇ ਗਏ ਸਨ।

ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇਹ ਵੀ ਦੋਸ਼ ਲਾਇਆ ਕਿ ਈਡੀ ਅਧਿਕਾਰੀਆਂ ਨੇ ਕਰੀਬ 50 ਘੰਟੇ ਚੱਲੀ ਕਾਰਵਾਈ ਦੌਰਾਨ ਕੁਝ ਦਫ਼ਤਰਾਂ ਅਤੇ ਰਿਹਾਇਸ਼ਾਂ ਦੇ ਤਾਲੇ ਧੱਕੇ ਨਾਲ ਤੋੜੇ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕੁਝ ਸਮਾਂ ਪਹਿਲਾਂ ਹੀ ਸਮਾਪਤ ਹੋਈ ਹੈ।

## ਨਸ਼ਿਆਂ ਦੇ ਮੁੱਦੇ 'ਤੇ ਪੰਜਾਬ ਦੀ ਸਿਆਸਤ ਗਰਮਾਈ, ਭਾਜਪਾ ਨੇ ਗੀਤਾਂ ਤੇ ਵੀਡੀਓਜ਼ ਰਾਹੀਂ 'ਆਪ' ਸਰਕਾਰ ਨੂੰ ਘੇਰਿਆ

**ਚੰਡੀਗੜ੍ਹ**- 'ਨਸ਼ਾ ਮੁਕਤ ਪੰਜਾਬ ਯਾਤਰਾ' ਦੌਰਾਨ ਜਾਰੀ ਕੀਤੀ ਨਸ਼ਾ-ਵਿਰੋਧੀ ਮੁਹਿੰਮ; ਸੰਸਦ ਮੈਂਬਰ ਵਿਕਰਮਜੀਤ ਸਾਹਨੀ ਨੇ 'ਛੇਵਾਂ ਦਰਿਆ' ਗੀਤ ਰਾਹੀਂ ਨਸ਼ਿਆਂ ਖ਼ਿਲਾਫ਼ ਚੁੱਕੀ ਆਵਾਜ਼

ਪੰਜਾਬ ਵਿੱਚ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਸ਼ਿਆਂ ਦਾ ਮੁੱਦਾ ਸਿਆਸੀ ਤੌਰ 'ਤੇ ਹੋਰ ਭਖਦਾ ਨਜ਼ਰ ਆ ਰਿਹਾ ਹੈ। ਭਾਜਪਾ ਨੇ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਨ ਲਈ ਆਪਣੀ ਨਸ਼ਾ-ਵਿਰੋਧੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਪਾਰਟੀ ਵੱਲੋਂ ਸੋਸ਼ਲ ਮੀਡੀਆ 'ਤੇ ਨਸ਼ਿਆਂ ਨਾਲ ਸਬੰਧਤ ਕਈ ਗੀਤ, ਵੀਡੀਓਜ਼ ਅਤੇ ਰੀਲਜ਼ ਜਾਰੀ ਕੀਤੀਆਂ ਜਾ ਰਹੀਆਂ ਹਨ।

ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਦੌਰਾਨ ਵੀ ਨਸ਼ਿਆਂ ਦੇ ਮੁੱਦੇ ਨੂੰ ਪ੍ਰਮੁੱਖਤਾ ਨਾਲ ਉਠਾਇਆ ਗਿਆ। ਇਸ ਮੁਹਿੰਮ ਤਹਿਤ ਜਾਰੀ ਕੀਤੇ ਗਏ ਗੀਤਾਂ ਅਤੇ ਵੀਡੀਓਜ਼ ਵਿੱਚ 'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ' ਅਤੇ 'ਛੇਵਾਂ ਦਰਿਆ' ਖਾਸ ਤੌਰ 'ਤੇ ਚਰਚਾ ਵਿੱਚ ਹਨ।

'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ' ਪਾਰਟੀ ਦੀ ਰਸਮੀ ਨਸ਼ਾ-ਵਿਰੋਧੀ ਮੁਹਿੰਮ ਦਾ ਗੀਤ ਹੈ। ਇਸ ਨੂੰ 'ਨਸ਼ਾ ਮੁਕਤ ਪੰਜਾਬ ਯਾਤਰਾ' ਦੀ ਸ਼ੁਰੂਆਤ ਮੌਕੇ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਵੱਲੋਂ ਵੀ ਜਾਰੀ ਕੀਤਾ ਗਿਆ ਸੀ। ਇਸ ਗੀਤ ਰਾਹੀਂ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਉਭਾਰਦਿਆਂ 'ਆਪ' ਸਰਕਾਰ 'ਤੇ ਸਿਆਸੀ ਨਿਸ਼ਾਨਾ ਸੇਧਿਆ ਗਿਆ ਹੈ।

ਇਸੇ ਮੁਹਿੰਮ ਤਹਿਤ ਭਾਜਪਾ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਨੇ ਵੀ ਮਾਈਕ ਸੰਭਾਲਦਿਆਂ ਨਸ਼ਿਆਂ ਦੀ ਸਮੱਸਿਆ 'ਤੇ 'ਛੇਵਾਂ ਦਰਿਆ' ਨਾਮ ਦਾ ਗੀਤ ਤਿਆਰ ਕਰਕੇ ਗਾਇਆ ਹੈ। ਗੀਤ ਦੇ ਬੋਲਾਂ ਵਿੱਚ ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਪ੍ਰਭਾਵ ਅਤੇ ਸਰਕਾਰ ਦੀ ਜ਼ਿੰਮੇਵਾਰੀ ਦਾ ਮੁੱਦਾ ਉਠਾਇਆ ਗਿਆ ਹੈ।



ਗੀਤ ਵਿੱਚ ਕਿਹਾ ਗਿਆ ਹੈ, "ਕਿਸੇ ਦਾ ਇੱਕ ਮਰਦਾ, ਕਿਸੇ ਦੇ ਦੋ ਮਰਦੇ, ਗ਼ਲਤੀ ਸਰਕਾਰ ਦੀ ਹੈ, ਹਰਜਾਨੇ ਲੋਕ ਭਰਦੇ, ਨਹੀਂ ਚੱਲਣਾ ਹੁਣ ਬਹੁਤਾ ਚਿਰ ਝਾੜੂ ਵਾਲਿਆਂ ਦਾ ਕਾਰਾ, ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ।"

'ਛੇਵਾਂ ਦਰਿਆ' ਗੀਤ ਸੰਸਦ ਮੈਂਬਰ ਵਿਕਰਮਜੀਤ ਸਾਹਨੀ ਵੱਲੋਂ ਸੰਗੀਤਕਾਰ ਅਤੇ ਲੇਖਕ ਜਗਮੀਤ ਬੱਲ ਦੇ ਸਹਿਯੋਗ ਨਾਲ ਲਿਖਿਆ ਗਿਆ ਹੈ। ਸਾਹਨੀ ਪਹਿਲਾਂ ਵੀ ਕਈ ਸਿੱਖ ਧਾਰਮਿਕ ਅਤੇ ਸੂਫ਼ੀ ਗੀਤ ਗਾ ਚੁੱਕੇ ਹਨ।

ਵਿਕਰਮਜੀਤ ਸਾਹਨੀ ਨੇ 'ਦਿ ਟ੍ਰਿਬਿਊਨ ਸਮੂਹ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੂਫ਼ੀ ਸੰਗੀਤ ਬਹੁਤ ਪਸੰਦ ਹੈ। ਉਨ੍ਹਾਂ ਕਿਹਾ ਕਿ ਇਹ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਅੱਜ ਪੰਜਾਬ ਵਿੱਚ ਨਸ਼ਾ ਛੇਵੇਂ ਬੇਰੋਕ ਦਰਿਆ ਵਜੋਂ ਵਗ ਰਿਹਾ ਹੈ।

ਸਾਹਨੀ ਨੇ ਕਿਹਾ ਕਿ ਲੱਖਾਂ ਪੰਜਾਬੀ, ਜਿਨ੍ਹਾਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ, ਨਸ਼ਿਆਂ ਦੀ ਲਪੇਟ ਵਿੱਚ ਹਨ। ਉਨ੍ਹਾਂ ਮੁਤਾਬਕ ਇਹ ਗੀਤ ਪੰਜਾਬ ਦੇ ਸੱਭਿਆਚਾਰਕ ਵਿਰਸੇ, ਲੋਕ ਨਾਚਾਂ ਅਤੇ ਭੰਗੜੇ ਦੀ ਯਾਦ ਦਿਵਾਉਂਦਾ ਹੈ ਅਤੇ ਨਸ਼ਿਆਂ ਦੀ ਅਲਾਮਤ ਖ਼ਿਲਾਫ਼ ਲੜਾਈ ਵਿੱਚ ਇਨ੍ਹਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

ਦੂਜੇ ਪਾਸੇ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਵਿਕਰਮਜੀਤ ਸਾਹਨੀ 'ਤੇ ਨਿਸ਼ਾਨਾ ਸੇਧਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਛੱਡਣ ਦੇ ਮਹਿਜ਼ ਤਿੰਨ ਮਹੀਨਿਆਂ ਦੇ ਅੰਦਰ ਹੀ ਸੰਸਦ ਮੈਂਬਰ ਸਾਹਨੀ ਨੂੰ ਨਸ਼ਿਆਂ ਦੀ ਸਮੱਸਿਆ ਅਚਾਨਕ ਦਿਖਾਈ ਦੇਣ ਲੱਗ ਪਈ ਹੈ ਅਤੇ ਉਨ੍ਹਾਂ ਨੇ ਇਸ ਮੁੱਦੇ 'ਤੇ ਗੀਤ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ।

ਦੀਪਕ ਬਾਲੀ ਨੇ ਸਵਾਲ ਕਰਦਿਆਂ ਕਿਹਾ ਕਿ ਕੀ ਨਸ਼ਿਆਂ ਦਾ ਮੁੱਦਾ ਪਹਿਲਾਂ ਮੌਜੂਦ ਨਹੀਂ ਸੀ ਅਤੇ ਕੀ ਇਹ ਸਮੱਸਿਆ ਸਿਰਫ਼ ਤਿੰਨ ਮਹੀਨਿਆਂ ਵਿੱਚ ਪੈਦਾ ਹੋਈ ਹੈ। ਉਨ੍ਹਾਂ ਇਸ ਨੂੰ ਭਾਜਪਾ ਵੱਲੋਂ ਲਿਆਂਦਾ ਗਿਆ ਅਚਾਨਕ ਬਦਲਾਅ ਕਰਾਰ ਦਿੱਤਾ।

ਬਾਲੀ ਨੇ ਕਿਹਾ ਕਿ ਭਾਜਪਾ ਸਿਰਫ਼ ਗੀਤ ਬਣਾਉਣਾ ਜਾਣਦੀ ਹੈ, ਜਦਕਿ 'ਆਪ' ਸਰਕਾਰ ਵੱਲੋਂ ਜ਼ਮੀਨੀ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਲਈ ਵੀਡੀਓਜ਼ ਨਹੀਂ ਬਣਾ ਰਹੀ ਕਿਉਂਕਿ ਉਸ ਕੋਲ ਕਰਨ ਲਈ ਕੰਮ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਕਿਸੇ ਵੀ ਸਰਕਾਰ ਵੱਲੋਂ ਪਹਿਲਾਂ ਕਦੇ ਇੰਨੇ ਵੱਡੇ ਪੱਧਰ 'ਤੇ ਕੋਈ ਸੰਗਠਿਤ ਨਸ਼ਾ ਮੁਕਤੀ ਮੁਹਿੰਮ ਨਹੀਂ ਚਲਾਈ ਗਈ, ਜਿਵੇਂ ਕਿ 'ਆਪ' ਸਰਕਾਰ ਵੱਲੋਂ ਚਲਾਈ ਜਾ ਰਹੀ ਹੈ।

ਦੀਪਕ ਬਾਲੀ ਨੇ ਅੱਗੇ ਕਿਹਾ ਕਿ ਨਸ਼ਿਆਂ ਦੇ ਮਾਮਲੇ ਵਿੱਚ ਰੋਜ਼ਾਨਾ ਸਖ਼ਤ ਨਿਗਰਾਨੀ ਕੀਤੀ ਜਾਂਦੀ ਹੈ, ਰਿਪੋਰਟਾਂ ਭੇਜੀਆਂ ਜਾਂਦੀਆਂ ਹਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਵੀ ਇਨ੍ਹਾਂ ਮਾਮਲਿਆਂ 'ਤੇ ਗੰਭੀਰ ਕਾਰਵਾਈ ਕੀਤੀ ਜਾਂਦੀ ਹੈ।

ਇਸ ਤਰ੍ਹਾਂ ਪੰਜਾਬ ਵਿੱਚ ਆਗਾਮੀ ਚੋਣਾਂ ਤੋਂ ਪਹਿਲਾਂ ਨਸ਼ਿਆਂ ਦਾ ਮੁੱਦਾ ਸਿਆਸੀ ਚਰਚਾ ਦੇ ਕੇਂਦਰ ਵਿੱਚ ਆ ਗਿਆ ਹੈ। ਇੱਕ ਪਾਸੇ ਭਾਜਪਾ ਵੱਲੋਂ ਗੀਤਾਂ, ਵੀਡੀਓਜ਼ ਅਤੇ 'ਨਸ਼ਾ ਮੁਕਤ ਪੰਜਾਬ ਯਾਤਰਾ' ਰਾਹੀਂ ਇਸ ਮੁੱਦੇ ਨੂੰ ਉਭਾਰਿਆ ਜਾ ਰਿਹਾ ਹੈ, ਜਦਕਿ ਦੂਜੇ ਪਾਸੇ 'ਆਪ' ਵੱਲੋਂ ਸਰਕਾਰ ਦੀਆਂ ਨਸ਼ਾ-ਵਿਰੋਧੀ ਕਾਰਵਾਈਆਂ ਅਤੇ ਜ਼ਮੀਨੀ ਪੱਧਰ 'ਤੇ ਕੀਤੇ ਜਾ ਰਹੇ ਕੰਮਾਂ ਨੂੰ ਉਜਾਗਰ ਕੀਤਾ ਜਾ ਰਿਹਾ ਹੈ।

# ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਡੀਏ ਦਾ ਤੋਹਫ਼ਾ, 8 ਫ਼ੀਸਦੀ ਵਾਧੇ ਦਾ ਨੋਟੀਫ਼ਿਕੇਸ਼ਨ ਜਾਰੀ



**ਚੰਡੀਗੜ੍ਹ–**4-4 ਫ਼ੀਸਦੀ ਦੀਆਂ ਦੋ ਕਿਸ਼ਤਾਂ ਵਿੱਚ ਮਿਲੇਗਾ ਵਧਿਆ ਮਹਿੰਗਾਈ ਭੱਤਾ; ਸਤੰਬਰ ਅਤੇ ਅਕਤੂਬਰ ਦੀ ਤਨਖ਼ਾਹ ਨਾਲ ਹੋਵੇਗਾ ਭੁਗਤਾਨ

ਪੰਜਾਬ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਵਿੱਚ 8 ਫ਼ੀਸਦੀ ਵਾਧੇ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ।

ਇਸ ਫ਼ੈਸਲੇ ਤੋਂ ਬਾਅਦ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵਧੇ ਹੋਏ ਮਹਿੰਗਾਈ ਭੱਤੇ ਦਾ ਲਾਭ ਦੋ ਕਿਸ਼ਤਾਂ ਵਿੱਚ ਮਿਲੇਗਾ। ਸਰਕਾਰ ਵੱਲੋਂ ਡੀਏ ਵਿੱਚ ਕੀਤੇ ਗਏ ਇਸ ਵਾਧੇ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵੀ ਨਿਰਧਾਰਤ ਕਰ ਦਿੱਤੀ ਗਈ ਹੈ।

ਸਰਕਾਰ ਦੇ ਫ਼ੈਸਲੇ ਮੁਤਾਬਕ ਕੁੱਲ 8 ਫ਼ੀਸਦੀ ਵਾਧਾ 4-4 ਫ਼ੀਸਦੀ ਦੀਆਂ ਦੋ ਕਿਸ਼ਤਾਂ ਵਿੱਚ ਦਿੱਤਾ ਜਾਵੇਗਾ। ਪਹਿਲੀ 4 ਫ਼ੀਸਦੀ ਦੀ ਕਿਸ਼ਤ ਸਤੰਬਰ ਮਹੀਨੇ ਦੀ ਤਨਖ਼ਾਹ ਨਾਲ ਮਿਲੇਗੀ, ਜਦਕਿ ਦੂਜੀ 4 ਫ਼ੀਸਦੀ ਦੀ ਕਿਸ਼ਤ ਅਕਤੂਬਰ ਮਹੀਨੇ ਦੀ ਤਨਖ਼ਾਹ ਨਾਲ ਦੇਣ ਦੀ ਵਿਵਸਥਾ ਕੀਤੀ ਗਈ ਹੈ।

ਇਸ ਤਰ੍ਹਾਂ ਦੋਵਾਂ ਕਿਸ਼ਤਾਂ ਦੇ ਲਾਗੂ ਹੋਣ ਤੋਂ ਬਾਅਦ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਕੁੱਲ ਮਹਿੰਗਾਈ ਭੱਤਾ ਵਧ ਕੇ 50 ਫ਼ੀਸਦੀ ਹੋ ਜਾਵੇਗਾ। ਇਸ ਫ਼ੈਸਲੇ ਨਾਲ ਲੰਬੇ ਸਮੇਂ ਤੋਂ ਡੀਏ ਵਿੱਚ ਵਾਧੇ ਦੀ ਉਡੀਕ ਕਰ ਰਹੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵਿੱਤੀ ਰਾਹਤ ਮਿਲੇਗੀ।

ਜ਼ਿਕਰਯੋਗ ਹੈ ਕਿ ਮਹਿੰਗਾਈ ਭੱਤੇ ਵਿੱਚ ਵਾਧੇ ਦਾ ਮੁੱਦਾ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਲੰਬੇ ਸਮੇਂ ਤੋਂ ਸਰਕਾਰ ਕੋਲ ਉਠਾਇਆ ਜਾ ਰਿਹਾ ਸੀ। ਮੁਲਾਜ਼ਮ ਜਥੇਬੰਦੀਆਂ ਵੱਲੋਂ ਡੀਏ ਦੀਆਂ ਬਕਾਇਆ ਕਿਸ਼ਤਾਂ ਸਮੇਤ ਹੋਰ ਮੰਗਾਂ ਸਬੰਧੀ ਵੀ ਸਰਕਾਰ ਨਾਲ ਗੱਲਬਾਤ ਕੀਤੀ ਜਾਂਦੀ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਜ਼ਮ ਨੁਮਾਇੰਦਿਆਂ ਦੀ ਹੋਈ ਮੀਟਿੰਗ ਦੌਰਾਨ ਡੀਏ ਵਿੱਚ ਕੁੱਲ 8 ਫ਼ੀਸਦੀ ਵਾਧਾ ਕਰਨ ’ਤੇ ਸਹਿਮਤੀ ਬਣੀ ਸੀ।

ਸਰਕਾਰ ਵੱਲੋਂ ਹੁਣ ਇਸ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਨਾਲ ਵਧੇ ਹੋਏ ਡੀਏ ਨੂੰ ਤਨਖ਼ਾਹਾਂ ਨਾਲ ਜੋੜ ਕੇ ਦੇਣ ਦਾ ਰਸਤਾ ਸਾਫ਼ ਹੋ ਗਿਆ ਹੈ। ਪਹਿਲੀ ਕਿਸ਼ਤ ਦੇ ਤੌਰ ’ਤੇ 4 ਫ਼ੀਸਦੀ ਵਾਧਾ ਸਤੰਬਰ ਦੀ ਤਨਖ਼ਾਹ ਵਿੱਚ ਅਤੇ ਬਾਕੀ 4 ਫ਼ੀਸਦੀ ਵਾਧਾ ਅਕਤੂਬਰ ਦੀ ਤਨਖ਼ਾਹ ਵਿੱਚ ਸ਼ਾਮਲ ਕੀਤਾ ਜਾਵੇਗਾ।

ਡੀਏ ਵਿੱਚ ਇਸ ਵਾਧੇ ਨਾਲ ਪੰਜਾਬ ਸਰਕਾਰ ਦੇ ਖ਼ਜ਼ਾਨੇ ’ਤੇ ਵੀ ਵਾਧੂ ਵਿੱਤੀ ਬੋਝ ਪਵੇਗਾ। ਰਿਪੋਰਟਾਂ ਮੁਤਾਬਕ 8 ਫ਼ੀਸਦੀ ਡੀਏ ਵਾਧੇ ਕਾਰਨ ਸੂਬਾ ਸਰਕਾਰ ’ਤੇ ਲਗਪਗ 248 ਕਰੋੜ ਰੁਪਏ ਦਾ ਵਾਧੂ ਵਿੱਤੀ ਬੋਝ ਪੈਣ ਦਾ ਅਨੁਮਾਨ ਹੈ।

ਇਸ ਫ਼ੈਸਲੇ ਤੋਂ ਬਾਅਦ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਮਹਿੰਗਾਈ ਭੱਤੇ ਦੀ ਦਰ 50 ਫ਼ੀਸਦੀ ਤੱਕ ਪਹੁੰਚ ਜਾਵੇਗੀ। ਸਰਕਾਰ ਦੇ ਨੋਟੀਫ਼ਿਕੇਸ਼ਨ ਤੋਂ ਬਾਅਦ ਹੁਣ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਵਿੱਚ ਇਸ ਵਾਧੇ ਦਾ ਅਸਰ ਦੋ ਪੜਾਵਾਂ ਵਿੱਚ ਨਜ਼ਰ ਆਵੇਗਾ।

# ਐੱਸਆਈਆਰ ਮਾਮਲੇ ’ਤੇ ਕੌਕਰੇਚ ਜਨਤਾ ਪਾਰਟੀ ਦਾ ਅਲਟੀਮੇਟਮ, ਗਿਆਨੇਸ਼ ਕੁਮਾਰ ਤੋਂ ਅਸਤੀਫ਼ੇ ਦੀ ਮੰਗ

## 48 ਘੰਟਿਆਂ ਵਿੱਚ ਅਸਤੀਫ਼ਾ ਨਾ ਦੇਣ ’ਤੇ ਦੇਸ਼ ਭਰ ਵਿੱਚ ਅੰਦੋਲਨ ਸ਼ੁਰੂ ਕਰਨ ਦਾ ਐਲਾਨ



**ਨਵੀਂ ਦਿੱਲੀ:** ਕੌਕਰੇਚ ਜਨਤਾ ਪਾਰਟੀ (ਸੀਜੇਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਨਵੀਂ ਦਿੱਲੀ ਵਿੱਚ ਪ੍ਰੈੱਸ ਕਾਨਫ਼ਰੰਸ ਦੌਰਾਨ ਉਨ੍ਹਾਂ ਕਿਹਾ ਕਿ ਗਿਆਨੇਸ਼ ਕੁਮਾਰ ਨੂੰ 48 ਘੰਟਿਆਂ ਦੇ ਅੰਦਰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਅਜਿਹਾ ਨਹੀਂ ਕੀਤਾ ਗਿਆ ਤਾਂ ਪਾਰਟੀ ਵੱਲੋਂ ਦੇਸ਼ ਭਰ ਵਿੱਚ ਵੱਡੇ ਪੱਧਰ ’ਤੇ ਅੰਦੋਲਨ ਸ਼ੁਰੂ ਕੀਤਾ ਜਾਵੇਗਾ।

ਅਭਿਜੀਤ ਦੀਪਕੇ ਨੇ ਗਿਆਨੇਸ਼ ਕੁਮਾਰ ’ਤੇ ਐੱਸਆਈਆਰ ਤਹਿਤ ਵੱਡੀ ਗਿਣਤੀ ਵਿੱਚ ਵੋਟਰਾਂ ਦੇ ਨਾਂ ਸੂਚੀਆਂ ਵਿੱਚੋਂ ਹਟਾਉਣ ਦੇ ਦੋਸ਼ ਲਗਾਏ। ਉਨ੍ਹਾਂ ਦਾਅਵਾ ਕੀਤਾ ਕਿ ਇਸ ਪ੍ਰਕਿਰਿਆ ਤਹਿਤ ਕਰੀਬ 13 ਕਰੋੜ ਵੋਟਰਾਂ ਦੇ ਨਾਂ ਕੱਟੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਦੇਸ਼ ਦੀ ਚੋਣ ਪ੍ਰਕਿਰਿਆ ਅਤੇ ਲੋਕਤੰਤਰ ਲਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

ਉਨ੍ਹਾਂ ਕਿਹਾ ਕਿ ਇੱਕ ਮੀਡੀਆ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ ਸਬੰਧੀ ਚਿੰਤਾਵਾਂ ਜ਼ਾਹਰ ਕੀਤੀਆਂ ਸਨ, ਪਰ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਅਣਸੁਣਿਆ ਕਰ ਦਿੱਤਾ ਗਿਆ। ਅਭਿਜੀਤ ਦੀਪਕੇ ਨੇ ਇਸ ਰਿਪੋਰਟ ਦਾ ਹਵਾਲਾ ਦਿੰਦਿਆਂ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ ’ਤੇ ਸਵਾਲ ਚੁੱਕੇ।

ਸੀਜੇਪੀ ਆਗੂ ਨੇ ਦੋਸ਼ ਲਾਇਆ ਕਿ ਹੁਣ ਸਥਿਤੀ ਅਜਿਹੀ ਬਣ ਗਈ ਹੈ ਕਿ ਲੋਕ ਇਹ ਤੈਅ ਨਹੀਂ ਕਰ ਰਹੇ ਕਿ ਉਹ ਕਿਸ ਨੂੰ ਵੋਟ ਪਾਉਣ, ਸਗੋਂ ਸਰਕਾਰ ਇਹ ਤੈਅ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਿਸ ਦੀ ਵੋਟ ਬਣੇਗੀ ਅਤੇ ਕਿਸ ਦੀ ਨਹੀਂ। ਉਨ੍ਹਾਂ ਗਿਆਨੇਸ਼ ਕੁਮਾਰ ’ਤੇ ਭਾਜਪਾ ਨੂੰ ਸੱਤਾ ਵਿੱਚ ਬਣਾਈ ਰੱਖਣ ਲਈ ਕੰਮ ਕਰਨ ਦਾ ਦੋਸ਼ ਵੀ ਲਗਾਇਆ।

ਪ੍ਰੈੱਸ ਕਾਨਫ਼ਰੰਸ ਦੌਰਾਨ ਪਾਰਟੀ ਵੱਲੋਂ ਵੱਖ-ਵੱਖ ਸੂਬਿਆਂ ਵਿੱਚ ਵੋਟਰ ਸੂਚੀਆਂ ਵਿੱਚੋਂ ਨਾਂ ਹਟਾਏ ਜਾਣ ਸਬੰਧੀ ਅੰਕੜਿਆਂ ਦਾ ਹਵਾਲਾ ਵੀ ਦਿੱਤਾ ਗਿਆ। ਅਭਿਜੀਤ ਦੀਪਕੇ ਨੇ ਦੋਸ਼ ਲਾਇਆ ਕਿ ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਅਤੇ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਮਹਾਰਾਸ਼ਟਰ ਦਾ ਹਵਾਲਾ ਦਿੰਦਿਆਂ ਸ਼ਿਵ ਸੈਨਾ ਅਤੇ ਐੱਨਸੀਪੀ ਵਿੱਚ ਹੋਈਆਂ ਵੰਡਾਂ ਅਤੇ ਚੋਣ ਨਿਸ਼ਾਨਾਂ ਸਬੰਧੀ ਹੋਏ ਫ਼ੈਸਲਿਆਂ ’ਤੇ ਵੀ ਸਵਾਲ ਚੁੱਕੇ। ਉਨ੍ਹਾਂ ਦੋਸ਼ ਲਾਇਆ ਕਿ ਚੋਣ ਕਮਿਸ਼ਨ ਦੀ ਮਿਲੀਭੁਗਤ ਨਾਲ ਦੇਸ਼ ਵਿੱਚ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ ਅਤੇ ਇਸ ਪੂਰੇ ਮਾਮਲੇ ਵਿੱਚ ਗਿਆਨੇਸ਼ ਕੁਮਾਰ ਦੀ ਭੂਮਿਕਾ ਹੈ।

ਕੌਕਰੇਚ ਜਨਤਾ ਪਾਰਟੀ ਨੇ ਕਿਹਾ ਕਿ ਜੇਕਰ ਮੁੱਖ ਚੋਣ ਕਮਿਸ਼ਨਰ ਵੱਲੋਂ 48 ਘੰਟਿਆਂ ਦੇ ਅੰਦਰ ਅਸਤੀਫ਼ਾ ਨਹੀਂ ਦਿੱਤਾ ਜਾਂਦਾ ਤਾਂ ਪਾਰਟੀ ਆਪਣੇ ਪੱਧਰ ’ਤੇ ਦੇਸ਼ ਭਰ ਵਿੱਚ ਅੰਦੋਲਨ ਸ਼ੁਰੂ ਕਰੇਗੀ।

# ਕਿਸਾਨ-ਮਜ਼ਦੂਰ ਮੁੱਦਿਆਂ ’ਤੇ ਮੁੜ ਵੱਡੇ ਸੰਘਰਸ਼ ਦੀ ਤਿਆਰੀ, ਟਿਕੈਤ ਨੇ ਚੋਣਾਂ ਤੋਂ ਦੂਰ ਰਹਿਣ ਦੀ ਕੀਤੀ ਅਪੀਲ

**ਚੰਡੀਗੜ੍ਹ–** ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਚੌਧਰੀ ਘਾਸੀ ਰਾਮ ਨੈਨ ਦੀ 9ਵੀਂ ਬਰਸੀ ਮੌਕੇ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਨਾਲ ਸਬੰਧਤ ਅਜਿਹੀਆਂ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ, ਜਿਨ੍ਹਾਂ ਨਾਲ ਆਉਣ ਵਾਲੇ ਸਮੇਂ ਵਿੱਚ ਖੇਤੀ ਖੇਤਰ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨੀਤੀਆਂ ਖ਼ਿਲਾਫ਼ ਦੇਸ਼ ਪੱਧਰ ’ਤੇ ਮੁੜ ਸੰਘਰਸ਼ ਵਿੱਢਿਆ ਜਾਵੇਗਾ।



ਰਾਕੇਸ਼ ਟਿਕੈਤ ਨੇ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਦਾ ਸਭ ਤੋਂ ਵੱਧ ਪ੍ਰਭਾਵ ਫਲਾਂ ਦੀ ਕਾਸ਼ਤ ਕਰਨ ਵਾਲੇ ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਦੇ ਕਿਸਾਨਾਂ ’ਤੇ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖੇ ਬਿਨਾਂ ਕੀਤੇ ਗਏ ਵਪਾਰਕ ਸਮਝੌਤੇ ਖੇਤੀ ਖੇਤਰ ਲਈ ਮੁਸ਼ਕਲਾਂ ਵਧਾ ਸਕਦੇ ਹਨ।

ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਅਤੇ ਬੀਜ ਬਿੱਲ ਵੀ ਖੇਤੀ ਖੇਤਰ ਦੇ ਉਲਟ ਸਾਬਤ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਖੇਤੀ ਲਈ ਵਧੀਆ ਕਿਸਮ ਦੇ ਬੀਜਾਂ ਦੀ ਖੋਜ ਅਤੇ ਵਿਕਾਸ ਦਾ ਕੰਮ ਸਥਾਨਕ ਖੇਤੀਬਾੜੀ ਯੂਨੀਵਰਸਿਟੀਆਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ।

ਕਿਸਾਨ ਆਗੂ ਨੇ ਦੋਸ਼ ਲਾਇਆ ਕਿ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੀ ਨਜ਼ਰ ਕਿਸਾਨਾਂ ਦੀਆਂ ਜ਼ਮੀਨਾਂ ’ਤੇ ਹੈ। ਉਨ੍ਹਾਂ ਕਿਹਾ ਕਿ ਸਥਾਨਕ ਸਰਕਾਰਾਂ ਨਾਲ ਮਿਲ ਕੇ ਕਿਸਾਨਾਂ ਨੂੰ ਬੇਜ਼ਮੀਨੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਲਈ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਦੀ ਰਾਖੀ ਲਈ ਇਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਵਾਪਸ ਲੈਣ ਸਮੇਂ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਲਾਗੂ ਕਰਵਾਉਣ ਅਤੇ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਹਾਸਲ ਕਰਨ ਲਈ ਕਿਸਾਨ ਜਥੇਬੰਦੀਆਂ ਦਾ ਸੰਘਰਸ਼ ਜਾਰੀ ਰਹੇਗਾ।

## ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਬਚਾਉਣ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ; ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਹੋਣ ਦਾ ਸੱਦਾ

**ਕਿਸਾਨ ਆਗੂਆਂ ਨੂੰ ਚੋਣਾਂ ਤੋਂ ਦੂਰ ਰਹਿਣ ਦੀ ਅਪੀਲ**

ਰਾਕੇਸ਼ ਟਿਕੈਤ ਨੇ ਪੰਜਾਬ ਅਤੇ ਉੱਤਰ ਪ੍ਰਦੇਸ਼ ਸਮੇਤ ਵੱਖ-ਵੱਖ ਸੂਬਿਆਂ ਵਿੱਚ ਹੋਣ ਵਾਲੀਆਂ ਚੋਣਾਂ ਦੌਰਾਨ ਕਿਸਾਨ ਆਗੂਆਂ ਨੂੰ ਚੋਣ ਮੈਦਾਨ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਕੰਮ ਚੋਣਾਂ ਲੜਨਾ ਨਹੀਂ, ਸਗੋਂ ਲੋਕ ਮੁੱਦਿਆਂ ’ਤੇ ਧਿਆਨ ਕੇਂਦਰਿਤ ਕਰਨਾ ਅਤੇ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਨਾ ਹੈ।

ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਚੰਡੀਗੜ੍ਹ ਵਿੱਚ ਲਾਏ ਗਏ ਮੋਰਚੇ ਦੌਰਾਨ ਪੰਜਾਬ ਸਰਕਾਰ ਨੇ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਲਈ ਸਮਾਂ ਮੰਗਿਆ ਸੀ। ਉਨ੍ਹਾਂ ਕਿਹਾ ਕਿ 15 ਦਿਨ ਬੀਤ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਸਬੰਧੀ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

ਹਰਿੰਦਰ ਸਿੰਘ ਲੱਖੋਵਾਲ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਬਾਕੀ ਰਹਿੰਦੇ 15 ਦਿਨਾਂ ਵਿੱਚ ਜੇਕਰ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਵਾਅਦੇ ਅਤੇ ਮੰਨੀਆਂ ਗਈਆਂ ਮੰਗਾਂ ਲਾਗੂ ਕਰਨ ਲਈ ਕੋਈ ਠੋਸ ਕਦਮ ਨਾ ਚੁੱਕਿਆ ਤਾਂ 22 ਸਤੰਬਰ ਨੂੰ ਹੋਣ ਵਾਲੀ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿੱਚ ਅਗਲੇ ਸੰਘਰਸ਼ ਦੀ ਰੂਪ-ਰੇਖਾ ਤੈਅ ਕੀਤੀ ਜਾਵੇਗੀ।

**ਖੇਤੀ ਸੰਕਟ ’ਤੇ ਵੀ ਚਿੰਤਾ ਪ੍ਰਗਟਾਈ**

ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਦੇ ਆਗੂ ਸੁਖਦੇਵ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਖੇਤੀ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਕੌਮੀ ਪੱਧਰ ’ਤੇ ਮੀਂਹ ਔਸਤ ਨਾਲੋਂ 15 ਫ਼ੀਸਦ ਘੱਟ ਪਿਆ ਹੈ, ਜਦਕਿ ਪੰਜਾਬ ਅਤੇ ਹਰਿਆਣਾ ਵਿੱਚ ਇਹ ਘਾਟ 30 ਤੋਂ 35 ਫ਼ੀਸਦ ਤੱਕ ਰਹੀ ਹੈ। ਇਸ ਕਾਰਨ ਕਿਸਾਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ’ਤੇ ਦਬਾਅ ਬਣਾਉਣ ਲਈ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇਕੱਠੇ ਹੋਣ ਦੀ ਲੋੜ ਹੈ। ਉਨ੍ਹਾਂ ਖੇਤੀ ਖੇਤਰ ਲਈ ਕੁੱਲ ਬਜਟ ਦਾ 50 ਫ਼ੀਸਦ ਹਿੱਸਾ ਰਾਖਵਾਂ ਰੱਖਣ ਦੀ ਮੰਗ ’ਤੇ ਵੀ ਜ਼ੋਰ ਦਿੱਤਾ।

**ਕਿਸਾਨ ਜਥੇਬੰਦੀਆਂ ਨੂੰ ਇਕ ਮੰਚ ’ਤੇ ਆਉਣ ਦਾ ਸੱਦਾ**

ਸ਼ਰਧਾਂਜਲੀ ਸਮਾਗਮ ਵਿੱਚ ਵੱਖ-ਵੱਖ ਸੂਬਿਆਂ ਤੋਂ ਪਹੁੰਚੇ ਕਿਸਾਨ ਆਗੂਆਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਜੁੜੇ ਮੁੱਦਿਆਂ ਲਈ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇਕ ਮੰਚ ’ਤੇ ਇਕੱਠੇ ਹੋਣ ਦਾ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਵਿਚਕਾਰ ਵਖਰੇਵਿਆਂ ਦਾ ਸਰਕਾਰਾਂ ਨੂੰ ਲਾਭ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਅੰਦੋਲਨ ਦੀ ਤਰ੍ਹਾਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਹੋ ਕੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਸਮਾਗਮ ਦੌਰਾਨ ਚੌਧਰੀ ਘਾਸੀ ਰਾਮ ਨੈਨ ਦੇ ਸੰਘਰਸ਼ਮਈ ਜੀਵਨ ’ਤੇ ਲਿਖੀ ਪੁਸਤਕ ਵੀ ਜਾਰੀ ਕੀਤੀ ਗਈ।










## ਜੇਲ੍ਹ ਵਿੱਚ ਬੰਦ ਬਸੰਤ ਸਿੰਘ ਦੌਲਤਪੁਰਾ ਨਿਹਾਲ ਸਿੰਘ ਵਾਲਾ ਤੋਂ ਚੋਣ ਮੈਦਾਨ ’ਚ, ਉਮੀਦਵਾਰੀ ਦਾ ਐਲਾਨ

### ‘ਅਕਾਲੀ ਦਲ ਵਾਰਿਸ ਪੰਜਾਬ ਦੇ’ ਵੱਲੋਂ ਅੰਮ੍ਰਿਤਪਾਲ ਸਿੰਘ ਦੇ ਨੇੜਲੇ ਸਾਥੀ ਨੂੰ ਹਲਕਾ ਇੰਚਾਰਜ ਬਣਾਉਣ ਤੋਂ ਬਾਅਦ ਉਮੀਦਵਾਰ ਐਲਾਨਿਆ



**ਚੰਡੀਗੜ੍ਹ**–‘ਅਕਾਲੀ ਦਲ ਵਾਰਿਸ ਪੰਜਾਬ ਦੇ’ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਨਿਹਾਲ ਸਿੰਘ ਵਾਲਾ ਹਲਕੇ ਤੋਂ ਬਸੰਤ ਸਿੰਘ ਦੌਲਤਪੁਰਾ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਪਿੰਡ ਦੌਲਤਪੁਰਾ ਨਾਲ ਸਬੰਧਤ ਬਸੰਤ ਸਿੰਘ ਇਸ ਸਮੇਂ ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਹੈ ਅਤੇ ਉਹ ਅੰਮ੍ਰਿਤਪਾਲ ਸਿੰਘ ਦੇ ਨੇੜਲੇ ਸਾਥੀਆਂ ਵਿੱਚੋਂ ਦੱਸਿਆ ਜਾਂਦਾ ਹੈ।

ਜਥੇਬੰਦੀ ਵੱਲੋਂ ਦੋ ਦਿਨ ਪਹਿਲਾਂ ਹੀ ਬਸੰਤ ਸਿੰਘ ਦੌਲਤਪੁਰਾ ਨੂੰ ਨਿਹਾਲ ਸਿੰਘ ਵਾਲਾ ਹਲਕੇ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਬਾਅਦ ਹੁਣ ਉਸ ਨੂੰ ਹਲਕੇ ਤੋਂ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਇਸ ਤਰ੍ਹਾਂ ਬਸੰਤ ਸਿੰਘ ਜੇਲ੍ਹ ਵਿੱਚ ਰਹਿੰਦਿਆਂ ਹੀ ਨਿਹਾਲ ਸਿੰਘ ਵਾਲਾ ਤੋਂ ਚੋਣ ਲੜਨਗੇ।

ਦੂਜੇ ਪਾਸੇ ਨਿਹਾਲ ਸਿੰਘ ਵਾਲਾ ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਵੀ ਆਪਣੀਆਂ ਸਿਆਸੀ ਸਰਗਰਮੀਆਂ ਤੇਜ਼ ਕੀਤੀਆਂ ਗਈਆਂ ਹਨ। ਕੁਝ ਦਿਨ ਪਹਿਲਾਂ ਪਾਰਟੀ ਵੱਲੋਂ ਹਲਕੇ ਵਿੱਚ ਵੱਡੀ ਰੈਲੀ ਕੀਤੀ ਗਈ ਸੀ, ਜਿਸ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਹਲਕਾ ਇੰਚਾਰਜ ਰਾਜਵਿੰਦਰ ਸਿੰਘ ਧਰਮਕੋਟ ਨੂੰ ਸਮਰਥਨ ਦਿੱਤਾ ਸੀ।

ਬਸੰਤ ਸਿੰਘ ਦੌਲਤਪੁਰਾ ਦੀ ਉਮੀਦਵਾਰੀ ਨਾਲ ਨਿਹਾਲ ਸਿੰਘ ਵਾਲਾ ਹਲਕੇ ਵਿੱਚ ਚੋਣੀ ਸਰਗਰਮੀਆਂ ਹੋਰ ਵਧਣ ਦੀ ਸੰਭਾਵਨਾ ਹੈ। ‘ਅਕਾਲੀ ਦਲ ਵਾਰਿਸ ਪੰਜਾਬ ਦੇ’ ਵੱਲੋਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿਆਸੀ ਸਰਗਰਮੀਆਂ ਅਤੇ ਲੋਕਾਂ ਨਾਲ ਸੰਪਰਕ ਵਧਾਇਆ ਜਾ ਰਿਹਾ ਹੈ। ਜਥੇਬੰਦੀ ਵੱਲੋਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਪਣੇ ਪੱਧਰ ’ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਹਲਕੇ ਤੋਂ ਬਸੰਤ ਸਿੰਘ ਦੌਲਤਪੁਰਾ ਨੂੰ ਉਮੀਦਵਾਰ ਐਲਾਨੇ ਜਾਣ ਨਾਲ ਹੁਣ ਨਿਹਾਲ ਸਿੰਘ ਵਾਲਾ ਵਿੱਚ ਵੱਖ-ਵੱਖ ਸਿਆਸੀ ਧਿਰਾਂ ਦੀਆਂ ਸਰਗਰਮੀਆਂ ਅਤੇ ਉਮੀਦਵਾਰਾਂ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ।

# ਭਾਜਪਾ ਵੱਲੋਂ ਸੂਬਾਈ ਇੰਚਾਰਜਾਂ ਵਿੱਚ ਵੱਡਾ ਫੇਰਬਦਲ, ਪੰਜਾਬ ਦੀ ਜ਼ਿੰਮੇਵਾਰੀ ਸਤੀਸ਼ ਪੂਨੀਆ ਨੂੰ

### ਸਮ੍ਰਿਤੀ ਇਰਾਨੀ ਨੂੰ ਹਰਿਆਣਾ ਤੇ ਛੱਤੀਸਗੜ੍ਹ, ਤਰੁਣ ਚੁੱਘ ਨੂੰ ਗੁਜਰਾਤ ਅਤੇ ਮਹੇਂਦਰ ਪਾਂਡੇ ਨੂੰ ਚੰਡੀਗੜ੍ਹ ਦਾ ਇੰਚਾਰਜ ਬਣਾਇਆ



**ਚੰਡੀਗੜ੍ਹ**–ਭਾਰਤੀ ਜਨਤਾ ਪਾਰਟੀ ਨੇ ਆਉਣ ਵਾਲੇ ਵਿਧਾਨ ਸਭਾ ਚੋਣ ਚੱਕਰ ਤੋਂ ਪਹਿਲਾਂ ਸੰਗਠਨਾਤਮਕ ਪੱਧਰ ’ਤੇ ਵੱਡਾ ਫੇਰਬਦਲ ਕਰਦਿਆਂ 36 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਨਵੇਂ ਇੰਚਾਰਜਾਂ ਅਤੇ ਸਹਿ-ਇੰਚਾਰਜਾਂ ਦੀ ਨਿਯੁਕਤੀ ਕੀਤੀ ਹੈ। ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਨਿਯੁਕਤੀਆਂ ਵਿੱਚ ਕਈ ਸੀਨੀਅਰ ਆਗੂਆਂ ਨੂੰ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।

ਪੰਜਾਬ ਲਈ ਡਾ. ਸਤੀਸ਼ ਪੂਨੀਆ ਨੂੰ ਭਾਜਪਾ ਦਾ ਇੰਚਾਰਜ ਬਣਾਇਆ ਗਿਆ ਹੈ। ਉਨ੍ਹਾਂ ਦੇ ਨਾਲ ਦਿੱਲੀ ਭਾਜਪਾ ਦੇ ਸਾਬਕਾ ਪ੍ਰਧਾਨ ਵਿਰੇਂਦਰ ਸਚਦੇਵਾ ਅਤੇ ਅਲਕਾ ਗੁਰਜਰ ਨੂੰ ਪੰਜਾਬ ਦੇ ਸਹਿ-ਇੰਚਾਰਜ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਸਤੀਸ਼ ਪੂਨੀਆ ਨੂੰ ਜੰਮੂ-ਕਸ਼ਮੀਰ ਦਾ ਇੰਚਾਰਜ ਵੀ ਬਣਾਇਆ ਗਿਆ ਹੈ, ਜਿੱਥੇ ਰੀਨਾ ਕਸ਼ਯਪ ਸਹਿ-ਇੰਚਾਰਜ ਵਜੋਂ ਕੰਮ ਕਰਨਗੇ।

ਹਰਿਆਣਾ ਵਿੱਚ ਪਾਰਟੀ ਨੇ ਸਾਬਕਾ ਕੇਂਦਰੀ ਮੰਤਰੀ ਅਤੇ ਕੌਮੀ ਜਨਰਲ ਸਕੱਤਰ ਸਮ੍ਰਿਤੀ ਇਰਾਨੀ ਨੂੰ ਇੰਚਾਰਜ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਮਦਦ ਲਈ ਭੋਲਾ ਸਿੰਘ ਨੂੰ ਸਹਿ-ਇੰਚਾਰਜ ਬਣਾਇਆ ਗਿਆ ਹੈ। ਸਮ੍ਰਿਤੀ ਇਰਾਨੀ ਨੂੰ ਛੱਤੀਸਗੜ੍ਹ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ, ਜਿੱਥੇ ਸਿੱਧਾਰਥ ਸ਼ੰਭੂ ਸਹਿ-ਇੰਚਾਰਜ ਹੋਣਗੇ।

ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੀ ਜ਼ਿੰਮੇਵਾਰੀ ਮਹੇਂਦਰ ਪਾਂਡੇ ਨੂੰ ਦਿੱਤੀ ਗਈ ਹੈ। ਹਿਮਾਚਲ ਪ੍ਰਦੇਸ਼ ਵਿੱਚ ਉੱਤਰ ਪ੍ਰਦੇਸ਼ ਦੇ ਸੀਨੀਅਰ ਆਗੂ ਸ੍ਰੀਕਾਂਤ ਸ਼ਰਮਾ ਨੂੰ ਇੰਚਾਰਜ ਬਣਾਇਆ ਗਿਆ ਹੈ ਅਤੇ ਦਰਸ਼ਨਾ ਸਿੰਘ ਨੂੰ ਸਹਿ-ਇੰਚਾਰਜ ਦੀ ਜ਼ਿੰਮੇਵਾਰੀ ਮਿਲੀ ਹੈ।

ਗੁਜਰਾਤ ਵਿੱਚ ਭਾਜਪਾ ਦੇ ਸੀਨੀਅਰ ਆਗੂ ਤਰੁਣ ਚੁੱਘ ਨੂੰ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੇ ਨਾਲ ਅਜੈ ਮਹਾਵਰ ਅਤੇ ਗੋਮਤੀ ਸਾਈ ਨੂੰ ਸਹਿ-ਇੰਚਾਰਜ ਬਣਾਇਆ ਗਿਆ ਹੈ। ਤਰੁਣ ਚੁੱਘ ਪਹਿਲਾਂ ਪੰਜਾਬ ਨਾਲ ਸਬੰਧਤ ਸੰਗਠਨਾਤਮਕ ਜ਼ਿੰਮੇਵਾਰੀਆਂ ਨਿਭਾ ਰਹੇ ਸਨ ਅਤੇ ਹੁਣ ਉਨ੍ਹਾਂ ਨੂੰ ਗੁਜਰਾਤ ਦੀ ਨਵੀਂ ਜ਼ਿੰਮੇਵਾਰੀ ਸੌਂਪੀ ਗਈ ਹੈ।

ਮਹਾਰਾਸ਼ਟਰ ਵਿੱਚ ਰਾਜ ਸਭਾ ਮੈਂਬਰ ਬੈਜਯੰਤ ਪਾਂਡਾ ਨੂੰ ਇੰਚਾਰਜ ਬਣਾਇਆ ਗਿਆ ਹੈ। ਉਨ੍ਹਾਂ ਦੇ ਨਾਲ ਅਮਿਤ ਮਾਲਵੀਆ, ਸਦਾਨੰਦ ਸ਼ੇਟ ਤਨਾਵਡੇ ਅਤੇ ਕਮਲਜੀਤ ਸਹਿਰਾਵਤ ਨੂੰ ਸਹਿ-ਇੰਚਾਰਜ ਬਣਾਇਆ ਗਿਆ ਹੈ। ਮੱਧ ਪ੍ਰਦੇਸ਼ ਦੀ ਜ਼ਿੰਮੇਵਾਰੀ ਬਿਪਲਬ ਕੁਮਾਰ ਦੇਵ ਨੂੰ ਦਿੱਤੀ ਗਈ ਹੈ, ਜਦੋਂਕਿ ਦਿੱਲੀ ਲਈ ਵਿਨੈ ਸਹਸ੍ਰਬੁੱਧੇ ਨੂੰ ਇੰਚਾਰਜ ਬਣਾਇਆ ਗਿਆ ਹੈ।

ਉੱਤਰ ਪ੍ਰਦੇਸ਼ ਵਿੱਚ ਕੌਮੀ ਜਨਰਲ ਸਕੱਤਰ ਵਿਨੋਦ ਤਾਵੜੇ ਨੂੰ ਇੰਚਾਰਜ ਬਣਾਇਆ ਗਿਆ ਹੈ। ਉਨ੍ਹਾਂ ਨਾਲ ਜਗਦੀਸ਼ ਪਟੇਲ, ਮੇਧਾ ਕੁਲਕਰਨੀ, ਪ੍ਰਦੀਪ ਵਰਮਾ ਅਤੇ ਅਨੰਤ ਓਝਾ ਸਹਿ-ਇੰਚਾਰਜ ਵਜੋਂ ਕੰਮ ਕਰਨਗੇ। ਗੋਆ ਵਿੱਚ ਸਾਬਕਾ ਕੇਂਦਰੀ ਮੰਤਰੀ ਭਾਰਤੀ ਪਵਾਰ, ਮਨੀਪੁਰ ਵਿੱਚ ਰਾਜਦੀਪ ਰਾਏ ਅਤੇ ਬਿਹਾਰ ਵਿੱਚ ਹਰੀਸ਼ ਦਿਵੇਦੀ ਨੂੰ ਇੰਚਾਰਜ ਬਣਾਇਆ ਗਿਆ ਹੈ।

ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਨੂੰ ਵੀ ਨਵੀਆਂ ਸੰਗਠਨਾਤਮਕ ਜ਼ਿੰਮੇਵਾਰੀਆਂ ਦੇ ਤਹਿਤ ਵੱਖ-ਵੱਖ ਆਗੂਆਂ ਨੂੰ ਸੌਂਪਿਆ ਗਿਆ ਹੈ। ਇਸ ਲੜੀ ਵਿੱਚ ਪੰਜਾਬ ਲਈ ਸਤੀਸ਼ ਪੂਨੀਆ, ਉੱਤਰ ਪ੍ਰਦੇਸ਼ ਲਈ ਵਿਨੋਦ ਤਾਵੜੇ, ਗੋਆ ਲਈ ਭਾਰਤੀ ਪਵਾਰ, ਮਨੀਪੁਰ ਲਈ ਰਾਜਦੀਪ ਰਾਏ, ਹਿਮਾਚਲ ਪ੍ਰਦੇਸ਼ ਲਈ ਸ੍ਰੀਕਾਂਤ ਸ਼ਰਮਾ ਅਤੇ ਗੁਜਰਾਤ ਲਈ ਤਰੁਣ ਚੁੱਘ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ।

ਭਾਜਪਾ ਵੱਲੋਂ ਕੀਤੇ ਗਏ ਇਸ ਸੰਗਠਨਾਤਮਕ ਫੇਰਬਦਲ ਵਿੱਚ ਪੰਜਾਬ ਨੂੰ ਵੀ ਅਹਿਮ ਜ਼ਿੰਮੇਵਾਰੀ ਵਾਲੇ ਸੂਬਿਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਪਾਰਟੀ ਨੇ ਸੂਬਾਈ ਸੰਗਠਨ ਨਾਲ ਤਾਲਮੇਲ ਅਤੇ ਆਉਣ ਵਾਲੇ ਚੋਣ ਚੱਕਰ ਨਾਲ ਜੁੜੀਆਂ ਗਤੀਵਿਧੀਆਂ ਲਈ ਨਵੇਂ ਇੰਚਾਰਜ ਅਤੇ ਸਹਿ-ਇੰਚਾਰਜ ਤਾਇਨਾਤ ਕੀਤੇ ਹਨ।

## ਚੰਡੀਗੜ੍ਹ ਦੀ ਅੰਤਿਮ ਵੋਟਰ ਸੂਚੀ ਜਾਰੀ, ਐੱਸਆਈਆਰ ਦੌਰਾਨ 56,218 ਨਾਮ ਹੋਏ ਬਾਹਰ

4.60 ਲੱਖ ਵੋਟਰਾਂ ਦੀ ਅੰਤਿਮ ਸੂਚੀ ਤਿਆਰ; 9,927 ਨਵੇਂ ਵੋਟਰ ਸ਼ਾਮਲ, ਦਾਅਵਿਆਂ ਤੇ ਇਤਰਾਜ਼ਾਂ ਦਾ ਕੀਤਾ ਗਿਆ ਨਿਪਟਾਰਾ

ਚੰਡੀਗੜ੍ਹ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਅੰਤਿਮ ਵੋਟਰ ਸੂਚੀ ਜਾਰੀ ਕਰ ਦਿੱਤੀ ਗਈ ਹੈ। ਇਸ ਪ੍ਰਕਿਰਿਆ ਦੌਰਾਨ ਸ਼ਹਿਰ ਵਿੱਚ ਕੁੱਲ 56,218 ਵੋਟਰਾਂ ਦੇ ਨਾਮ ਅੰਤਿਮ ਸੂਚੀ ਵਿੱਚ ਸ਼ਾਮਲ ਨਹੀਂ ਹੋ ਸਕੇ। ਹੁਣ ਚੰਡੀਗੜ੍ਹ ਵਿੱਚ 4,60,209 ਵੋਟਰਾਂ ਦੀ ਅੰਤਿਮ ਸੂਚੀ ਤਿਆਰ ਕੀਤੀ ਗਈ ਹੈ।

ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕਰਵਾਈ ਗਈ ਇਸ ਵਿਸ਼ੇਸ਼ ਸੁਧਾਈ ਦੌਰਾਨ ਚੰਡੀਗੜ੍ਹ ਦੇ ਕੁੱਲ 5,16,427 ਵੋਟਰਾਂ ਨੂੰ ਘਰ-ਘਰ ਜਾ ਕੇ ਫਾਰਮ ਵੰਡੇ ਗਏ ਸਨ। ਚੰਡੀਗੜ੍ਹ ਦੀ ਮੁੱਖ ਚੋਣ ਅਧਿਕਾਰੀ ਪ੍ਰੇਰਨਾ ਪੁਰੀ ਨੇ ਦੱਸਿਆ ਕਿ ਇਹ ਪ੍ਰਕਿਰਿਆ 15 ਜੂਨ 2026 ਤੋਂ 14 ਜੁਲਾਈ 2026 ਤੱਕ ਚਲਾਈ ਗਈ।

ਉਨ੍ਹਾਂ ਦੱਸਿਆ ਕਿ 21 ਜੁਲਾਈ 2026 ਤੱਕ ਕੁੱਲ 4,50,282 ਵੋਟਰਾਂ ਵੱਲੋਂ ਆਪਣੇ ਫਾਰਮ ਜਮ੍ਹਾਂ ਕਰਵਾਏ ਗਏ ਸਨ। ਇਸ ਤੋਂ ਬਾਅਦ ਜਦੋਂ ਵੋਟਰ ਸੂਚੀ ਦਾ ਖਰੜਾ ਜਾਰੀ ਕੀਤਾ ਗਿਆ ਤਾਂ ਲਗਭਗ 66 ਹਜ਼ਾਰ ਵੋਟਰਾਂ ਦੇ ਨਾਮ ਸੂਚੀ ਵਿੱਚੋਂ ਬਾਹਰ ਰਹਿ ਗਏ ਸਨ।

ਵੋਟਰ ਸੂਚੀ ਵਿੱਚ ਦਰਜ ਜਾਣਕਾਰੀ ਅਤੇ ਜਮ੍ਹਾਂ ਕਰਵਾਏ ਗਏ ਫਾਰਮਾਂ ਵਿੱਚ ਕਮੀਆਂ ਪਾਏ ਜਾਣ ਤੋਂ ਬਾਅਦ ਚੰਡੀਗੜ੍ਹ ਦੇ ਕਰੀਬ 1.38 ਲੱਖ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ ਗਏ। ਇਸ ਤੋਂ ਬਾਅਦ ਸਬੰਧਤ ਵੋਟਰਾਂ ਵੱਲੋਂ ਪੇਸ਼ ਕੀਤੇ ਗਏ ਦਾਅਵਿਆਂ ਅਤੇ ਇਤਰਾਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਦਾ ਨਿਪਟਾਰਾ ਕੀਤਾ ਗਿਆ।

ਵਿਸ਼ੇਸ਼ ਸੁਧਾਈ ਦੀ ਇਸ ਪੂਰੀ ਪ੍ਰਕਿਰਿਆ ਦੌਰਾਨ 9,927 ਨਵੇਂ ਵੋਟਰਾਂ ਦੇ ਨਾਮ ਵੀ ਵੋਟਰ ਸੂਚੀ ਵਿੱਚ ਸ਼ਾਮਲ ਕੀਤੇ ਗਏ। ਦਾਅਵਿਆਂ ਅਤੇ ਇਤਰਾਜ਼ਾਂ ਦੇ ਨਿਪਟਾਰੇ ਅਤੇ ਨਵੇਂ ਵੋਟਰਾਂ ਨੂੰ ਸ਼ਾਮਲ ਕਰਨ ਤੋਂ ਬਾਅਦ ਹੁਣ 4,60,209 ਵੋਟਰਾਂ ਦੀ ਅੰਤਿਮ ਸੂਚੀ ਜਾਰੀ ਕੀਤੀ ਗਈ ਹੈ।

ਮੁੱਖ ਚੋਣ ਅਧਿਕਾਰੀ ਪ੍ਰੇਰਨਾ ਪੁਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਜਿਹੜੇ ਨੌਜਵਾਨ 1 ਅਕਤੂਬਰ 2026 ਤੋਂ ਬਾਅਦ 18 ਸਾਲ ਦੀ ਉਮਰ ਪੂਰੀ ਕਰਨਗੇ, ਉਨ੍ਹਾਂ ਦੀਆਂ ਨਵੀਆਂ ਵੋਟਾਂ ਆਮ ਪ੍ਰਕਿਰਿਆ ਤਹਿਤ ਬਣਾਈਆਂ ਜਾਣਗੀਆਂ। ਇਸ ਲਈ ਯੋਗ ਹੋਣ ਵਾਲੇ ਨੌਜਵਾਨਾਂ ਨੂੰ ਵੋਟਰ ਵਜੋਂ ਰਜਿਸਟਰੇਸ਼ਨ ਕਰਵਾਉਣ ਦਾ ਮੌਕਾ ਮਿਲਦਾ ਰਹੇਗਾ।







## ਅਕਾਲ ਤਖ਼ਤ ਸਾਹਿਬ ਦਾ ਵੱਡਾ ਫ਼ੈਸਲਾ, ਅਮਰਜੀਤ ਸਿੰਘ ਚਾਵਲਾ ਤੇ ਗਿਆਨੀ ਮਲਕੀਤ ਸਿੰਘ ਪੰਥ ਤੋਂ ਖ਼ਾਰਜ

### ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮਗਰੋਂ ਸੁਣਾਇਆ ਫ਼ੈਸਲਾ; ਸਿੱਖ ਸੰਗਤ ਨੂੰ ਦੋਵਾਂ ਨਾਲ ਕਿਸੇ ਕਿਸਮ ਦਾ ਮੇਲ-ਮਿਲਾਪ ਨਾ ਰੱਖਣ ਦੇ ਹੁਕਮ



**ਅੰਮ੍ਰਿਤਸਰ —** ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੂੰ ਖ਼ਾਲਸਾ ਪੰਥ ਵਿੱਚੋਂ ਖ਼ਾਰਜ ਕਰਨ ਦਾ ਫ਼ੈਸਲਾ ਸੁਣਾਇਆ ਗਿਆ। ਇਹ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸੁਣਾਇਆ ਗਿਆ।

ਸਿੰਘ ਸਾਹਿਬਾਨ ਵੱਲੋਂ ਇਹ ਕਾਰਵਾਈ ਇੱਕ ਬੀਬੀ ਵੱਲੋਂ ਦੋਵਾਂ ’ਤੇ ਲਗਾਏ ਗਏ ਗੰਭੀਰ ਦੋਸ਼ਾਂ ਦੇ ਮਾਮਲੇ ਵਿੱਚ ਕੀਤੀ ਗਈ ਹੈ। ਫ਼ੈਸਲਾ ਸੁਣਾਉਂਦਿਆਂ ਕਿਹਾ ਗਿਆ ਕਿ ਅਜਿਹੇ ਗੰਭੀਰ ਦੋਸ਼ਾਂ ਕਾਰਨ ਸਿੱਖ ਸੰਗਤ ਦੀਆਂ ਭਾਵਨਾਵਾਂ ਅਤੇ ਸਿੱਖ ਧਾਰਮਿਕ ਸੰਸਥਾਵਾਂ ਦੇ ਵਕਾਰ ਨੂੰ ਠੇਸ ਪੁੱਜੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਸੰਗਤ ਨੂੰ ਦੋਵਾਂ ਨਾਲ ਕਿਸੇ ਕਿਸਮ ਦਾ ਮੇਲ-ਮਿਲਾਪ ਨਾ ਰੱਖਣ ਦੀ ਹਦਾਇਤ ਕੀਤੀ ਗਈ ਹੈ।

ਫ਼ੈਸਲੇ ਅਨੁਸਾਰ ਦੋਵਾਂ ਨੂੰ ਸਿੱਖ ਧਾਰਮਿਕ ਸੰਸਥਾਵਾਂ ਵਿੱਚ ਸੇਵਾ ਜਾਂ ਕਿਸੇ ਵੀ ਤਰ੍ਹਾਂ ਦਾ ਕੰਮ ਕਰਨ ਤੋਂ ਵੀ ਰੋਕ ਦਿੱਤਾ ਗਿਆ ਹੈ। ਉਪਲਬਧ ਰਿਪੋਰਟਾਂ ਮੁਤਾਬਕ ਅਮਰਜੀਤ ਸਿੰਘ ਚਾਵਲਾ ਨੂੰ ਇਸ ਮਾਮਲੇ ਵਿੱਚ ਨਿਰਦੋਸ਼ ਸਾਬਤ ਹੋਣ ਤੱਕ ਪੰਥ ਤੋਂ ਖ਼ਾਰਜ ਮੰਨਿਆ ਜਾਵੇਗਾ ਅਤੇ ਨਿਰਦੋਸ਼ ਸਾਬਤ ਹੋਣ ਤੋਂ ਬਾਅਦ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣਾ ਪਵੇਗਾ।

ਇਸ ਮਾਮਲੇ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਕਾਰਵਾਈ ਕੀਤੀ ਗਈ ਸੀ। ਐਡੀਸ਼ਨਲ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਡਰਾਈਵਰ ਵਜੋਂ ਸੇਵਾ ਨਿਭਾ ਰਹੇ ਮੋਹਣ ਸਿੰਘ ਨੂੰ ਮਾਮਲੇ ਵਿੱਚ ਨਾਂ ਆਉਣ ਕਾਰਨ ਤੁਰੰਤ ਪ੍ਰਭਾਵ ਤੋਂ ਮੁਅੱਤਲ ਕੀਤਾ ਗਿਆ ਸੀ। ਇਹ ਕਾਰਵਾਈ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਸੀ।

ਇਸ ਮਾਮਲੇ ਵਿੱਚ ਦੁਬਈ ਤੋਂ ਆਈ ਇੱਕ ਬੀਬੀ ਵੱਲੋਂ ਅਮਰਜੀਤ ਸਿੰਘ ਚਾਵਲਾ ’ਤੇ ਜਬਰ-ਜਨਾਹ ਸਮੇਤ ਗੰਭੀਰ ਦੋਸ਼ ਲਗਾਏ ਜਾਣ ਅਤੇ ਪੁਲੀਸ ਕੋਲ ਸ਼ਿਕਾਇਤ ਦਿੱਤੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ। ਇਸ ਤੋਂ ਬਾਅਦ ਅਮਰਜੀਤ ਸਿੰਘ ਚਾਵਲਾ ਵੱਲੋਂ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਦੀ ਜਾਣਕਾਰੀ ਵੀ ਸਾਹਮਣੇ ਆਈ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਬਖ਼ਸ਼ੀਸ਼ ਸਿੰਘ ਅਤੇ ਪੰਜ ਪਿਆਰਿਆਂ ਵਿੱਚੋਂ ਭਾਈ ਮੰਗਲ ਸਿੰਘ ਸ਼ਾਮਲ ਹੋਏ।

ਪੰਜ ਸਿੰਘ ਸਾਹਿਬਾਨ ਦੇ ਫ਼ੈਸਲੇ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਸੰਸਥਾਵਾਂ ਅਤੇ ਸੰਗਤ ਨੂੰ ਧਾਰਮਿਕ ਸੰਸਥਾਵਾਂ ਦੀ ਮਰਿਆਦਾ ਅਤੇ ਵਕਾਰ ਕਾਇਮ ਰੱਖਣ ਸਬੰਧੀ ਵੀ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਫ਼ੈਸਲੇ ਨਾਲ ਅਮਰਜੀਤ ਸਿੰਘ ਚਾਵਲਾ ਅਤੇ ਗਿਆਨੀ ਮਲਕੀਤ ਸਿੰਘ ਨਾਲ ਜੁੜੇ ਮਾਮਲੇ ਵਿੱਚ ਪੰਥਕ ਪੱਧਰ ’ਤੇ ਇੱਕ ਵੱਡੀ ਕਾਰਵਾਈ ਹੋਈ ਹੈ।

# ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ ’ਤੇ ਭਾਜਪਾ ਦੀ ਯਾਤਰਾ, ਰੇਖਾ ਗੁਪਤਾ ਨੇ ‘ਆਪ’ ਸਰਕਾਰ ’ਤੇ ਨਿਸ਼ਾਨਾ ਸਾਧਿਆ

## ਫ਼ਤਹਿਗੜ੍ਹ ਸਾਹਿਬ ਤੋਂ ‘ਨਸ਼ਾ ਮੁਕਤ ਪੰਜਾਬ ਯਾਤਰਾ’ ਦੇ ਦੂਜੇ ਪੜਾਅ ਨੂੰ ਦਿਖਾਈ ਹਰੀ ਝੰਡੀ; ਕਿਹਾ– ਨਸ਼ਿਆਂ ਖ਼ਿਲਾਫ਼ ਲੜਾਈ ਵਿੱਚ ਪੰਜਾਬ ਦੇ ਨਾਲ ਖੜ੍ਹਾ ਹੈ ਪੂਰਾ ਦੇਸ਼

**ਨਵੀਂ ਦਿੱਲੀ —** ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸ਼ਨਿੱਚਰਵਾਰ ਨੂੰ ਫ਼ਤਹਿਗੜ੍ਹ ਸਾਹਿਬ ਤੋਂ ਭਾਜਪਾ ਵੱਲੋਂ ਕੱਢੀ ਜਾ ਰਹੀ ‘ਨਸ਼ਾ ਮੁਕਤ ਪੰਜਾਬ ਯਾਤਰਾ’ ਦੇ ਦੂਜੇ ਪੜਾਅ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ’ਤੇ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਤਿੱਖੇ ਸਵਾਲ ਉਠਾਏ। ਭਾਜਪਾ ਵੱਲੋਂ ਸੂਬੇ ਵਿੱਚ 13 ਦਿਨਾਂ ਦੀਆਂ ਚਾਰ ਯਾਤਰਾਵਾਂ ਕੱਢੀਆਂ ਜਾ ਰਹੀਆਂ ਹਨ, ਜੋ 30 ਸਤੰਬਰ ਨੂੰ ਜਲੰਧਰ ਵਿੱਚ ਸਮਾਪਤ ਹੋਣੀਆਂ ਹਨ।

ਯਾਤਰਾ ਦੀ ਰਵਾਨਗੀ ਤੋਂ ਪਹਿਲਾਂ ਰੇਖਾ ਗੁਪਤਾ ਨੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਅਰਦਾਸ ਕੀਤੀ। ਇਸ ਤੋਂ ਬਾਅਦ ਉਨ੍ਹਾਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਸੱਤਾ ਵਿੱਚ ਆਉਣ ਸਮੇਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਸੂਬੇ ਵਿੱਚੋਂ ਤਿੰਨ ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਉਨ੍ਹਾਂ ਅਨੁਸਾਰ ਇਹ ਸਮਾਂ-ਸੀਮਾ ਕਈ ਵਾਰ ਅੱਗੇ ਵਧ ਚੁੱਕੀ ਹੈ।

ਰੇਖਾ ਗੁਪਤਾ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਤੋਂ ਨਸ਼ਾ ਖ਼ਤਮ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ 13 ਦਿਨਾਂ ਦੀ ਇਹ ਯਾਤਰਾ ਸਿਰਫ਼ ਨਸ਼ਿਆਂ ਵਿਰੁੱਧ ਜਾਗਰੂਕਤਾ ਤੱਕ ਸੀਮਿਤ ਨਹੀਂ ਰਹੇਗੀ, ਸਗੋਂ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਠਾਉਣ ਦਾ ਮਾਧਿਅਮ ਵੀ ਬਣੇਗੀ।



ਉਨ੍ਹਾਂ ਅਰਵਿੰਦ ਕੇਜਰੀਵਾਲ ’ਤੇ ਵੀ ਨਿਸ਼ਾਨਾ ਸਾਧਦਿਆਂ ਦੋਸ਼ ਲਾਇਆ ਕਿ ਉਹ ਦਿੱਲੀ ਤੋਂ ਪੰਜਾਬ ਦੀ ਸਰਕਾਰ ਵਿੱਚ ਦਖ਼ਲ ਦੇ ਰਹੇ ਹਨ ਅਤੇ ਪੰਜਾਬ ਦੇ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਹੋਰਨਾਂ ਸੂਬਿਆਂ ਵਿੱਚ ਸਿਆਸੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਇਹ ਦੋਸ਼ ਭਾਜਪਾ ਆਗੂ ਵੱਲੋਂ ਲਗਾਏ ਗਏ ਹਨ।

ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਵੀ ਪੰਜਾਬ ਸਰਕਾਰ ਨੂੰ ਨਸ਼ਿਆਂ ਦੇ ਮੁੱਦੇ ’ਤੇ ਘੇਰਿਆ। ਉਨ੍ਹਾਂ ਦੋਸ਼ ਲਾਇਆ ਕਿ ਨਸ਼ਿਆਂ ਨੂੰ ਰੋਕਣ ਵਿੱਚ ਸਰਕਾਰ ਦੀ ਨਾਕਾਮੀ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਯਾਤਰਾ ਦੌਰਾਨ ਭਾਜਪਾ ਆਗੂਆਂ ਦੇ ਵਿਰੋਧ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਵਨੀਤ ਸਿੰਘ ਬਿੱਟੂ ਦੇ ਕਾਫ਼ਲੇ ’ਤੇ ਅੰਡੇ ਸੁੱਟਣ, ਕਾਲੇ ਝੰਡੇ ਦਿਖਾਉਣ ਅਤੇ ਪੋਸਟਰ ਪਾੜਨ ਵਰਗੀਆਂ ਘਟਨਾਵਾਂ ਰਾਹੀਂ ਯਾਤਰਾ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਮੌਕੇ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦੀ ਫ਼ੌਜ ਵਿੱਚ ਭੂਮਿਕਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਦੀ ਕੁੱਲ ਆਬਾਦੀ ਵਿੱਚ ਪੰਜਾਬ ਦੀ ਹਿੱਸੇਦਾਰੀ ਲਗਭਗ ਦੋ ਫ਼ੀਸਦੀ ਹੈ, ਜਦਕਿ ਫ਼ੌਜ ਵਿੱਚ ਪੰਜਾਬੀਆਂ ਦੀ ਭਰਤੀ ਦਾ ਅਨੁਪਾਤ ਇਸ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕਮਜ਼ੋਰ ਕਰਨ ਨਾਲ ਦੇਸ਼ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਬਲ ਮਿਲ ਸਕਦਾ ਹੈ।

ਇਸ ਮੌਕੇ ਭਾਜਪਾ ਆਗੂ ਅਸ਼ਵਨੀ ਸ਼ਰਮਾ, ਅਵਿਨਾਸ਼ ਰਾਏ ਖੰਨਾ, ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਅਤੇ ਗੇਜਾ ਰਾਮ ਵਾਲਮੀਕੀ ਸਮੇਤ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ। ਫ਼ਤਹਿਗੜ੍ਹ ਸਾਹਿਬ ਤੋਂ ਸ਼ੁਰੂ ਹੋਈ ਇਹ ਯਾਤਰਾ ਭਾਜਪਾ ਦੀਆਂ ਚਾਰ ਨਸ਼ਾ ਮੁਕਤ ਪੰਜਾਬ ਯਾਤਰਾਵਾਂ ਵਿੱਚੋਂ ਦੂਜੀ ਹੈ। ਇਹ ਯਾਤਰਾਵਾਂ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਹੁੰਦੀਆਂ ਹੋਈਆਂ ਜਲੰਧਰ ਵਿੱਚ ਸਮਾਪਤ ਹੋਣੀਆਂ ਹਨ।

ਇਸ ਦੌਰਾਨ ਅੰਬਾਲਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੇਖਾ ਗੁਪਤਾ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਕੋਸ਼ਿਸ਼ ਵਿੱਚ ਭਾਜਪਾ ਦੇ ਨਾਲ ਦੇਸ਼ ਦੇ ਹੋਰ ਸੂਬੇ ਵੀ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ’ਤੇ ਕਾਬੂ ਪਾਉਣ ਨਾਲ ਹੋਰਨਾਂ ਸੂਬਿਆਂ ਨੂੰ ਵੀ ਲਾਭ ਮਿਲੇਗਾ।

ਰੇਖਾ ਗੁਪਤਾ ਨੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਸਾਂਝੇ ਯਤਨਾਂ ਦੀ ਲੋੜ ਹੈ ਅਤੇ ਦੇਸ਼ ਦੀ ਜਨਤਾ ਇਸ ਮਕਸਦ ਲਈ ਪੰਜਾਬ ਦੇ ਨਾਲ ਖੜ੍ਹੀ ਹੈ। ਉਨ੍ਹਾਂ ਮੁਤਾਬਕ ਨਸ਼ਿਆਂ ਵਿਰੁੱਧ ਲੜਾਈ ਨੂੰ ਸਿਰਫ਼ ਕਿਸੇ ਇੱਕ ਸਿਆਸੀ ਪਾਰਟੀ ਜਾਂ ਸਰਕਾਰ ਤੱਕ ਸੀਮਿਤ ਰੱਖਣ ਦੀ ਬਜਾਏ ਵਿਆਪਕ ਸਮਾਜਿਕ ਯਤਨ ਬਣਾਉਣ ਦੀ ਲੋੜ ਹੈ।

# ‘ਮਾਵਾਂ ਧੀਆਂ ਸਤਿਕਾਰ ਯੋਜਨਾ’ ਨੂੰ ਹਾਈ ਕੋਰਟ ’ਚ ਚੁਣੌਤੀ, 5 ਅਕਤੂਬਰ ਨੂੰ ਹੋਵੇਗੀ ਅਗਲੀ ਸੁਣਵਾਈ

## ਪਟੀਸ਼ਨਕਰਤਾ ਵੱਲੋਂ ਯੋਜਨਾ ਤਹਿਤ ਦਿੱਤੀ ਜਾ ਰਹੀ ਵਿੱਤੀ ਸਹਾਇਤਾ ’ਤੇ ਸਵਾਲ; ਵੋਟਾਂ ਹਾਸਲ ਕਰਨ ਲਈ ਯੋਜਨਾ ਸ਼ੁਰੂ ਕਰਨ ਦੇ ਦੋਸ਼




**ਚੰਡੀਗੜ੍ਹ–**ਪੰਜਾਬ ਸਰਕਾਰ ਦੀ ‘ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ’ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਇਸ ਸਬੰਧੀ ਦਾਇਰ ਜਨਹਿਤ ਪਟੀਸ਼ਨ ’ਤੇ ਅੱਜ ਸੁਣਵਾਈ ਹੋਈ। ਹਾਈ ਕੋਰਟ ਨੇ ਯੋਜਨਾ ਸਬੰਧੀ ਜਾਰੀ ਨੋਟੀਫਿਕੇਸ਼ਨ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ’ਤੇ ਅਗਲੀ ਸੁਣਵਾਈ ਲਈ 5 ਅਕਤੂਬਰ ਦੀ ਤਾਰੀਖ ਤੈਅ ਕੀਤੀ ਹੈ।

ਜਾਣਕਾਰੀ ਅਨੁਸਾਰ, ਸੁਣਵਾਈ ਦੌਰਾਨ ਪਟੀਸ਼ਨਕਰਤਾ ਵੱਲੋਂ ਪੇਸ਼ ਹੋਏ ਵਕੀਲ ਨੇ ਮੁੱਖ ਜੱਜ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜੱਜ ਰੋਹਿਤ ਕਪੂਰ ਦੇ ਬੈਂਚ ਨੂੰ ਦੱਸਿਆ ਕਿ ਇਸ ਯੋਜਨਾ ਨੂੰ ਵੋਟਾਂ ਹਾਸਲ ਕਰਨ ਦੇ ਮਕਸਦ ਨਾਲ ਸ਼ੁਰੂ ਕੀਤਾ ਗਿਆ ਹੈ।

ਪਾਰਦਰਸ਼ਤਾ ਅਤੇ ਲੋਕ ਹਿੱਤ ਲਈ ਕੰਮ ਕਰਨ ਵਾਲੀ ‘ਹਰਬਖਸ਼ ਚੈਰੀਟੇਬਲ ਸੁਸਾਇਟੀ’ ਵੱਲੋਂ ਇਹ ਪਟੀਸ਼ਨ ਦਾਇਰ ਕੀਤੀ ਗਈ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਯੋਜਨਾ ਤਹਿਤ ਪੰਜਾਬ ਵਿੱਚ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਤ ਔਰਤਾਂ ਨੂੰ 1,500 ਰੁਪਏ ਅਤੇ ਹੋਰ ਔਰਤਾਂ ਨੂੰ 1,000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਪਟੀਸ਼ਨਕਰਤਾ ਦੇ ਵਕੀਲਾਂ ਵਰੁਣ ਦੱਤਾ ਅਤੇ ਕਰਨ ਭਾਰਦਵਾਜ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ 2 ਅਪਰੈਲ ਨੂੰ ਜਾਰੀ ਕੀਤੀ ਗਈ ਇਸ ਯੋਜਨਾ ਦਾ ਅਸਲ ਮਕਸਦ ਸੱਤਾਧਾਰੀ ਧਿਰ ਦੇ ਹੱਕ ਵਿੱਚ ਵੋਟਾਂ ਹਾਸਲ ਕਰਨਾ ਹੈ। ਪਟੀਸ਼ਨ ਵਿੱਚ ਯੋਜਨਾ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੰਦਿਆਂ ਇਸ ਸਬੰਧੀ ਅਦਾਲਤ ਤੋਂ ਦਖ਼ਲ ਦੀ ਮੰਗ ਕੀਤੀ ਗਈ ਹੈ। ਹਾਈ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 5 ਅਕਤੂਬਰ ਦੀ ਤਾਰੀਖ ਨਿਰਧਾਰਤ ਕੀਤੀ ਹੈ।

# ਅਕਾਲੀ-ਭਾਜਪਾ ਗੱਠਜੋੜ ਦੀ ਚਰਚਾ ਵਿਚਾਲੇ ਪੰਜਾਬ ਦੀ ਸਿਆਸਤ ਗਰਮਾਈ

## – ਭਗਵੰਤ ਮਾਨ ਨੇ ਅਕਾਲੀ ਦਲ ’ਤੇ ਭਾਜਪਾ ਨਾਲ ਸਮਝੌਤੇ ਲਈ ਤਰਲੇ ਕਰਨ ਦਾ ਦੋਸ਼ ਲਾਇਆ
## – ਹਰਦੀਪ ਪੁਰੀ ਨੇ ਕਿਹਾ—ਗੱਠਜੋੜ ਹੋਇਆ ਤਾਂ ਬਰਾਬਰੀ ਦੇ ਆਧਾਰ ’ਤੇ ਹੋਵੇਗਾ

**ਚੰਡੀਗੜ੍ਹ–**ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸੰਭਾਵਿਤ ਸਿਆਸੀ ਗੱਠਜੋੜ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ। ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਕਾਲੀ ਦਲ ’ਤੇ ਭਾਜਪਾ ਨਾਲ ਮੁੜ ਸਿਆਸੀ ਸਮਝੌਤੇ ਲਈ ਕੋਸ਼ਿਸ਼ਾਂ ਕਰਨ ਦਾ ਦੋਸ਼ ਲਾਇਆ ਹੈ, ਜਦਕਿ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਸਪੱਸ਼ਟ ਕੀਤਾ ਹੈ ਕਿ ਜੇ ਭਵਿੱਖ ਵਿੱਚ ਦੋਵੇਂ ਪਾਰਟੀਆਂ ਇਕੱਠੀਆਂ ਹੁੰਦੀਆਂ ਹਨ ਤਾਂ ਗੱਠਜੋੜ ਬਰਾਬਰੀ ਦੇ ਆਧਾਰ ’ਤੇ ਹੋਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬਲਾਕ ਸ਼ੇਰਪੁਰ ਦੇ ਪਿੰਡ ਬਾਲੀਆਂ ਵਿੱਚ ਲੋਕ ਮਿਲਣੀ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਦਹਾਕਿਆਂ ਤੋਂ ਪੰਜਾਬ ਦੀ ਸੱਤਾ ’ਤੇ ਕਾਬਜ਼ ਰਹੇ ਅਕਾਲੀ ਦਲ ਅਤੇ ਕਾਂਗਰਸ ਨੇ ਸੂਬੇ ਦਾ ਤਾਣਾ-ਬਾਣਾ ਉਲਝਾ ਦਿੱਤਾ ਸੀ, ਜਿਸ ਨੂੰ ਉਨ੍ਹਾਂ ਦੀ ਸਰਕਾਰ ਨੇ ਬੜੀ ਮੁਸ਼ਕਲ ਨਾਲ ਲੀਹ ’ਤੇ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਜੇ ਲੋਕਾਂ ਨੇ ਭਵਿੱਖ ਵਿੱਚ ਮੁੜ ਸਿਆਸੀ ਤਾਕਤ ਦਿੱਤੀ ਤਾਂ ਪੰਜਾਬ ਨੂੰ ਵਿਕਾਸ ਦੀਆਂ ਰਾਹਾਂ ’ਤੇ ਹੋਰ ਤੇਜ਼ੀ ਨਾਲ ਅੱਗੇ ਲਿਜਾਇਆ ਜਾਵੇਗਾ।





ਸਿਆਸੀ ਵਿਰੋਧੀਆਂ ’ਤੇ ਨਿਸ਼ਾਨਾ ਸੇਧਦਿਆਂ ਭਗਵੰਤ ਮਾਨ ਨੇ ਕਿਹਾ ਕਿ ਜਿਸ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਕਾਰਜਕਾਲ ਦੌਰਾਨ ਕਿਸਾਨੀ ਸੰਘਰਸ਼ ਹੋਇਆ ਅਤੇ ਵੱਡੀ ਗਿਣਤੀ ਵਿੱਚ ਕਿਸਾਨਾਂ ਦੀਆਂ ਜਾਨਾਂ ਗਈਆਂ, ਅੱਜ ਉਸੇ ਭਾਜਪਾ ਨਾਲ ਸਿਆਸੀ ਸਮਝੌਤੇ ਲਈ ਅਕਾਲੀ ਦਲ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਸਵਾਲ ਕੀਤਾ ਕਿ ਅਜਿਹੇ ਸਮਝੌਤੇ ਤੋਂ ਬਾਅਦ ਅਕਾਲੀ ਆਗੂ ਲੋਕਾਂ ਦਾ ਸਾਹਮਣਾ ਕਿਵੇਂ ਕਰਨਗੇ। ਇਹ ਦੋਸ਼ ਮੁੱਖ ਮੰਤਰੀ ਵੱਲੋਂ ਲਗਾਏ ਗਏ ਹਨ।

ਮੁੱਖ ਮੰਤਰੀ ਨੇ ਕਾਂਗਰਸ ’ਤੇ ਵੀ ਨਿਸ਼ਾਨਾ ਸੇਧਦਿਆਂ ਕਿਹਾ ਕਿ ਕਾਂਗਰਸੀ ਆਗੂ ਪੰਜਾਬ ਦੇ ਮੁੱਦਿਆਂ ਦੀ ਗੱਲ ਕਰਨ ਦੀ ਬਜਾਏ ਕੁਰਸੀ ਲਈ ਆਪਸ ਵਿੱਚ ਲੜਦੇ ਦਿਖਾਈ ਦੇ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਅਤੇ ਕਾਂਗਰਸੀ ਆਗੂ ਸੱਤਾ ਹਾਸਲ ਕਰਨ ਲਈ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਉਨ੍ਹਾਂ ਦਾ ਨਿਸ਼ਾਨਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਨੂੰ ਬੰਦ ਕਰਨਾ ਹੈ।

ਭਗਵੰਤ ਮਾਨ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਹੁਣ ਤੱਕ 71 ਹਜ਼ਾਰ ਪੜ੍ਹੇ-ਲਿਖੇ ਨੌਜਵਾਨਾਂ ਨੂੰ ਨਿਰੋਲ ਮੈਰਿਟ ਦੇ ਆਧਾਰ ’ਤੇ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰ ਪਰਿਵਾਰ ਨੂੰ ਬਿਨਾਂ ਕਿਸੇ ਪੱਖਪਾਤ ਦੇ 600 ਯੂਨਿਟ ਤੱਕ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸੜਕਾਂ ਦਾ ਜਾਲ ਵਿਛਾਉਣ, ਖੇਡ ਮੈਦਾਨ ਅਤੇ ਪਿੰਡਾਂ ਵਿੱਚ ਲਾਇਬ੍ਰੇਰੀਆਂ ਬਣਾਉਣ, ਪਿੰਡਾਂ ਦੀ ਨੁਹਾਰ ਬਦਲਣ ਅਤੇ ਹਰ ਖੇਤ ਤੱਕ ਪਾਣੀ ਪਹੁੰਚਾਉਣ ਲਈ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਦਾ ਵੀ ਉਨ੍ਹਾਂ ਜ਼ਿਕਰ ਕੀਤਾ।

ਇਸ ਮੌਕੇ ਮੁੱਖ ਮੰਤਰੀ ਨੇ ਪਿੰਡ ਬਾਲੀਆਂ ਦੀ ਸਰਪੰਚ ਅਤੇ ਸਮੂਹ ਗ੍ਰਾਮ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ 51 ਲੱਖ ਰੁਪਏ ਦਾ ਚੈੱਕ ਵੀ ਸੌਂਪਿਆ। ਸਮਾਗਮ ਵਿੱਚ ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ, ਫੂਡ ਕਮਿਸ਼ਨ ਪੰਜਾਬ ਦੇ ਮੈਂਬਰ ਜਸਵੀਰ ਸਿੰਘ ਜੱਸੀ ਸੇਖੋਂ, ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਠੇਕੇਦਾਰ ਹਰਜਿੰਦਰ ਕਾਂਝਲਾ ਅਤੇ ਸਰਪੰਚ ਅਮ੍ਰਿਤਪਾਲ ਸਿੰਘ ਘਨੌਰੀ ਸਮੇਤ ਕਈ ਆਗੂ ਹਾਜ਼ਰ ਸਨ।

ਦੂਜੇ ਪਾਸੇ ਅੰਮ੍ਰਿਤਸਰ ਵਿੱਚ ਕੇਂਦਰੀ ਪੈਟਰੋਲੀਅਮ ਮੰਤਰੀ ਅਤੇ ਭਾਜਪਾ ਆਗੂ ਹਰਦੀਪ ਸਿੰਘ ਪੁਰੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਭਾਵਿਤ ਗੱਠਜੋੜ ਨੂੰ ਲੈ ਕੇ ਭਾਜਪਾ ਦਾ ਰੁਖ ਸਪੱਸ਼ਟ ਕੀਤਾ। ਉਨ੍ਹਾਂ ਕਿਹਾ ਕਿ ਇਸ ਵੇਲੇ ਭਾਜਪਾ ਵੱਲੋਂ ਅਕਾਲੀ ਦਲ ਨਾਲ ਕੋਈ ਗੱਠਜੋੜ ਨਹੀਂ ਕੀਤਾ ਜਾ ਰਿਹਾ। ਜੇ ਭਵਿੱਖ ਵਿੱਚ ਦੋਵੇਂ ਪਾਰਟੀਆਂ ਇਕੱਠੀਆਂ ਹੁੰਦੀਆਂ ਹਨ ਤਾਂ ਸੀਟਾਂ ਦੀ ਵੰਡ ਬਰਾਬਰੀ ਦੇ ਆਧਾਰ ’ਤੇ ਹੋਵੇਗੀ।

ਹਰਦੀਪ ਪੁਰੀ ਨੇ ਕਿਹਾ ਕਿ ਪਹਿਲਾਂ ਵਾਲੀ ਸਥਿਤੀ ਹੁਣ ਨਹੀਂ ਰਹੀ ਅਤੇ ਭਾਜਪਾ ਹੁਣ ਗੱਠਜੋੜ ਵਿੱਚ ਛੋਟੇ ਭਰਾ ਦੀ ਭੂਮਿਕਾ ਵਿੱਚ ਨਹੀਂ ਰਹੇਗੀ। ਉਨ੍ਹਾਂ ਪੁਰਾਣੇ ਸੀਟ ਵੰਡ ਫਾਰਮੂਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਹੁਣ 22 ਸੀਟਾਂ ’ਤੇ ਚੋਣ ਲੜਨ ਵਾਲੀ ਪੁਰਾਣੀ ਵਿਵਸਥਾ ਲਾਗੂ ਨਹੀਂ ਹੋ ਸਕਦੀ। ਹਾਲਾਂਕਿ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਕਿਸੇ ਵੀ ਗੱਠਜੋੜ ਬਾਰੇ ਅੰਤਿਮ ਫ਼ੈਸਲਾ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਹੀ ਕੀਤਾ ਜਾਵੇਗਾ।

ਹਰਦੀਪ ਪੁਰੀ ਨੇ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਭਾਜਪਾ ਸੂਬੇ ਵਿੱਚ ਨਸ਼ਿਆਂ ਨੂੰ ਖ਼ਤਮ ਕਰਨ ਲਈ ਪੂਰੀ ਕੋਸ਼ਿਸ਼ ਕਰੇਗੀ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਸਬੰਧੀ ਕੇਂਦਰ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਵੀ ਜ਼ਿਕਰ ਕੀਤਾ।

ਇਸ ਤੋਂ ਪਹਿਲਾਂ ਹਰਦੀਪ ਸਿੰਘ ਪੁਰੀ ਨੇ ਅੰਮ੍ਰਿਤਸਰ ਵਿੱਚ ਰੁਜ਼ਗਾਰ ਮੇਲੇ ਦੌਰਾਨ ਵਪਾਰੀਆਂ ਅਤੇ ਉਦਯੋਗਪਤੀਆਂ ਨਾਲ ਮੀਟਿੰਗ ਕੀਤੀ। ਵਪਾਰੀਆਂ ਵੱਲੋਂ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਪਾਕਿਸਤਾਨ ਨਾਲ ਦੁਵੱਲਾ ਵਪਾਰ ਮੁੜ ਸ਼ੁਰੂ ਕਰਨ ਅਤੇ ਸਰਹੱਦ ਖੋਲ੍ਹਣ ਦੀ ਮੰਗ ਵੀ ਸ਼ਾਮਲ ਸੀ। ਪੁਰੀ ਨੇ ਕਿਹਾ ਕਿ ਅੰਮ੍ਰਿਤਸਰ ਸਰਹੱਦੀ ਖੇਤਰ ਹੋਣ ਕਰਕੇ ਇੱਥੇ ਵਪਾਰਕ ਮਾਹੌਲ ਨੂੰ ਅਨੁਕੂਲ ਬਣਾਈ ਰੱਖਣਾ ਜ਼ਰੂਰੀ ਹੈ ਅਤੇ ਕੇਂਦਰ ਸਰਕਾਰ ਵੱਲੋਂ ਇਸ ਸਬੰਧ ਵਿੱਚ ਹਰ ਸੰਭਵ ਯਤਨ ਕੀਤਾ ਜਾਵੇਗਾ।

ਹਰਦੀਪ ਸਿੰਘ ਪੁਰੀ ਨੇ ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਵੀ ਟੇਕਿਆ। ਉਨ੍ਹਾਂ ਨਾਲ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਸ਼ਵੇਤ ਮਲਿਕ ਸਮੇਤ ਹੋਰ ਪਾਰਟੀ ਆਗੂ ਵੀ ਮੌਜੂਦ ਸਨ। ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸੰਭਾਵਿਤ ਗੱਠਜੋੜ ਨੂੰ ਲੈ ਕੇ ਚੱਲ ਰਹੀ ਚਰਚਾ ਦੇ ਮੱਦੇਨਜ਼ਰ ਪੁਰੀ ਦਾ ਬਰਾਬਰ ਸੀਟ ਵੰਡ ਸਬੰਧੀ ਬਿਆਨ ਪੰਜਾਬ ਦੀ ਆਉਣ ਵਾਲੀ ਸਿਆਸਤ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।










# ਏਸ਼ਿਆਈ ਖੇਡਾਂ ਦੀ ਸੋਨ ਜੇਤੂ ਹਰਮਨਪ੍ਰੀਤ ਕੌਰ ਨੂੰ ਪੰਜਾਬ ਸਰਕਾਰ ਦੇਵੇਗੀ 1 ਕਰੋੜ ਰੁਪਏ

### ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਦਿੱਤੀ ਵਧਾਈ; ਪੰਜਾਬ ਦੀ ਧੀ ਦੀ ਸ਼ਾਨਦਾਰ ਪ੍ਰਾਪਤੀ ’ਤੇ ਸਰਕਾਰ ਵੱਲੋਂ ਨਕਦ ਇਨਾਮ ਦਾ ਐਲਾਨ

**ਨਵੀਂ ਦਿੱਲੀ**–ਏਸ਼ਿਆਈ ਖੇਡਾਂ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਵੱਲੋਂ ਸੋਨ ਤਮਗਾ ਜਿੱਤਣ ਤੋਂ ਬਾਅਦ ਪੰਜਾਬ ਸਰਕਾਰ ਨੇ ਟੀਮ ਦੀ ਕਪਤਾਨ ਅਤੇ ਪੰਜਾਬ ਦੀ ਧੀ ਹਰਮਨਪ੍ਰੀਤ ਕੌਰ ਲਈ 1 ਕਰੋੜ ਰੁਪਏ ਦੇ ਨਕਦ ਇਨਾਮ ਦਾ ਐਲਾਨ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਇਸ ਸ਼ਾਨਦਾਰ ਜਿੱਤ ਲਈ ਵਧਾਈ ਦਿੰਦਿਆਂ ਕਿਹਾ ਕਿ ਟੀਮ ਨੇ ਸੋਨ ਤਮਗਾ ਜਿੱਤ ਕੇ ਪੰਜਾਬ ਦੇ ਨਾਲ-ਨਾਲ ਪੂਰੇ ਦੇਸ਼ ਦਾ ਮਾਣ ਵਧਾਇਆ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੂੰ ਪੰਜਾਬ ਦੀ ਧੀ ਅਤੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ’ਤੇ ਬੇਹੱਦ ਮਾਣ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਖੇਡ ਨੀਤੀ ਤਹਿਤ ਹਰਮਨਪ੍ਰੀਤ ਕੌਰ ਨੂੰ ਸੋਨ ਤਮਗਾ ਜਿੱਤਣ ’ਤੇ 1 ਕਰੋੜ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ।

ਭਗਵੰਤ ਮਾਨ ਨੇ ਹਰਮਨਪ੍ਰੀਤ ਕੌਰ ਸਮੇਤ ਪੂਰੀ ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਇਸ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ ਅਤੇ ਕਿਹਾ ਕਿ ਖਿਡਾਰਨਾਂ ਨੇ ਆਪਣੀ ਮਿਹਨਤ, ਹੁਨਰ ਅਤੇ ਸਾਂਝੇ ਯਤਨਾਂ ਨਾਲ ਦੇਸ਼ ਲਈ ਸੋਨ ਤਮਗਾ ਜਿੱਤਿਆ ਹੈ।

**ਫਾਈਨਲ ਵਿੱਚ ਸ੍ਰੀਲੰਕਾ ਨੂੰ 147 ਦੌੜਾਂ ਨਾਲ ਹਰਾਇਆ**

ਏਸ਼ਿਆਈ ਖੇਡਾਂ ਦੇ ਮਹਿਲਾ ਟੀ-20 ਕ੍ਰਿਕਟ ਮੁਕਾਬਲੇ ਦੇ ਫਾਈਨਲ ਵਿੱਚ ਭਾਰਤ ਨੇ ਸ੍ਰੀਲੰਕਾ ਨੂੰ 147 ਦੌੜਾਂ ਨਾਲ ਹਰਾ ਕੇ ਸੋਨ ਤਮਗਾ ਆਪਣੇ ਨਾਂ ਕੀਤਾ। ਭਾਰਤੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 20 ਓਵਰਾਂ ਵਿੱਚ 3 ਵਿਕਟਾਂ ਗੁਆ ਕੇ 216 ਦੌੜਾਂ ਬਣਾਈਆਂ।

ਭਾਰਤ ਵੱਲੋਂ ਸਮ੍ਰਿਤੀ ਮੰਧਾਨਾ ਨੇ 79 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ, ਜਦਕਿ ਸ਼ੈਫਾਲੀ ਵਰਮਾ ਨੇ 48 ਦੌੜਾਂ ਬਣਾਈਆਂ। ਰਿਚਾ ਘੋਸ਼ ਨੇ ਵੀ ਆਖ਼ਰੀ ਪੜਾਅ ਵਿੱਚ ਤੇਜ਼ ਬੱਲੇਬਾਜ਼ੀ ਕਰਦਿਆਂ ਸਿਰਫ਼ 22 ਗੇਂਦਾਂ ਵਿੱਚ ਨਾਬਾਦ 49 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ। ਇਸ ਤਰ੍ਹਾਂ ਭਾਰਤ ਨੇ ਸ੍ਰੀਲੰਕਾ ਸਾਹਮਣੇ 217 ਦੌੜਾਂ ਦਾ ਟੀਚਾ ਰੱਖਿਆ।

ਟੀਚੇ ਦਾ ਪਿੱਛਾ ਕਰਨ ਉਤਰੀ ਸ੍ਰੀਲੰਕਾ ਦੀ ਪੂਰੀ ਟੀਮ 15.4 ਓਵਰਾਂ ਵਿੱਚ ਸਿਰਫ਼ 69 ਦੌੜਾਂ ’ਤੇ ਹੀ ਸਿਮਟ ਗਈ। ਭਾਰਤੀ ਗੇਂਦਬਾਜ਼ਾਂ ਨੇ ਸ਼ੁਰੂ ਤੋਂ ਹੀ ਸ੍ਰੀਲੰਕਾਈ ਬੱਲੇਬਾਜ਼ਾਂ ’ਤੇ ਦਬਾਅ ਬਣਾਈ ਰੱਖਿਆ ਅਤੇ ਉਨ੍ਹਾਂ ਨੂੰ ਵੱਡੀ ਸਾਂਝੇਦਾਰੀ ਬਣਾਉਣ ਦਾ ਮੌਕਾ ਨਹੀਂ ਦਿੱਤਾ।

ਦੀਪਤੀ ਸ਼ਰਮਾ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ 4 ਓਵਰਾਂ ਵਿੱਚ ਸਿਰਫ਼ 6 ਦੌੜਾਂ ਦੇ ਕੇ 3 ਵਿਕਟਾਂ ਹਾਸਲ ਕੀਤੀਆਂ। ਸ਼ੈਫਾਲੀ ਵਰਮਾ, ਸ਼੍ਰੇਯੰਕਾ ਪਾਟਿਲ ਅਤੇ ਹੋਰ ਭਾਰਤੀ ਗੇਂਦਬਾਜ਼ਾਂ ਨੇ ਵੀ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ ਅਤੇ ਸ੍ਰੀਲੰਕਾ ਦੀ ਪਾਰੀ ਨੂੰ ਜਲਦੀ ਸਮੇਟ ਦਿੱਤਾ।

**ਭਾਰਤ ਨੇ ਲਗਾਤਾਰ ਦੂਜੀ ਵਾਰ ਜਿੱਤਿਆ ਸੋਨ ਤਮਗਾ**

ਇਸ ਜਿੱਤ ਨਾਲ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਏਸ਼ਿਆਈ ਖੇਡਾਂ ਵਿੱਚ ਲਗਾਤਾਰ ਦੂਜੀ ਵਾਰ ਸੋਨ ਤਮਗਾ ਜਿੱਤਿਆ ਹੈ। ਇਸ ਤੋਂ ਪਹਿਲਾਂ ਭਾਰਤੀ ਟੀਮ ਨੇ 2023 ਵਿੱਚ ਹਾਂਗਜ਼ੂ ਏਸ਼ਿਆਈ ਖੇਡਾਂ ਦੌਰਾਨ ਵੀ ਮਹਿਲਾ ਕ੍ਰਿਕਟ ਵਿੱਚ ਸੋਨ ਤਮਗਾ ਹਾਸਲ ਕੀਤਾ ਸੀ।

2026 ਦੀਆਂ ਏਸ਼ਿਆਈ ਖੇਡਾਂ ਲਈ ਹਰਮਨਪ੍ਰੀਤ ਕੌਰ ਨੂੰ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਬਣਾਇਆ ਗਿਆ ਸੀ। ਉਨ੍ਹਾਂ ਦੀ ਅਗਵਾਈ ਵਿੱਚ ਟੀਮ ਨੇ ਫਾਈਨਲ ਵਿੱਚ ਸ੍ਰੀਲੰਕਾ ਖ਼ਿਲਾਫ਼ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਮਗਾ ਆਪਣੇ ਨਾਂ ਕੀਤਾ।

ਫਾਈਨਲ ਮੁਕਾਬਲੇ ਤੋਂ ਬਾਅਦ ਹਰਮਨਪ੍ਰੀਤ ਕੌਰ ਨੇ ਜਿੱਤ ਦਾ ਸਿਹਰਾ ਪੂਰੀ ਟੀਮ ਦੇ ਸਾਂਝੇ ਯਤਨਾਂ ਨੂੰ ਦਿੱਤਾ। ਉਨ੍ਹਾਂ ਨੇ ਖ਼ਾਸ ਤੌਰ ’ਤੇ ਗੇਂਦਬਾਜ਼ਾਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਟੀਮ ਦੀਆਂ ਸਾਰੀਆਂ ਖਿਡਾਰਨਾਂ ਨੇ ਆਪਣੀ-ਆਪਣੀ ਭੂਮਿਕਾ ਬਾਖ਼ੂਬੀ ਨਿਭਾਈ।

ਇਸ ਜਿੱਤ ਨਾਲ ਭਾਰਤ ਨੇ ਏਸ਼ਿਆਈ ਖੇਡਾਂ ਵਿੱਚ ਆਪਣਾ ਪਹਿਲਾ ਸੋਨ ਤਮਗਾ ਵੀ ਹਾਸਲ ਕੀਤਾ। ਮਹਿਲਾ ਕ੍ਰਿਕਟ ਟੀਮ ਦੀ ਇਸ ਪ੍ਰਾਪਤੀ ਨੂੰ ਭਾਰਤੀ ਖੇਡ ਜਗਤ ਵਿੱਚ ਮਹੱਤਵਪੂਰਨ ਉਪਲਬਧੀ ਵਜੋਂ ਦੇਖਿਆ ਜਾ ਰਿਹਾ ਹੈ।

**ਖੇਡ ਨੀਤੀ ਤਹਿਤ ਮਿਲੇਗਾ ਨਕਦ ਇਨਾਮ**

ਹਰਮਨਪ੍ਰੀਤ ਕੌਰ ਲਈ ਪੰਜਾਬ ਸਰਕਾਰ ਵੱਲੋਂ ਐਲਾਨਿਆ ਗਿਆ 1 ਕਰੋੜ ਰੁਪਏ ਦਾ ਇਨਾਮ ਸੂਬੇ ਦੀ ਖੇਡ ਨੀਤੀ ਤਹਿਤ ਦਿੱਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਇਸ ਤੋਂ ਪਹਿਲਾਂ ਵੀ ਏਸ਼ਿਆਈ ਖੇਡਾਂ ਵਿੱਚ ਸੋਨ ਤਮਗਾ ਜਿੱਤਣ ਵਾਲੇ ਖਿਡਾਰੀਆਂ ਨੂੰ 1 ਕਰੋੜ ਰੁਪਏ ਦਾ ਨਕਦ ਇਨਾਮ ਦਿੱਤਾ ਜਾਂਦਾ ਰਿਹਾ ਹੈ।

2024 ਵਿੱਚ ਹਾਂਗਜ਼ੂ ਏਸ਼ਿਆਈ ਖੇਡਾਂ ਦੇ ਸੋਨ ਤਮਗਾ ਜੇਤੂ ਖਿਡਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਇਨਾਮ ਵੰਡੇ ਗਏ ਸਨ ਅਤੇ ਉਸ ਮੌਕੇ ਹਰਮਨਪ੍ਰੀਤ ਕੌਰ ਨੂੰ ਵੀ 1 ਕਰੋੜ ਰੁਪਏ ਦਾ ਇਨਾਮ ਦਿੱਤਾ ਗਿਆ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਇਸ ਜਿੱਤ ਨੂੰ ਪੰਜਾਬ ਅਤੇ ਪੂਰੇ ਦੇਸ਼ ਲਈ ਮਾਣ ਵਾਲਾ ਪਲ ਦੱਸਿਆ। ਉਨ੍ਹਾਂ ਨੇ ਕਪਤਾਨ ਹਰਮਨਪ੍ਰੀਤ ਕੌਰ ਸਮੇਤ ਟੀਮ ਦੀਆਂ ਸਾਰੀਆਂ ਖਿਡਾਰਨਾਂ ਨੂੰ ਸੋਨ ਤਮਗਾ ਜਿੱਤਣ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ।

# ਏਸ਼ਿਆਈ ਖੇਡਾਂ ’ਚ ਭਾਰਤੀ ਮਹਿਲਾ ਕ੍ਰਿਕਟ ਟੀਮ ਦਾ ਸੋਨ ਤ਼ਗਮੇ ’ਤੇ ਕਬਜ਼ਾ, ਸ੍ਰੀਲੰਕਾ ਨੂੰ 147 ਦੌੜਾਂ ਨਾਲ ਹਰਾਇਆ

### ਸਮ੍ਰਿਤੀ ਮੰਧਾਨਾ ਅਤੇ ਰਿਚਾ ਘੋਸ਼ ਦੀ ਧਮਾਕੇਦਾਰ ਬੱਲੇਬਾਜ਼ੀ ਤੋਂ ਬਾਅਦ ਭਾਰਤੀ ਗੇਂਦਬਾਜ਼ਾਂ ਨੇ ਵੀ ਦਿਖਾਇਆ ਜਲਵਾ; ਦੀਪਤੀ ਸ਼ਰਮਾ ਨੇ 3 ਵਿਕਟਾਂ ਝਟਕੀਆਂ

**ਨਵੀਂ ਦਿੱਲੀ**–ਏਸ਼ਿਆਈ ਖੇਡਾਂ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤ਼ਗਮਾ ਆਪਣੇ ਨਾਂ ਕਰ ਲਿਆ ਹੈ। ਹਰਮਨਪ੍ਰੀਤ ਕੌਰ ਦੀ ਅਗਵਾਈ ਵਾਲੀ ਭਾਰਤੀ ਟੀਮ ਨੇ ਮੰਗਲਵਾਰ ਨੂੰ ਖੇਡੇ ਗਏ ਇੱਕਤਰਫ਼ਾ ਫਾਈਨਲ ਮੁਕਾਬਲੇ ਵਿੱਚ ਸ੍ਰੀਲੰਕਾ ਨੂੰ 147 ਦੌੜਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ਖ਼ਿਤਾਬ ਜਿੱਤਿਆ। ਇਹ ਭਾਰਤ ਦਾ ਇਨ੍ਹਾਂ ਏਸ਼ਿਆਈ ਖੇਡਾਂ ਵਿੱਚ ਪਹਿਲਾ ਸੋਨ ਤ਼ਗਮਾ ਹੈ।



ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਭਾਰਤੀ ਟੀਮ ਨੇ ਸ਼ੁਰੂ ਤੋਂ ਹੀ ਸ੍ਰੀਲੰਕਾਈ ਗੇਂਦਬਾਜ਼ਾਂ ’ਤੇ ਦਬਾਅ ਬਣਾਇਆ। ਸਮ੍ਰਿਤੀ ਮੰਧਾਨਾ ਅਤੇ ਸ਼ਫ਼ਾਲੀ ਵਰਮਾ ਦੀ ਸਲਾਮੀ ਜੋੜੀ ਨੇ ਪਾਵਰਪਲੇ ਦਾ ਪੂਰਾ ਫ਼ਾਇਦਾ ਉਠਾਇਆ ਅਤੇ ਪਹਿਲੇ 6 ਓਵਰਾਂ ਵਿੱਚ ਬਿਨਾਂ ਕੋਈ ਵਿਕਟ ਗੁਆਏ 59 ਦੌੜਾਂ ਜੋੜੀਆਂ। ਦੋਵਾਂ ਨੇ ਪਹਿਲੀ ਵਿਕਟ ਲਈ 60 ਗੇਂਦਾਂ ਵਿੱਚ 99 ਦੌੜਾਂ ਦੀ ਮਜ਼ਬੂਤ ਭਾਈਵਾਲੀ ਕੀਤੀ।

ਸਮ੍ਰਿਤੀ ਮੰਧਾਨਾ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ 45 ਗੇਂਦਾਂ ਵਿੱਚ 79 ਦੌੜਾਂ ਬਣਾਈਆਂ। ਆਪਣੀ ਪਾਰੀ ਦੌਰਾਨ ਉਨ੍ਹਾਂ ਨੇ 7 ਛੱਕੇ ਵੀ ਲਗਾਏ। ਦੂਜੇ ਪਾਸੇ ਸ਼ਫ਼ਾਲੀ ਵਰਮਾ ਨੇ 48 ਦੌੜਾਂ ਦੀ ਪਾਰੀ ਖੇਡੀ। ਉਹ ਰਿਵਰਸ ਸਵੀਪ ਖੇਡਣ ਦੀ ਕੋਸ਼ਿਸ਼ ਦੌਰਾਨ ਚਾਮੁਡੀ ਪ੍ਰਬੋਧਾ ਦੀ ਗੇਂਦ ’ਤੇ ਕੈਚ ਆਊਟ ਹੋ ਗਈ।

ਤੀਜੇ ਨੰਬਰ ’ਤੇ ਬੱਲੇਬਾਜ਼ੀ ਕਰਨ ਆਈ ਕਪਤਾਨ ਹਰਮਨਪ੍ਰੀਤ ਕੌਰ ਨੇ 17 ਗੇਂਦਾਂ ’ਤੇ 19 ਦੌੜਾਂ ਬਣਾਈਆਂ। ਉਹ 15ਵੇਂ ਓਵਰ ਵਿੱਚ ਕੈਚ ਆਊਟ ਹੋ ਗਈ। ਇਸ ਤੋਂ ਬਾਅਦ ਮੰਧਾਨਾ ਵੀ ਆਪਣੇ ਸੈਂਕੜੇ ਵੱਲ ਵਧ ਰਹੀ ਸੀ ਪਰ ਸੁਗੰਧਿਕਾ ਕੁਮਾਰੀ ਦੀ ਗੇਂਦ ’ਤੇ ਕੈਚ ਦੇ ਬੈਠੀ।

ਪਾਰੀ ਦੇ ਆਖ਼ਰੀ ਪੜਾਅ ਵਿੱਚ ਰਿਚਾ ਘੋਸ਼ ਨੇ ਤਾਬੜਤੋੜ ਬੱਲੇਬਾਜ਼ੀ ਕਰਦਿਆਂ ਸ੍ਰੀਲੰਕਾਈ ਗੇਂਦਬਾਜ਼ਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ। ਰਿਚਾ ਨੇ 22 ਗੇਂਦਾਂ ਵਿੱਚ 3 ਛੱਕਿਆਂ ਅਤੇ 7 ਚੌਕਿਆਂ ਦੀ ਮਦਦ ਨਾਲ 48 ਦੌੜਾਂ ਦੀ ਅਜੇਤੂ ਪਾਰੀ ਖੇਡੀ। ਉਨ੍ਹਾਂ ਦੀ ਧਮਾਕੇਦਾਰ ਬੱਲੇਬਾਜ਼ੀ ਦੀ ਬਦੌਲਤ ਭਾਰਤ ਨੇ 20 ਓਵਰਾਂ ਵਿੱਚ 3 ਵਿਕਟਾਂ ਦੇ ਨੁਕਸਾਨ ’ਤੇ 216 ਦੌੜਾਂ ਦਾ ਵੱਡਾ ਸਕੋਰ ਖੜ੍ਹਾ ਕੀਤਾ। ਇਹ ਏਸ਼ਿਆਈ ਖੇਡਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਸਕੋਰ ਦੱਸਿਆ ਗਿਆ।

217 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਸ੍ਰੀਲੰਕਾ ਦੀ ਟੀਮ ਭਾਰਤੀ ਗੇਂਦਬਾਜ਼ਾਂ ਅੱਗੇ ਟਿਕ ਨਹੀਂ ਸਕੀ। ਕਪਤਾਨ ਚਮਾਰੀ ਅੱਤਾਪੱਤੂ ਨੇ 21 ਗੇਂਦਾਂ ਵਿੱਚ 29 ਦੌੜਾਂ ਬਣਾ ਕੇ ਟੀਮ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਦੂਜੇ ਸਿਰੇ ਤੋਂ ਲੋੜੀਂਦਾ ਸਹਿਯੋਗ ਨਹੀਂ ਮਿਲਿਆ।

ਭਾਰਤੀ ਸਪਿਨਰਾਂ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਸ੍ਰੀਲੰਕਾ ਦੀ ਪੂਰੀ ਟੀਮ ਨੂੰ 15.4 ਓਵਰਾਂ ਵਿੱਚ ਸਿਰਫ਼ 69 ਦੌੜਾਂ ’ਤੇ ਆਊਟ ਕਰ ਦਿੱਤਾ। ਦੀਪਤੀ ਸ਼ਰਮਾ ਨੇ 6 ਦੌੜਾਂ ਦੇ ਕੇ 3 ਵਿਕਟਾਂ ਹਾਸਲ ਕੀਤੀਆਂ, ਜਦਕਿ ਸ਼ਫ਼ਾਲੀ ਵਰਮਾ ਨੇ ਹਰਫ਼ਨਮੌਲਾ ਪ੍ਰਦਰਸ਼ਨ ਕਰਦਿਆਂ 3 ਦੌੜਾਂ ਦੇ ਕੇ 2 ਵਿਕਟਾਂ ਵੀ ਝਟਕਾਈਆਂ। ਸ਼੍ਰੀ ਚਰਨੀ ਨੇ ਵੀ 2 ਵਿਕਟਾਂ ਆਪਣੇ ਨਾਂ ਕੀਤੀਆਂ।

ਭਾਰਤੀ ਟੀਮ ਨੇ ਪੂਰੇ ਟੂਰਨਾਮੈਂਟ ਵਿੱਚ ਆਪਣਾ ਦਬਦਬਾ ਕਾਇਮ ਰੱਖਿਆ ਅਤੇ ਤਿੰਨੋਂ ਮੁਕਾਬਲਿਆਂ ਵਿੱਚ ਜਿੱਤ ਦਰਜ ਕਰਕੇ ਸੋਨ ਤ਼ਗਮਾ ਹਾਸਲ ਕੀਤਾ। ਇਸ ਤੋਂ ਪਹਿਲਾਂ ਏਸ਼ੀਆ ਕੱਪ ਵਿੱਚ ਵੀ ਸ੍ਰੀਲੰਕਾ ਨੂੰ ਭਾਰਤ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਏਸ਼ਿਆਈ ਖੇਡਾਂ ਦੇ ਮਹਿਲਾ ਕ੍ਰਿਕਟ ਮੁਕਾਬਲੇ ਵਿੱਚ ਪਾਕਿਸਤਾਨ ਨੇ ਬੰਗਲਾਦੇਸ਼ ਨੂੰ 31 ਦੌੜਾਂ ਨਾਲ ਹਰਾ ਕੇ ਕਾਂਸੇ ਦਾ ਤ਼ਗਮਾ ਜਿੱਤਿਆ।

# ਏਸ਼ਿਆਈ ਖੇਡਾਂ ’ਚ ਅੰਮ੍ਰਿਤਸਰ ਦਾ ਜਲਵਾ, ਭਾਰਤੀ ਹਾਕੀ ਟੀਮ ’ਚ ਚਾਰ ਖਿਡਾਰੀ



(ਖੱਬਿਓਂ) ਹਰਮਨਪ੍ਰੀਤ ਸਿੰਘ, ਦਿਲਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ ਅਤੇ ਜੁਗਰਾਜ ਸਿੰਘ

### ਕਪਤਾਨ ਹਰਮਨਪ੍ਰੀਤ ਸਿੰਘ ਸਮੇਤ ਦਿਲਪ੍ਰੀਤ, ਜਰਮਨਪ੍ਰੀਤ ਤੇ ਜੁਗਰਾਜ ਸਿੰਘ ਟੀਮ ਦਾ ਹਿੱਸਾ; ਚਾਰਾਂ ਤੋਂ ਭਾਰਤ ਨੂੰ ਸ਼ਾਨਦਾਰ ਪ੍ਰਦਰਸ਼ਨ ਦੀ ਉਮੀਦ

**ਨਵੀਂ ਦਿੱਲੀ**–ਜਾਪਾਨ ਵਿੱਚ ਚੱਲ ਰਹੀਆਂ 20ਵੀਆਂ ਏਸ਼ਿਆਈ ਖੇਡਾਂ ਵਿੱਚ ਅੰਮ੍ਰਿਤਸਰ ਅਤੇ ਇਸ ਨਾਲ ਸਬੰਧਤ ਇਲਾਕਿਆਂ ਦਾ ਮਾਣ ਉਸ ਸਮੇਂ ਹੋਰ ਵਧ ਗਿਆ ਹੈ, ਜਦੋਂ ਭਾਰਤੀ ਪੁਰਸ਼ ਹਾਕੀ ਟੀਮ ਵਿੱਚ ਅੰਮ੍ਰਿਤਸਰ ਨਾਲ ਸਬੰਧਤ ਚਾਰ ਖਿਡਾਰੀ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰ ਰਹੇ ਹਨ। ਭਾਰਤੀ ਟੀਮ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ ਤੋਂ ਇਲਾਵਾ ਦਿਲਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ ਅਤੇ ਜੁਗਰਾਜ ਸਿੰਘ ਸ਼ਾਮਲ ਹਨ।

ਭਾਰਤੀ ਟੀਮ ਮੌਜੂਦਾ ਚੈਂਪੀਅਨ ਵਜੋਂ ਏਸ਼ਿਆਈ ਖੇਡਾਂ ਵਿੱਚ ਉਤਰੀ ਹੈ। 2023 ਵਿੱਚ ਹਾਂਗਜ਼ੂ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਭਾਰਤ ਨੇ ਸੋਨ ਤ਼ਗਮਾ ਜਿੱਤਿਆ ਸੀ ਅਤੇ ਉਸ ਟੀਮ ਦੀ ਕਪਤਾਨੀ ਵੀ ਹਰਮਨਪ੍ਰੀਤ ਸਿੰਘ ਨੇ ਕੀਤੀ ਸੀ। ਇਸ ਵਾਰ ਵੀ ਟੀਮ ਦੀ ਕਮਾਨ ਹਰਮਨਪ੍ਰੀਤ ਸਿੰਘ ਦੇ ਹੱਥਾਂ ਵਿੱਚ ਹੈ।

**ਹਰਮਨਪ੍ਰੀਤ ਸਿੰਘ**

ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਅੰਮ੍ਰਿਤਸਰ-ਜਲੰਧਰ ਜੀ.ਟੀ. ਰੋਡ ’ਤੇ ਅੰਮ੍ਰਿਤਸਰ ਤੋਂ ਕਰੀਬ 12 ਕਿਲੋਮੀਟਰ ਦੂਰ ਸਥਿਤ ਪਿੰਡ ਤਿੰਮੋਵਾਲ ਨਾਲ ਸਬੰਧਤ ਹਨ। ਉਨ੍ਹਾਂ ਦੇ ਪਿਤਾ ਸਰਬਜੀਤ ਸਿੰਘ ਨੂੰ ਉਮੀਦ ਹੈ ਕਿ ਭਾਰਤੀ ਟੀਮ ਇਸ ਵਾਰ ਵੀ ਏਸ਼ਿਆਈ ਖੇਡਾਂ ਦਾ ਖ਼ਿਤਾਬ ਆਪਣੇ ਕੋਲ ਬਰਕਰਾਰ ਰੱਖੇਗੀ।

ਹਰਮਨਪ੍ਰੀਤ ਸਿੰਘ ਨੇ ਡਿਫੈਂਡਰ ਅਤੇ ਡਰੈਗ-ਫਲਿੱਕਰ ਵਜੋਂ ਅੰਤਰਰਾਸ਼ਟਰੀ ਹਾਕੀ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ। ਉਨ੍ਹਾਂ ਦੇ ਪਿਤਾ ਮੁਤਾਬਕ ਪਿੰਡ ਵਿੱਚ ਹਰ ਕੋਈ ਹਰਮਨਪ੍ਰੀਤ ਦੀ ਹਾਕੀ ’ਤੇ ਮਜ਼ਬੂਤ ਪਕੜ ਅਤੇ ਖੇਡ ਪ੍ਰਤੀ ਸਮਰਪਣ ਦੀ ਸ਼ਲਾਘਾ ਕਰਦਾ ਹੈ।

ਸਰਬਜੀਤ ਸਿੰਘ ਨੇ ਦੱਸਿਆ ਕਿ ਹਰਮਨਪ੍ਰੀਤ ਨੂੰ ਹਾਕੀ ਖੇਡਣ ਦੀ ਪ੍ਰੇਰਨਾ ਆਪਣੇ ਮਾਮਾ ਹਰਦੇਵ ਸਿੰਘ ਚਾਹਲ ਤੋਂ ਮਿਲੀ, ਜੋ ਖੁਦ ਰਾਸ਼ਟਰੀ ਪੱਧਰ ’ਤੇ ਹਾਕੀ ਖੇਡ ਚੁੱਕੇ ਹਨ। ਮਾਮੇ ਦੀ ਪ੍ਰੇਰਨਾ, ਹਰਮਨਪ੍ਰੀਤ ਦੀ ਲਗਨ ਅਤੇ ਸਖ਼ਤ ਮਿਹਨਤ ਨੇ ਉਸ ਨੂੰ ਅੰਤਰਰਾਸ਼ਟਰੀ ਹਾਕੀ ਦੇ ਉੱਚ ਪੱਧਰ ਤੱਕ ਪਹੁੰਚਾਇਆ।

**ਦਿਲਪ੍ਰੀਤ ਸਿੰਘ**

ਭਾਰਤੀ ਟੀਮ ਦੇ ਫਾਰਵਰਡ ਖਿਡਾਰੀ ਦਿਲਪ੍ਰੀਤ ਸਿੰਘ ਅੰਮ੍ਰਿਤਸਰ ਤੋਂ ਲਗਪਗ 50 ਕਿਲੋਮੀਟਰ ਦੂਰ ਇਤਿਹਾਸਕ ਅਸਥਾਨ ਬਾਬਾ ਬਕਾਲਾ ਸਾਹਿਬ ਨੇੜੇ ਸਥਿਤ ਪਿੰਡ ਬੂਟਾਲਾ ਨਾਲ ਸਬੰਧਤ ਹਨ। ਉਨ੍ਹਾਂ ਦੀ ਤੇਜ਼ ਅਤੇ ਹਮਲਾਵਰ ਖੇਡ ਸ਼ੈਲੀ ਭਾਰਤੀ ਟੀਮ ਦੀ ਫਾਰਵਰਡ ਲਾਈਨ ਲਈ ਮਹੱਤਵਪੂਰਨ ਮੰਨੀ ਜਾਂਦੀ ਹੈ।

ਦਿਲਪ੍ਰੀਤ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਨੂੰ ਉਮੀਦ ਹੈ ਕਿ ਉਹ ਆਪਣੀ ਹਮਲਾਵਰ ਖੇਡ ਅਤੇ ਗੋਲ ਕਰਨ ਦੀ ਸਮਰੱਥਾ ਨਾਲ ਭਾਰਤ ਨੂੰ ਏਸ਼ਿਆਈ ਖੇਡਾਂ ਵਿੱਚ ਮਜ਼ਬੂਤ ਪ੍ਰਦਰਸ਼ਨ ਕਰਨ ਵਿੱਚ ਮਦਦ ਕਰਨਗੇ। ਭਾਰਤੀ ਟੀਮ ਦੀ ਹਮਲਾਵਰ ਲਾਈਨ ਵਿੱਚ ਦਿਲਪ੍ਰੀਤ ਦੇ ਨਾਲ ਸ਼ਿਲਾਨੰਦ ਲਾਕੜਾ, ਸੁਖਜੀਤ ਸਿੰਘ, ਮੰਦੀਪ ਸਿੰਘ ਅਤੇ ਅਭਿਸ਼ੇਕ ਵੀ ਸ਼ਾਮਲ ਹਨ।

**ਜਰਮਨਪ੍ਰੀਤ ਸਿੰਘ**

ਬਾਬਾ ਬਕਾਲਾ ਸਾਹਿਬ ਖੇਤਰ ਨਾਲ ਸਬੰਧਤ ਜਰਮਨਪ੍ਰੀਤ ਸਿੰਘ ਨੇ ਆਪਣੇ ਹਾਕੀ ਸਫ਼ਰ ਦੀ ਸ਼ੁਰੂਆਤ ਪਿੰਡ ਮਹਿਤਾ ਸਥਿਤ ਖਾਲਸਾ ਹਾਕੀ ਅਕੈਡਮੀ ਤੋਂ ਕੀਤੀ। ਇਸ ਤੋਂ ਬਾਅਦ ਉਹ ਜਲੰਧਰ ਦੀ ਸੁਰਜੀਤ ਹਾਕੀ ਅਕੈਡਮੀ ਨਾਲ ਜੁੜੇ ਅਤੇ ਉੱਥੇ ਆਪਣੀ ਖੇਡ ਨੂੰ ਹੋਰ ਨਿਖਾਰਿਆ।

ਜਰਮਨਪ੍ਰੀਤ ਸਿੰਘ ਨੇ 2024 ਦੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ ਭਾਰਤ ਵੱਲੋਂ ਆਪਣਾ ਓਲੰਪਿਕ ਸਫ਼ਰ ਸ਼ੁਰੂ ਕੀਤਾ ਸੀ। ਇਨ੍ਹਾਂ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਨੇ ਕਾਂਸੇ ਦਾ ਤ਼ਗਮਾ ਜਿੱਤਿਆ ਸੀ।

ਉਹ ਰੇਲਵੇ ਸਪੋਰਟਸ ਪ੍ਰਮੋਸ਼ਨ ਬੋਰਡ ਦੀ ਨੁਮਾਇੰਦਗੀ ਵੀ ਕਰ ਚੁੱਕੇ ਹਨ ਅਤੇ ਬਾਅਦ ਵਿੱਚ ਘਰੇਲੂ ਹਾਕੀ ਮੁਕਾਬਲਿਆਂ ਲਈ ਆਮਦਨ ਕਰ ਵਿਭਾਗ ਨਾਲ ਜੁੜੇ। ਹੁਣ ਏਸ਼ਿਆਈ ਖੇਡਾਂ ਵਿੱਚ ਉਹ ਭਾਰਤੀ ਟੀਮ ਦੀ ਰੱਖਿਆ ਪੰਕਤੀ ਨੂੰ ਮਜ਼ਬੂਤੀ ਦੇਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹਨ।

**ਜੁਗਰਾਜ ਸਿੰਘ**

ਡਿਫੈਂਡਰ ਅਤੇ ਡਰੈਗ-ਫਲਿੱਕਰ ਜੁਗਰਾਜ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਅਟਾਰੀ ਨਾਲ ਸਬੰਧਤ ਹਨ। ਉਨ੍ਹਾਂ ਨੇ ਇਸੇ ਸਾਲ ਜੂਨ ਵਿੱਚ ਨੀਦਰਲੈਂਡਜ਼ ਦੇ ਰੋਟਰਡਮ ਵਿੱਚ ਜਰਮਨੀ ਖ਼ਿਲਾਫ਼ ਭਾਰਤ ਦੇ ਐੱਫ.ਆਈ.ਐੱਚ. ਪ੍ਰੋ ਲੀਗ ਮੁਕਾਬਲੇ ਦੌਰਾਨ ਆਪਣੇ ਅੰਤਰਰਾਸ਼ਟਰੀ ਕਰੀਅਰ ਦਾ 100ਵਾਂ ਮੈਚ ਖੇਡਣ ਦਾ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ।

ਜੁਗਰਾਜ ਸਿੰਘ ਨੇ 2022 ਵਿੱਚ ਦੱਖਣੀ ਅਫ਼ਰੀਕਾ ਵਿੱਚ ਐੱਫ.ਆਈ.ਐੱਚ. ਪ੍ਰੋ ਲੀਗ ਦੇ ਮੁਕਾਬਲਿਆਂ ਰਾਹੀਂ ਆਪਣੇ ਸੀਨੀਅਰ ਅੰਤਰਰਾਸ਼ਟਰੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਥੋੜ੍ਹੇ ਸਮੇਂ ਵਿੱਚ ਹੀ ਉਨ੍ਹਾਂ ਨੇ ਭਾਰਤੀ ਟੀਮ ਦੀ ਬੈਕਲਾਈਨ ਵਿੱਚ ਆਪਣੀ ਅਹਿਮ ਥਾਂ ਬਣਾਈ ਅਤੇ ਡਿਫੈਂਡਰ ਦੇ ਨਾਲ-ਨਾਲ ਡਰੈਗ-ਫਲਿੱਕਰ ਵਜੋਂ ਵੀ ਟੀਮ ਲਈ ਯੋਗਦਾਨ ਪਾਇਆ ਹੈ।

ਅੰਮ੍ਰਿਤਸਰ ਨਾਲ ਸਬੰਧਤ ਇਨ੍ਹਾਂ ਚਾਰਾਂ ਖਿਡਾਰੀਆਂ ਦੀ ਮੌਜੂਦਗੀ ਨੇ ਏਸ਼ਿਆਈ ਖੇਡਾਂ ਵਿੱਚ ਪੰਜਾਬ ਅਤੇ ਖ਼ਾਸ ਕਰਕੇ ਅੰਮ੍ਰਿਤਸਰ ਦਾ ਮਾਣ ਵਧਾਇਆ ਹੈ। ਭਾਰਤੀ ਹਾਕੀ ਟੀਮ ਦੀਆਂ ਨਜ਼ਰਾਂ ਹੁਣ ਆਪਣੇ ਪਿਛਲੇ ਸੋਨ ਤ਼ਗਮੇ ਵਾਲੇ ਪ੍ਰਦਰਸ਼ਨ ਨੂੰ ਦੁਹਰਾਉਣ ’ਤੇ ਹਨ।






ਸਿਹਤ-ਸੰਭਾਲ

# ਨੀਂਦ ਘੱਟ ਹੋਵੇ ਜਾਂ ਜ਼ਿਆਦਾ, ਦੋਵੇਂ ਬਣ ਸਕਦੇ ਨੇ ਸਿਹਤ ਲਈ ਨੁਕਸਾਨਦੇਹ; ਜਾਣੋ ਕਿੰਨੀ ਨੀਂਦ ਹੈ ਜ਼ਰੂਰੀ

## ਖੋਜ ਮੁਤਾਬਕ ਨੀਂਦ ਦੀ ਮਿਆਦ ਅਤੇ ਸਰੀਰ ਦੀ ਉਮਰ ਵਧਣ ਵਿਚਕਾਰ ਸਬੰਧ, ਉਮਰ ਦੇ ਨਾਲ ਬਦਲਦੀ ਹੈ ਨੀਂਦ ਦੀ ਲੋੜ




ਰੋਜ਼ਾਨਾ ਕਿੰਨੇ ਘੰਟੇ ਸੌਣਾ ਚਾਹੀਦਾ ਹੈ, ਇਹ ਸਵਾਲ ਅਕਸਰ ਲੋਕਾਂ ਦੇ ਮਨ ਵਿੱਚ ਰਹਿੰਦਾ ਹੈ। ਆਮ ਤੌਰ 'ਤੇ 6 ਤੋਂ 8 ਘੰਟੇ ਦੀ ਨੀਂਦ ਨੂੰ ਕਾਫ਼ੀ ਮੰਨਿਆ ਜਾਂਦਾ ਹੈ। ਪਰ ਜੇ ਕੋਈ ਵਿਅਕਤੀ ਲਗਾਤਾਰ ਇਸ ਤੋਂ ਕਾਫ਼ੀ ਘੱਟ ਜਾਂ ਬਹੁਤ ਜ਼ਿਆਦਾ ਸੌਂਦਾ ਹੈ ਤਾਂ ਇਸ ਦਾ ਅਸਰ ਉਸ ਦੀ ਸਿਹਤ ਅਤੇ ਸਰੀਰ ਦੀ ਉਮਰ ਵਧਣ ਦੀ ਪ੍ਰਕਿਰਿਆ 'ਤੇ ਪੈ ਸਕਦਾ ਹੈ।

ਸਿਹਤ ਰਸਾਲੇ 'ਨੇਚਰ' ਵਿੱਚ ਪ੍ਰਕਾਸ਼ਿਤ ਇੱਕ ਖੋਜ ਵਿੱਚ ਖੋਜਕਰਤਾਵਾਂ ਨੇ ਪਾਇਆ ਕਿ ਬਹੁਤ ਘੱਟ ਜਾਂ ਬਹੁਤ ਜ਼ਿਆਦਾ ਨੀਂਦ ਲੈਣ ਵਾਲੇ ਲੋਕਾਂ ਵਿੱਚ ਜਲਦੀ ਬੁੱਢੇ ਹੋਣ ਨਾਲ ਜੁੜੇ ਸੰਕੇਤ ਦਿਖਾਈ ਦੇ ਸਕਦੇ ਹਨ।

ਇਸ ਅਧਿਐਨ ਲਈ ਕੋਲੰਬੀਆ ਯੂਨੀਵਰਸਿਟੀ ਦੇ ਕੰਪਿਊਟਰ ਨਿਊਰੋਸਾਇੰਟਿਸਟ ਜਨਹਾਓ ਵੇਨ ਅਤੇ ਉਨ੍ਹਾਂ ਦੀ ਟੀਮ ਨੇ ਯੂਕੇ ਬਾਇਓਬੈਂਕ ਦੇ ਕਰੀਬ 5 ਲੱਖ ਲੋਕਾਂ ਦੇ ਸਿਹਤ ਸਬੰਧੀ ਅੰਕੜਿਆਂ ਦਾ ਅਧਿਐਨ ਕੀਤਾ।

ਅਧਿਐਨ ਮੁਤਾਬਕ, ਰੋਜ਼ਾਨਾ 6 ਤੋਂ 8 ਘੰਟੇ ਸੌਣ ਵਾਲੇ ਲੋਕਾਂ ਵਿੱਚ ਕਈ ਸਿਹਤ ਸਮੱਸਿਆਵਾਂ ਦਾ ਖ਼ਤਰਾ ਘੱਟ ਪਾਇਆ ਗਿਆ। ਇਸ ਦੇ ਉਲਟ, ਬਹੁਤ ਘੱਟ ਜਾਂ ਬਹੁਤ ਜ਼ਿਆਦਾ ਨੀਂਦ ਲੈਣ ਵਾਲੇ ਲੋਕਾਂ ਵਿੱਚ ਸਰੀਰ ਦੀ ਉਮਰ ਵਧਣ ਨਾਲ ਜੁੜੇ ਸੰਕੇਤ ਵਧੇਰੇ ਦੇਖਣ ਨੂੰ ਮਿਲੇ।

ਹਾਲਾਂਕਿ, ਇਸ ਖੋਜ ਤੋਂ ਇਹ ਸਾਬਿਤ ਨਹੀਂ ਹੁੰਦਾ ਕਿ ਰੋਜ਼ਾਨਾ 6 ਤੋਂ 8 ਘੰਟੇ ਦੀ ਨੀਂਦ ਲੈਣ ਨਾਲ ਸਿੱਧੇ ਤੌਰ 'ਤੇ ਸਿਹਤ ਬਿਹਤਰ ਹੁੰਦੀ ਹੈ ਜਾਂ ਉਮਰ ਵਧਣ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ। ਖੋਜਕਰਤਾਵਾਂ ਨੂੰ ਨੀਂਦ ਦੀ ਮਿਆਦ ਅਤੇ ਸਰੀਰ ਦੀ ਉਮਰ ਵਧਣ ਵਿਚਕਾਰ ਕਈ ਮਾਮਲਿਆਂ ਵਿੱਚ 'ਯੂ' ਆਕਾਰ ਦਾ ਸਬੰਧ ਦਿਖਾਈ ਦਿੱਤਾ। ਇਸ ਦਾ ਮਤਲਬ ਹੈ ਕਿ ਆਮ ਮਿਆਦ ਦੀ ਨੀਂਦ ਲੈਣ ਵਾਲੇ ਲੋਕਾਂ ਦੀ ਸਥਿਤੀ ਬਿਹਤਰ ਰਹੀ, ਜਦਕਿ ਬਹੁਤ ਘੱਟ ਜਾਂ ਬਹੁਤ ਜ਼ਿਆਦਾ ਸੌਣ ਵਾਲਿਆਂ ਵਿੱਚ ਉਮਰ ਵਧਣ ਨਾਲ ਜੁੜੇ ਸੰਕੇਤ ਵਧੇਰੇ ਪਾਏ ਗਏ।

ਖੋਜ ਵਿੱਚ ਇਹ ਵੀ ਸਾਹਮਣੇ ਆਇਆ ਕਿ ਸਰੀਰ ਦੇ ਸਾਰੇ ਅੰਗਾਂ ਲਈ ਨੀਂਦ ਦੀ ਇੱਕੋ ਜਿਹੀ ਮਿਆਦ ਜ਼ਰੂਰੀ ਨਹੀਂ ਹੈ। ਮਿਸਾਲ ਵਜੋਂ, ਦਿਲ ਦੀ ਸਿਹਤ ਲਈ 6 ਘੰਟੇ ਦੀ ਨੀਂਦ ਬਿਹਤਰ ਪਾਈ ਗਈ, ਜਦਕਿ ਦਿਮਾਗ਼ ਲਈ 8 ਘੰਟੇ ਦੀ ਨੀਂਦ ਬਿਹਤਰ ਪਾਈ ਗਈ।

ਇਸ ਸਬੰਧੀ ਇਹ ਸਵਾਲ ਵੀ ਉੱਠਦਾ ਹੈ ਕਿ ਕੀ ਨੀਂਦ ਦੀ ਮਿਆਦ ਦਾ ਲੋਕਾਂ ਦੀ ਉਮਰ ਵਧਣ ਨਾਲ ਸਬੰਧ ਹੈ ਜਾਂ ਉਮਰ ਵਧਣ ਕਾਰਨ ਉਨ੍ਹਾਂ ਦੀ ਨੀਂਦ ਪ੍ਰਭਾਵਿਤ ਹੁੰਦੀ ਹੈ? ਇਸ ਦੇ ਜਵਾਬ ਵਿੱਚ ਖੋਜਕਰਤਾਵਾਂ ਦਾ ਮੰਨਣਾ ਹੈ ਕਿ ਦੋਵਾਂ ਦਾ ਇੱਕ-ਦੂਜੇ 'ਤੇ ਅਸਰ ਹੋ ਸਕਦਾ ਹੈ।

ਯਾਨੀ ਨੀਂਦ ਸਿਹਤ ਅਤੇ ਉਮਰ ਵਧਣ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੀ ਹੈ ਅਤੇ ਦੂਜੇ ਪਾਸੇ ਸਿਹਤ ਵਿੱਚ ਬਦਲਾਅ ਵੀ ਵਿਅਕਤੀ ਦੀ ਨੀਂਦ ਦੀ ਮਿਆਦ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਉਮਰ ਦੇ ਨਾਲ ਬਦਲਦੀ ਹੈ ਨੀਂਦ ਦੀ ਲੋੜ

ਨਿਊਰੋਲੋਜਿਸਟ ਡਾਕਟਰ ਪ੍ਰਤੀਕ ਕਿਸ਼ੋਰ ਮੁਤਾਬਕ, ਉਮਰ ਦਾ ਨੀਂਦ ਨਾਲ ਸਿੱਧਾ ਸਬੰਧ ਹੈ। ਜਵਾਨ ਲੋਕਾਂ ਦਾ ਕੁਦਰਤੀ ਨੀਂਦ ਚੱਕਰ ਆਮ ਤੌਰ 'ਤੇ 6 ਤੋਂ 8 ਘੰਟਿਆਂ ਦਾ ਹੁੰਦਾ ਹੈ, ਜਦਕਿ ਉਮਰ ਵਧਣ ਨਾਲ ਬਜ਼ੁਰਗ ਲੋਕਾਂ ਦੀ ਨੀਂਦ ਦੀ ਮਿਆਦ ਘੱਟ ਹੋ ਸਕਦੀ ਹੈ।

ਨਿਊਰੋਲੋਜਿਸਟ ਡਾਕਟਰ ਜੋਤੀ ਸ਼ਰਮਾ ਵੀ ਇਸ ਨਾਲ ਸਹਿਮਤ ਹਨ। ਉਨ੍ਹਾਂ ਮੁਤਾਬਕ, ਜਨਮ ਦੇ ਸਮੇਂ ਇੱਕ ਬੱਚਾ ਕਰੀਬ 18 ਤੋਂ 20 ਘੰਟਿਆਂ ਤੱਕ ਸੌਂ ਸਕਦਾ ਹੈ। ਪਰ ਉਮਰ ਵਧਣ ਦੇ ਨਾਲ ਨੀਂਦ ਦੀ ਇਹ ਮਿਆਦ ਹੌਲੀ-ਹੌਲੀ ਘੱਟ ਹੁੰਦੀ ਜਾਂਦੀ ਹੈ। ਬਾਲਗਾਂ ਲਈ 6 ਤੋਂ 8 ਘੰਟੇ ਦੀ ਨੀਂਦ ਨੂੰ ਆਮ ਤੌਰ 'ਤੇ ਕਾਫ਼ੀ ਮੰਨਿਆ ਜਾਂਦਾ ਹੈ।

ਉਨ੍ਹਾਂ ਮੁਤਾਬਕ, ਜੇ ਨੀਂਦ ਇਸ ਤੋਂ ਘੱਟ ਜਾਂ ਬਹੁਤ ਜ਼ਿਆਦਾ ਹੋਵੇ ਤਾਂ ਇਸ ਦਾ ਅਸਰ ਸਰੀਰ ਦੇ ਵੱਖ-ਵੱਖ ਅੰਗਾਂ ਦੀ ਕੰਮ ਕਰਨ ਦੀ ਸਮਰੱਥਾ 'ਤੇ ਪੈ ਸਕਦਾ ਹੈ।

ਕੀ ਘੱਟ ਜਾਂ ਜ਼ਿਆਦਾ ਨੀਂਦ ਨਾਲ ਸਰੀਰ ਛੇਤੀ ਬੁੱਢਾ ਹੋ ਸਕਦਾ ਹੈ?

ਨੀਂਦ ਦੌਰਾਨ ਸਰੀਰ ਵਿੱਚ ਕਈ ਮਹੱਤਵਪੂਰਨ ਹਾਰਮੋਨ ਅਤੇ ਐਂਜ਼ਾਈਮ ਸਰਗਰਮ ਹੁੰਦੇ ਹਨ, ਜੋ ਸਰੀਰ ਦੀ ਮੁਰੰਮਤ ਵਿੱਚ ਮਦਦ ਕਰਦੇ ਹਨ।

ਡਾਕਟਰ ਪ੍ਰਤੀਕ ਕਿਸ਼ੋਰ ਮੁਤਾਬਕ, ਪੂਰੀ ਨੀਂਦ ਨਾ ਲੈਣ 'ਤੇ ਸਰੀਰ ਵਿੱਚ ਸੋਜ ਦੀ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ। ਇਹ ਸਥਿਤੀ ਧਮਨੀਆਂ ਵਿੱਚ ਰੁਕਾਵਟ ਪੈਦਾ ਕਰ ਸਕਦੀ ਹੈ, ਜਿਸ ਨਾਲ ਦਿਲ ਦੇ ਦੌਰੇ ਅਤੇ ਦੌਰੇ ਦਾ ਖ਼ਤਰਾ ਵਧ ਸਕਦਾ ਹੈ।

ਉਨ੍ਹਾਂ ਮੁਤਾਬਕ, ਨੀਂਦ ਦੀ ਕਮੀ ਬਲੱਡ ਸ਼ੂਗਰ ਦੇ ਪੱਧਰ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਗੁਰਦਿਆਂ ਅਤੇ ਦਿਮਾਗ਼ ਨਾਲ ਜੁੜੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

'ਨੇਚਰ' ਵਿੱਚ ਪ੍ਰਕਾਸ਼ਿਤ ਖੋਜ ਵੀ ਇਸ ਵੱਲ ਇਸ਼ਾਰਾ ਕਰਦੀ ਹੈ ਕਿ ਘੱਟ ਜਾਂ ਜ਼ਿਆਦਾ ਨੀਂਦ ਲੈਣ ਨਾਲ ਸਰੀਰ ਦੇ ਵੱਖ-ਵੱਖ ਅੰਗਾਂ 'ਤੇ ਅਸਰ ਪੈ ਸਕਦਾ ਹੈ ਅਤੇ ਇਹ ਸਰੀਰ ਵਿੱਚ ਉਮਰ ਵਧਣ ਨਾਲ ਜੁੜੇ ਬਦਲਾਵਾਂ ਨਾਲ ਸਬੰਧਤ ਹੋ ਸਕਦਾ ਹੈ।

ਹਾਲਾਂਕਿ, ਇਸ ਤੱਥ ਨੂੰ ਪੱਕੇ ਤੌਰ 'ਤੇ ਸਾਬਿਤ ਨਹੀਂ ਕੀਤਾ ਗਿਆ ਕਿ ਨੀਂਦ ਦੀ ਕਮੀ ਸਿੱਧੇ ਤੌਰ 'ਤੇ ਬੁਢਾਪੇ ਦੀ ਪ੍ਰਕਿਰਿਆ ਨੂੰ ਤੇਜ਼ ਕਰਦੀ ਹੈ। ਨੀਂਦ ਦੀ ਕਮੀ ਅਤੇ ਉਮਰ ਵਧਣ ਵਿਚਕਾਰ ਸਬੰਧ ਨੂੰ ਲੈ ਕੇ ਪਹਿਲਾਂ ਵੀ ਖੋਜਾਂ ਸਾਹਮਣੇ ਆ ਚੁੱਕੀਆਂ ਹਨ।

ਲਾਸ ਐਂਜਲਸ ਦੀ ਕੈਲੀਫੋਰਨੀਆ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੀ ਇੱਕ ਖੋਜ ਵਿੱਚ ਪਾਇਆ ਗਿਆ ਕਿ ਸਿਰਫ਼ ਇੱਕ ਰਾਤ ਪੂਰੀ ਨੀਂਦ ਨਾ ਲੈਣ ਨਾਲ ਬਜ਼ੁਰਗ ਲੋਕਾਂ ਦੀਆਂ ਕੋਸ਼ਿਕਾਵਾਂ ਵਿੱਚ ਉਮਰ ਵਧਣ ਦੀ ਪ੍ਰਕਿਰਿਆ ਨਾਲ ਜੁੜੇ ਬਦਲਾਅ ਹੋ ਸਕਦੇ ਹਨ। ਖੋਜ ਵਿੱਚ ਨੀਂਦ ਦੀ ਕਮੀ ਨੂੰ ਕਈ ਸਿਹਤ ਸਮੱਸਿਆਵਾਂ ਦੇ ਵਧੇ ਹੋਏ ਖ਼ਤਰੇ ਨਾਲ ਵੀ ਜੋੜਿਆ ਗਿਆ।

ਇਸ ਅਧਿਐਨ ਵਿੱਚ 61 ਤੋਂ 86 ਸਾਲ ਦੀ ਉਮਰ ਦੇ 29 ਬਜ਼ੁਰਗ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ। ਖੋਜ ਦੌਰਾਨ ਉਨ੍ਹਾਂ ਨੂੰ ਚਾਰ ਰਾਤਾਂ ਤੱਕ ਵੱਖ-ਵੱਖ ਤਰ੍ਹਾਂ ਦੀ ਨੀਂਦ ਦਿੱਤੀ ਗਈ। ਇਸ ਵਿੱਚ ਇੱਕ ਰਾਤ ਉਨ੍ਹਾਂ ਦੀ ਨੀਂਦ ਰਾਤ 3 ਵਜੇ ਤੋਂ ਸਵੇਰੇ 7 ਵਜੇ ਤੱਕ, ਯਾਨੀ ਸਿਰਫ਼ 4 ਘੰਟਿਆਂ ਦੀ ਕਰ ਦਿੱਤੀ ਗਈ।

ਖੋਜਕਰਤਾਵਾਂ ਨੇ ਹਰ ਸਵੇਰ ਇਨ੍ਹਾਂ ਲੋਕਾਂ ਦੇ ਖ਼ੂਨ ਦੇ ਨਮੂਨੇ ਲਏ ਅਤੇ ਉਨ੍ਹਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਦਾ ਅਧਿਐਨ ਕੀਤਾ।

ਇਸ ਵਿੱਚ ਪਾਇਆ ਗਿਆ ਕਿ ਘੱਟ ਨੀਂਦ ਤੋਂ ਬਾਅਦ ਸਰੀਰ ਦੀਆਂ ਕੁਝ ਕੋਸ਼ਿਕਾਵਾਂ ਵਿੱਚ ਅਜਿਹੇ ਬਦਲਾਅ ਹੋਏ, ਜੋ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਣ ਅਤੇ ਉਨ੍ਹਾਂ ਦੇ ਸਮੇਂ ਤੋਂ ਪਹਿਲਾਂ ਬੁੱਢੇ ਹੋਣ ਦੀ ਪ੍ਰਕਿਰਿਆ ਨਾਲ ਜੁੜੇ ਸਨ।

ਇਸ ਅਧਿਐਨ ਦੀ ਮੁੱਖ ਖੋਜਕਰਤਾ ਅਤੇ ਕੈਲੀਫੋਰਨੀਆ ਯੂਨੀਵਰਸਿਟੀ ਦੇ ਕਜ਼ਿਨਜ਼ ਸੈਂਟਰ ਫ਼ਾਰ ਸਾਈਕੋਨਿਊਰੋਇਮਿਊਨੋਲੋਜੀ ਦੀ ਸਹਾਇਕ ਪ੍ਰੋਫੈਸਰ ਡਾਕਟਰ ਜੂਡਿਥ ਕੈਰੋਲ ਨੇ ਕਿਹਾ ਕਿ ਬਜ਼ੁਰਗ ਲੋਕਾਂ ਵਿੱਚ ਸਿਰਫ਼ ਇੱਕ ਰਾਤ ਪੂਰੀ ਨੀਂਦ ਨਾ ਲੈਣ ਨਾਲ ਸਰੀਰ ਵਿੱਚ ਅਜਿਹੇ ਮਹੱਤਵਪੂਰਨ ਜੈਵਿਕ ਬਦਲਾਅ ਹੋ ਸਕਦੇ ਹਨ, ਜੋ ਉਮਰ ਵਧਣ ਦੀ ਪ੍ਰਕਿਰਿਆ ਨਾਲ ਜੁੜੇ ਹੋਏ ਹਨ।

ਨੀਂਦ ਦੀ ਕਮੀ ਦਾ ਦਿਮਾਗ਼ 'ਤੇ ਵੀ ਪੈਂਦਾ ਹੈ ਅਸਰ

ਨੀਂਦ ਦੀ ਕਮੀ ਦਾ ਅਸਰ ਸਿਰਫ਼ ਸਰੀਰ 'ਤੇ ਹੀ ਨਹੀਂ, ਸਗੋਂ ਦਿਮਾਗ਼ 'ਤੇ ਵੀ ਪੈ ਸਕਦਾ ਹੈ।

ਡਾਕਟਰ ਜੋਤੀ ਸ਼ਰਮਾ ਮੁਤਾਬਕ, ਦਿਮਾਗ਼ ਸੌਂਦੇ ਸਮੇਂ ਵੀ ਸਰਗਰਮ ਰਹਿੰਦਾ ਹੈ। ਇਸ ਦੌਰਾਨ ਉਹ ਦਿਨ ਭਰ ਦੀਆਂ ਯਾਦਾਂ ਨੂੰ ਵਿਵਸਥਿਤ ਕਰਨ ਅਤੇ ਉਨ੍ਹਾਂ ਨੂੰ ਪੱਕਾ ਕਰਨ ਦਾ ਕੰਮ ਕਰਦਾ ਹੈ। ਇਸ ਦੇ ਨਾਲ ਹੀ, ਨੀਂਦ ਦੌਰਾਨ ਦਿਮਾਗ਼ ਵਿੱਚ ਜਮ੍ਹਾਂ ਹੋਣ ਵਾਲੇ ਬੇਕਾਰ ਪਦਾਰਥਾਂ ਦੀ ਸਫ਼ਾਈ ਦੀ ਪ੍ਰਕਿਰਿਆ ਵੀ ਹੁੰਦੀ ਹੈ।

ਦਿਮਾਗ਼ ਅਤੇ ਦਿਲ ਇੱਕ-ਦੂਜੇ ਨਾਲ ਡੂੰਘਾਈ ਨਾਲ ਜੁੜੇ ਹੋਏ ਹਨ। ਡਾਕਟਰ ਪ੍ਰਤੀਕ ਕਿਸ਼ੋਰ ਮੁਤਾਬਕ, ਦਿਮਾਗ਼ ਸਰੀਰ ਦੀਆਂ ਕਈ ਗਤੀਵਿਧੀਆਂ ਨੂੰ ਨਿਯੰਤਰਿਤ ਕਰਦਾ ਹੈ। ਜੇਕਰ ਉਸ ਨੂੰ ਪੂਰੀ ਤਰ੍ਹਾਂ ਠੀਕ ਹੋਣ ਲਈ ਉਚਿਤ ਸਮਾਂ ਨਹੀਂ ਮਿਲਦਾ ਤਾਂ ਇਸ ਦਾ ਅਸਰ ਦਿਲ ਦੇ ਕੰਮ ਕਰਨ ਦੀ ਸਮਰੱਥਾ 'ਤੇ ਵੀ ਪੈ ਸਕਦਾ ਹੈ।

ਡਾਕਟਰ ਪ੍ਰਤੀਕ ਕਿਸ਼ੋਰ ਕਹਿੰਦੇ ਹਨ ਕਿ ਸਿਰਫ਼ ਬਿਸਤਰੇ 'ਤੇ ਬਿਤਾਏ ਗਏ ਘੰਟਿਆਂ ਨਾਲੋਂ ਚੰਗੀ ਗੁਣਵੱਤਾ ਵਾਲੀ ਨੀਂਦ ਵਧੇਰੇ ਮਹੱਤਵਪੂਰਨ ਹੈ। ਯਾਨੀ ਕੋਈ ਵਿਅਕਤੀ 8 ਘੰਟੇ ਬਿਸਤਰੇ 'ਤੇ ਰਹਿਣ ਦੇ ਬਾਵਜੂਦ ਜੇ ਵਾਰ-ਵਾਰ ਜਾਗਦਾ ਹੈ ਜਾਂ ਉਸ ਦੀ ਨੀਂਦ ਲਗਾਤਾਰ ਟੁੱਟਦੀ ਰਹਿੰਦੀ ਹੈ ਤਾਂ ਉਸ ਨੂੰ ਪੂਰਾ ਆਰਾਮ ਨਹੀਂ ਮਿਲ ਪਾਉਂਦਾ।

ਅਕਸਰ ਲੋਕ ਘੁਰਾੜਿਆਂ ਨੂੰ ਡੂੰਘੀ ਨੀਂਦ ਦੀ ਨਿਸ਼ਾਨੀ ਮੰਨਦੇ ਹਨ, ਜਦਕਿ ਇਹ ਜ਼ਰੂਰੀ ਨਹੀਂ ਹੈ। ਡਾਕਟਰ ਜੋਤੀ ਸ਼ਰਮਾ ਮੁਤਾਬਕ, ਘੁਰਾੜੇ ਆਉਣ ਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਨੀਂਦ ਵਾਰ-ਵਾਰ ਟੁੱਟ ਰਹੀ ਹੈ।

ਇਸੇ ਤਰ੍ਹਾਂ, ਲੋੜ ਤੋਂ ਜ਼ਿਆਦਾ ਸੌਣਾ ਵੀ ਨੀਂਦ ਦੀ ਮਾੜੀ ਗੁਣਵੱਤਾ ਦੀ ਨਿਸ਼ਾਨੀ ਹੋ ਸਕਦਾ ਹੈ। ਇਸ ਨਾਲ ਤਣਾਅ ਦਾ ਪੱਧਰ ਵਧ ਸਕਦਾ ਹੈ ਅਤੇ ਰੋਗ-ਪ੍ਰਤੀਰੋਧਕ ਪ੍ਰਣਾਲੀ 'ਤੇ ਅਸਰ ਪੈ ਸਕਦਾ ਹੈ। ਕੁਝ ਮਾਮਲਿਆਂ ਵਿੱਚ ਦੌਰੇ ਜਾਂ ਦਿਲ ਦੇ ਦੌਰੇ ਦਾ ਖ਼ਤਰਾ ਵੀ ਵਧ ਸਕਦਾ ਹੈ।

ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੀ ਡਾਕਟਰ ਕ੍ਰਿਸਟੀਨ ਯਾਫੇ ਮੁਤਾਬਕ, ਦਿਮਾਗ਼ ਦੀ ਸਿਹਤ ਬਣਾਈ ਰੱਖਣ ਲਈ ਨਿਯਮਤ ਸਮੇਂ 'ਤੇ ਸੌਣਾ-ਜਾਗਣਾ, ਕਸਰਤ ਕਰਨਾ, ਸੌਣ ਤੋਂ ਪਹਿਲਾਂ ਕੈਫ਼ੀਨ ਅਤੇ ਸ਼ਰਾਬ ਤੋਂ ਬਚਣਾ ਅਤੇ ਮਨ ਨੂੰ ਸ਼ਾਂਤ ਕਰਨ ਵਾਲੀਆਂ ਤਕਨੀਕਾਂ ਦੀ ਵਰਤੋਂ ਮਦਦਗਾਰ ਹੋ ਸਕਦੀ ਹੈ।

ਡਾਕਟਰ ਜੋਤੀ ਸ਼ਰਮਾ ਨੀਂਦ ਦੀ ਤੁਲਨਾ ਮੋਬਾਈਲ ਦੀ ਚਾਰਜਿੰਗ ਨਾਲ ਕਰਦੇ ਹਨ। ਜਿਸ ਤਰ੍ਹਾਂ ਬਿਨਾਂ ਚਾਰਜ ਕੀਤੇ ਮੋਬਾਈਲ ਠੀਕ ਤਰ੍ਹਾਂ ਕੰਮ ਨਹੀਂ ਕਰ ਸਕਦਾ, ਉਸੇ ਤਰ੍ਹਾਂ ਪੂਰੀ ਨੀਂਦ ਨਾ ਮਿਲਣ 'ਤੇ ਦਿਮਾਗ਼ ਅਗਲੇ ਦਿਨ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਕਰ ਪਾਉਂਦਾ।

ਕਿਵੇਂ ਪਤਾ ਲੱਗੇ ਕਿ ਤੁਹਾਡੇ ਲਈ ਕਿੰਨੀ ਨੀਂਦ ਜ਼ਰੂਰੀ ਹੈ?

ਹਰ ਵਿਅਕਤੀ ਦੀ ਨੀਂਦ ਦੀ ਲੋੜ ਵੱਖਰੀ ਹੋ ਸਕਦੀ ਹੈ। ਡਾਕਟਰ ਜੋਤੀ ਸ਼ਰਮਾ ਮੁਤਾਬਕ, ਇਸ ਨੂੰ ਸਮਝਣ ਦਾ ਇੱਕ ਤਰੀਕਾ ਇਹ ਹੈ ਕਿ ਕਿਸੇ ਦਿਨ ਬਿਨਾਂ ਅਲਾਰਮ ਲਗਾਏ ਸੌਂਵੋ ਅਤੇ ਦੇਖੋ ਕਿ ਸਰੀਰ ਕੁਦਰਤੀ ਤੌਰ 'ਤੇ ਕਦੋਂ ਜਾਗਦਾ ਹੈ।

ਜੇਕਰ ਜਾਗਣ ਤੋਂ ਬਾਅਦ ਤੁਸੀਂ ਤਰੋਤਾਜ਼ਾ ਅਤੇ ਸਰਗਰਮ ਮਹਿਸੂਸ ਕਰਦੇ ਹੋ ਤਾਂ ਇਹ ਸੰਕੇਤ ਹੋ ਸਕਦਾ ਹੈ ਕਿ ਤੁਹਾਡੇ ਸਰੀਰ ਨੂੰ ਓਨੀ ਨੀਂਦ ਕਾਫ਼ੀ ਲੱਗ ਰਹੀ ਹੈ।

ਕਈ ਵਾਰ ਜਾਗਣ ਤੋਂ ਬਾਅਦ ਸਰੀਰ ਵਿੱਚ ਦਰਦ ਹੁੰਦਾ ਹੈ ਜਾਂ ਸਿਰ ਵਿੱਚ ਵੀ ਦਰਦ ਹੋਣ ਲੱਗਦਾ ਹੈ। ਇਹ ਕਿਸ ਗੱਲ ਦਾ ਸੰਕੇਤ ਹੈ?

ਇਸ ਦੇ ਜਵਾਬ ਵਿੱਚ ਡਾਕਟਰ ਜੋਤੀ ਸ਼ਰਮਾ ਕਹਿੰਦੇ ਹਨ ਕਿ ਇਹ ਸੰਕੇਤ ਹੋ ਸਕਦਾ ਹੈ ਕਿ ਤੁਸੀਂ ਭਾਵੇਂ ਨੀਂਦ ਲਈ ਹੋਵੇ, ਪਰ ਇਹ ਚੰਗੀ ਗੁਣਵੱਤਾ ਵਾਲੀ ਨੀਂਦ ਨਹੀਂ ਸੀ। ਸੰਭਵ ਹੈ ਕਿ ਤੁਹਾਡੀ ਨੀਂਦ ਵਿਚਕਾਰ ਟੁੱਟੀ ਹੋਵੇ ਜਾਂ ਤੁਸੀਂ ਆਰਾਮਦਾਇਕ ਢੰਗ ਨਾਲ ਨਾ ਸੌਂ ਸਕੇ ਹੋਵੋ।

ਹਾਲਾਂਕਿ, ਜੇਕਰ ਲਗਾਤਾਰ ਨੀਂਦ ਨਾਲ ਜੁੜੀ ਪਰੇਸ਼ਾਨੀ ਰਹਿੰਦੀ ਹੈ, ਬਹੁਤ ਜ਼ਿਆਦਾ ਘੁਰਾੜੇ ਆਉਂਦੇ ਹਨ ਜਾਂ ਕਾਫ਼ੀ ਸਮਾਂ ਸੌਣ ਦੇ ਬਾਵਜੂਦ ਸਾਰਾ ਦਿਨ ਥਕਾਵਟ ਰਹਿੰਦੀ ਹੈ ਤਾਂ ਡਾਕਟਰ ਦੀ ਸਲਾਹ ਲੈਣਾ ਜ਼ਰੂਰੀ ਹੈ।

# ਟਾਇਲਟ ਵਿੱਚ ਮਿਲਿਆ ਟੇਪਵਰਮ, ਬਾਅਦ ਵਿੱਚ ਦਿਮਾਗ ਵਿੱਚ ਮਿਲੇ 38 ਪਰਜੀਵੀ

## ਭਾਰਤ ਯਾਤਰਾ ਨਾਲ ਜੁੜਿਆ ਬਿਮਾਰੀ ਦਾ ਸਬੰਧ

42 ਸਾਲਾ ਲੌਰੀ ਡੈਨਮੈਨ ਨੂੰ ਤੇਜ਼ ਸਿਰਦਰਦ, ਦੌਰੇ ਅਤੇ ਮਾਨਸਿਕ ਪਰੇਸ਼ਾਨੀਆਂ ਦਾ ਕਰਨਾ ਪਿਆ ਸਾਹਮਣਾ; ਕਈ ਸਾਲਾਂ ਦੇ ਇਲਾਜ ਤੋਂ ਬਾਅਦ ਹੁਣ ਬਿਮਾਰੀ ਤੋਂ ਉਭਰ ਚੁੱਕੇ ਹਨ

ਵੇਲਜ਼ ਦੇ ਰਹਿਣ ਵਾਲੇ 42 ਸਾਲਾ ਲੌਰੀ ਡੈਨਮੈਨ ਨੂੰ ਪਹਿਲੀ ਵਾਰ ਉਦੋਂ ਪਤਾ ਲੱਗਿਆ ਕਿ ਉਨ੍ਹਾਂ ਦੀ ਸਿਹਤ ਨਾਲ ਕੁਝ ਗੜਬੜ ਹੈ, ਜਦੋਂ ਟਾਇਲਟ ਜਾਣ ਤੋਂ ਬਾਅਦ ਉਨ੍ਹਾਂ ਨੂੰ ਕਰੀਬ ਇੱਕ ਮੀਟਰ ਲੰਬਾ ਟੇਪਵਰਮ ਦਿਖਾਈ ਦਿੱਤਾ। ਲੌਰੀ ਨੇ ਦੱਸਿਆ ਕਿ ਇਹ ਕੀੜਾ ਬਹੁਤ ਹੀ ਘਿਣਾਉਣਾ ਲੱਗ ਰਿਹਾ ਸੀ ਅਤੇ ਸੈਲੋਟੇਪ ਵਰਗਾ ਦਿਖਾਈ ਦਿੰਦਾ ਸੀ, ਜਿਸ 'ਤੇ ਛੋਟੀਆਂ-ਛੋਟੀਆਂ ਧਾਰੀਆਂ ਬਣੀਆਂ ਹੋਈਆਂ ਸਨ।

ਇਹ ਅੱਗੇ ਚੱਲ ਕੇ ਨਿਊਰੋਸਿਸਟੀਸਰਕੋਸਿਸ ਨਾਲ ਜੁੜੇ ਮਾਮਲੇ ਦੀ ਪਹਿਲੀ ਨਿਸ਼ਾਨੀ ਬਣਿਆ। ਇਸ ਬਿਮਾਰੀ ਕਾਰਨ ਲੌਰੀ ਦੇ ਦਿਮਾਗ ਵਿੱਚ 38 ਪਰਜੀਵੀ ਸਿਸਟ ਬਣ ਗਏ ਅਤੇ ਉਨ੍ਹਾਂ ਨੂੰ ਬਹੁਤ ਤੇਜ਼ ਸਿਰਦਰਦ, ਦੌਰੇ ਅਤੇ ਮਾਨਸਿਕ ਪਰੇਸ਼ਾਨੀਆਂ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।

ਨਿਊਰੋਸਿਸਟੀਸਰਕੋਸਿਸ ਟੇਨੀਆ ਸੋਲੀਅਮ ਨਾਮ ਦੇ ਸੂਰ ਵਾਲੇ ਟੇਪਵਰਮ ਦੇ ਲਾਰਵਾ ਕਾਰਨ ਹੋਣ ਵਾਲੀ ਬਿਮਾਰੀ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਕ, ਜਦੋਂ ਇਸ ਪਰਜੀਵੀ ਦੇ ਲਾਰਵਾ ਦਿਮਾਗ ਜਾਂ ਕੇਂਦਰੀ ਤੰਤਰ ਵਿੱਚ ਸਿਸਟ ਬਣਾ ਲੈਂਦੇ ਹਨ ਤਾਂ ਇਸ ਨੂੰ ਨਿਊਰੋਸਿਸਟੀਸਰਕੋਸਿਸ ਕਿਹਾ ਜਾਂਦਾ ਹੈ।

ਲੌਰੀ ਯੂਕੇ ਦੇ ਉਨ੍ਹਾਂ ਦੁਰਲੱਭ ਮਰੀਜ਼ਾਂ ਵਿੱਚੋਂ ਇੱਕ ਹਨ, ਜਿਨ੍ਹਾਂ ਵਿੱਚ ਹਰ ਸਾਲ ਇਸ ਤਰ੍ਹਾਂ ਦੀ ਦਿਮਾਗੀ ਬਿਮਾਰੀ ਦੀ ਪਛਾਣ ਹੁੰਦੀ ਹੈ। ਉਨ੍ਹਾਂ ਨੂੰ ਪੂਰੀ ਤਰ੍ਹਾਂ ਠੀਕ ਹੋਣ ਵਿੱਚ ਕਈ ਸਾਲ ਲੱਗੇ ਅਤੇ ਹੁਣ ਉਹ ਆਪਣੇ ਇਸ ਮਾੜੇ ਤਜਰਬੇ ਰਾਹੀਂ ਲੋਕਾਂ ਵਿੱਚ ਬਿਮਾਰੀ ਬਾਰੇ ਜਾਗਰੂਕਤਾ ਫੈਲਾਉਣਾ ਚਾਹੁੰਦੇ ਹਨ।

### 2007 ਵਿੱਚ ਕੀਤੀ ਸੀ ਭਾਰਤ ਦੀ ਯਾਤਰਾ

ਲੌਰੀ ਸਾਲ 2007 ਵਿੱਚ ਤਿੰਨ ਮਹੀਨਿਆਂ ਲਈ ਭਾਰਤ ਦੀ ਯਾਤਰਾ 'ਤੇ ਗਏ ਸਨ। ਉਨ੍ਹਾਂ ਦੇ ਛੂਤ ਦੀਆਂ ਬਿਮਾਰੀਆਂ ਅਤੇ ਸੂਖਮਜੀਵ ਵਿਗਿਆਨ ਦੇ ਮਾਹਿਰ ਡਾਕਟਰ ਬ੍ਰੈਂਡਨ ਹੀਲੀ ਦਾ ਮੰਨਣਾ ਹੈ ਕਿ ਲੌਰੀ ਨੂੰ ਇਹ ਇਨਫੈਕਸ਼ਨ ਭਾਰਤ ਦੀ ਯਾਤਰਾ ਦੌਰਾਨ ਹੀ ਲੱਗਿਆ ਹੋ ਸਕਦਾ ਹੈ।

ਲੌਰੀ ਨੇ ਯਾਤਰਾ ਦੌਰਾਨ ਖਾਣੇ ਤੋਂ ਹੋਣ ਵਾਲੀ ਬਿਮਾਰੀ ਤੋਂ ਬਚਣ ਲਈ ਮਾਸ ਨਾ ਖਾਣ ਦਾ ਫ਼ੈਸਲਾ ਕੀਤਾ ਸੀ। ਹਾਲਾਂਕਿ, ਡਾਕਟਰ ਹੀਲੀ ਦੇ ਅਨੁਸਾਰ, ਲੌਰੀ ਅਣਜਾਣੇ ਵਿੱਚ ਅਜਿਹਾ ਭੋਜਨ ਖਾ ਸਕਦੇ ਸਨ, ਜੋ ਟੇਨੀਆ ਸੋਲੀਅਮ ਦੇ ਬਹੁਤ ਛੋਟੇ ਅੰਡਿਆਂ ਨਾਲ ਦੂਸ਼ਿਤ ਹੋਇਆ ਹੋਵੇ।

ਇੱਥੇ ਇਹ ਗੱਲ ਮਹੱਤਵਪੂਰਨ ਹੈ ਕਿ ਨਿਊਰੋਸਿਸਟੀਸਰਕੋਸਿਸ ਸਿੱਧੇ ਤੌਰ 'ਤੇ ਸੂਰ ਦਾ ਮਾਸ ਖਾਣ ਨਾਲ ਨਹੀਂ ਹੁੰਦਾ। ਸੂਰ ਦਾ ਕੱਚਾ ਜਾਂ ਅੱਧ-ਪੱਕਿਆ ਮਾਸ ਖਾਣ ਨਾਲ ਆਂਤਾਂ ਵਿੱਚ ਟੇਪਵਰਮ ਦਾ ਇਨਫੈਕਸ਼ਨ ਹੋ ਸਕਦਾ ਹੈ, ਜਦਕਿ ਨਿਊਰੋਸਿਸਟੀਸਰਕੋਸਿਸ ਆਮ ਤੌਰ 'ਤੇ ਟੇਪਵਰਮ ਦੇ ਅੰਡੇ ਨਿਗਲਣ ਨਾਲ ਹੁੰਦਾ ਹੈ। ਇਹ ਅੰਡੇ ਦੂਸ਼ਿਤ ਖਾਣੇ, ਪਾਣੀ ਜਾਂ ਮਾੜੀ ਸਫ਼ਾਈ ਕਾਰਨ ਮਨੁੱਖ ਦੇ ਸਰੀਰ ਵਿੱਚ ਦਾਖ਼ਲ ਹੋ ਸਕਦੇ ਹਨ।

### ਤਿੰਨ ਸਾਲ ਬਾਅਦ ਟਾਇਲਟ ਵਿੱਚ ਨਜ਼ਰ ਆਇਆ ਟੇਪਵਰਮ

ਸਾਲ 2010 ਵਿੱਚ ਲੌਰੀ ਨੂੰ ਟੇਪਵਰਮ ਦਾ ਪਤਾ ਉਦੋਂ ਲੱਗਿਆ ਜਦੋਂ ਉਹ ਇੱਕ ਰੈਸਟੋਰੈਂਟ ਦੇ ਟਾਇਲਟ ਵਿੱਚ ਸਨ। ਉਨ੍ਹਾਂ ਨੇ ਟੇਪਵਰਮ ਨੂੰ ਦੇਖਿਆ ਅਤੇ ਉਸ ਨੂੰ ਫਲਸ਼ ਕਰ ਦਿੱਤਾ।

ਇਸ ਤੋਂ ਬਾਅਦ ਉਹ ਡਾਕਟਰ ਕੋਲ ਗਏ। ਉਨ੍ਹਾਂ ਦੀ ਮਲ ਦੀ ਜਾਂਚ ਦੀ ਰਿਪੋਰਟ ਠੀਕ ਆਈ ਅਤੇ ਉਸ ਸਮੇਂ ਉਹ ਆਪਣੇ ਆਪ ਨੂੰ ਸਿਹਤਮੰਦ ਮਹਿਸੂਸ ਕਰ ਰਹੇ ਸਨ। ਇਸ ਲਈ ਉਨ੍ਹਾਂ ਦੀ ਜ਼ਿੰਦਗੀ ਆਮ ਤਰੀਕੇ ਨਾਲ ਚੱਲਦੀ ਰਹੀ।

ਪਰ ਲਗਭਗ ਇੱਕ ਸਾਲ ਦੇ ਅੰਦਰ ਉਨ੍ਹਾਂ ਨੂੰ ਬਹੁਤ ਤੇਜ਼ ਸਿਰਦਰਦ ਹੋਣ ਲੱਗਾ। ਸਾਲ 2011 ਵਿੱਚ ਉਨ੍ਹਾਂ ਨੂੰ ਪਹਿਲੀ ਵਾਰ ਦੌਰਾ ਪਿਆ।

ਲੌਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਬਦ ਬੋਲਣ ਵਿੱਚ ਬਹੁਤ ਮੁਸ਼ਕਲ ਹੋਣ ਲੱਗੀ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ।

ਹਸਪਤਾਲ ਵਿੱਚ ਉਨ੍ਹਾਂ ਦੇ ਸੀਟੀ ਸਕੈਨ ਅਤੇ ਐਮਆਰਆਈ ਸਕੈਨ ਕੀਤੇ ਗਏ। ਕੁਝ ਸਮੇਂ ਬਾਅਦ ਡਾਕਟਰਾਂ ਨੇ ਉਨ੍ਹਾਂ ਨੂੰ ਸਕੈਨ ਦੇ ਨਤੀਜੇ ਦੱਸਣ ਲਈ ਬੁਲਾਇਆ।

ਲੌਰੀ ਨੇ ਦੱਸਿਆ ਕਿ ਡਾਕਟਰ ਨੇ ਉਨ੍ਹਾਂ ਨੂੰ ਬਿਠਾ ਕੇ ਕਿਹਾ ਕਿ ਸਕੈਨ ਵਿੱਚ ਉਨ੍ਹਾਂ ਦੇ ਦਿਮਾਗ ਵਿੱਚ 38 ਪਰਜੀਵੀ ਮਿਲੇ ਹਨ। ਇਹ ਸੁਣ ਕੇ ਲੌਰੀ ਅਤੇ ਉਨ੍ਹਾਂ ਦੀ ਮਾਂ ਦੋਵੇਂ ਹੈਰਾਨ ਰਹਿ ਗਏ।

### ਪਹਿਲਾਂ ਟੌਕਸੋਪਲਾਜ਼ਮੋਸਿਸ ਦਾ ਸੀ ਸ਼ੱਕ

ਸ਼ੁਰੂ ਵਿੱਚ ਡਾਕਟਰਾਂ ਨੂੰ ਲੱਗਿਆ ਕਿ ਇਹ ਟੌਕਸੋਪਲਾਜ਼ਮੋਸਿਸ ਹੋ ਸਕਦਾ ਹੈ। ਇਹ ਇੱਕ ਪਰਜੀਵੀ ਇਨਫੈਕਸ਼ਨ ਹੈ, ਜੋ ਸੰਕਰਮਿਤ ਬਿੱਲੀ ਦੇ ਮਲ ਨਾਲ ਸੰਪਰਕ ਸਮੇਤ ਵੱਖ-ਵੱਖ ਤਰੀਕਿਆਂ ਨਾਲ ਫੈਲ ਸਕਦਾ ਹੈ।



ਪਰ ਲੌਰੀ ਦੀ ਮਾਂ ਨੇ ਇਹ ਸਵਾਲ ਉਠਾਇਆ ਕਿ ਕੀ ਉਨ੍ਹਾਂ ਨੂੰ ਪਿਆ ਦੌਰਾ ਉਸ ਟੇਪਵਰਮ ਨਾਲ ਸਬੰਧਿਤ ਹੋ ਸਕਦਾ ਹੈ, ਜੋ ਉਨ੍ਹਾਂ ਨੇ ਇੱਕ ਸਾਲ ਪਹਿਲਾਂ ਦੇਖਿਆ ਸੀ।

ਅੱਗੇ ਕੀਤੀਆਂ ਗਈਆਂ ਜਾਂਚਾਂ ਤੋਂ ਬਾਅਦ ਆਖ਼ਿਰਕਾਰ ਪਤਾ ਲੱਗਿਆ ਕਿ ਲੌਰੀ ਨੂੰ ਨਿਊਰੋਸਿਸਟੀਸਰਕੋਸਿਸ ਹੈ।

ਲੌਰੀ ਨੇ ਦੱਸਿਆ ਕਿ ਉਸ ਸਮੇਂ ਉਨ੍ਹਾਂ ਦੇ ਮਨ ਵਿੱਚ ਬਹੁਤ ਸਾਰੇ ਸਵਾਲ ਸਨ, ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਅੱਗੇ ਉਨ੍ਹਾਂ ਦੀ ਸਿਹਤ ਨਾਲ ਕੀ ਹੋਣ ਵਾਲਾ ਹੈ।

### ਟੇਨੀਆ ਸੋਲੀਅਮ ਕਿਵੇਂ ਫੈਲਦਾ ਹੈ?

ਟੇਨੀਆ ਸੋਲੀਅਮ ਨਾਮ ਦਾ ਇਹ ਟੇਪਵਰਮ ਦੁਨੀਆ ਦੇ ਕਈ ਹਿੱਸਿਆਂ ਵਿੱਚ ਪਾਇਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਕ ਇਸ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਮਾਮਲੇ ਦੱਖਣੀ ਏਸ਼ੀਆ, ਦੱਖਣ-ਪੂਰਬੀ ਏਸ਼ੀਆ, ਲਾਤੀਨੀ ਅਮਰੀਕਾ ਅਤੇ ਉਪ-ਸਹਾਰਾ ਅਫ਼ਰੀਕਾ ਦੇ ਕੁਝ ਹਿੱਸਿਆਂ ਵਿੱਚ ਵਧੇਰੇ ਮਿਲਦੇ ਹਨ।

ਸੀਡੀਸੀ ਮੁਤਾਬਕ, ਟੇਪਵਰਮ ਦੇ ਅੰਡੇ ਮਲ ਰਾਹੀਂ ਬਾਹਰ ਨਿਕਲਦੇ ਹਨ। ਜੇਕਰ ਟਾਇਲਟ ਵਰਤਣ ਤੋਂ ਬਾਅਦ ਹੱਥ ਚੰਗੀ ਤਰ੍ਹਾਂ ਨਾ ਧੋਤੇ ਜਾਣ ਤਾਂ ਇਹ ਅੰਡੇ ਖਾਣੇ, ਪਾਣੀ ਜਾਂ ਹੋਰ ਸਤਹਾਂ ਨੂੰ ਦੂਸ਼ਿਤ ਕਰ ਸਕਦੇ ਹਨ ਅਤੇ ਕੋਈ ਹੋਰ ਵਿਅਕਤੀ ਇਨ੍ਹਾਂ ਨੂੰ ਨਿਗਲ ਸਕਦਾ ਹੈ।

ਸਰੀਰ ਵਿੱਚ ਦਾਖ਼ਲ ਹੋਣ ਤੋਂ ਬਾਅਦ ਇਨ੍ਹਾਂ ਅੰਡਿਆਂ ਵਿੱਚੋਂ ਲਾਰਵਾ ਨਿਕਲ ਸਕਦੇ ਹਨ। ਇਹ ਲਾਰਵਾ ਮਾਸਪੇਸ਼ੀਆਂ, ਅੱਖਾਂ ਅਤੇ ਹੋਰ ਅੰਗਾਂ ਵਿੱਚ ਸਿਸਟ ਬਣਾ ਸਕਦੇ ਹਨ। ਇਸ ਸਥਿਤੀ ਨੂੰ ਸਿਸਟੀਸਰਕੋਸਿਸ ਕਿਹਾ ਜਾਂਦਾ ਹੈ।

ਜਦੋਂ ਇਹ ਸਿਸਟ ਦਿਮਾਗ ਜਾਂ ਕੇਂਦਰੀ ਤੰਤਰ ਵਿੱਚ ਬਣਦੇ ਹਨ ਤਾਂ ਇਸ ਨੂੰ ਨਿਊਰੋਸਿਸਟੀਸਰਕੋਸਿਸ ਕਿਹਾ ਜਾਂਦਾ ਹੈ। ਇਹ ਬਿਮਾਰੀ ਦੌਰੇ ਅਤੇ ਹੋਰ ਗੰਭੀਰ ਤੰਤਰਿਕ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

ਕੱਚਾ ਜਾਂ ਠੀਕ ਤਰ੍ਹਾਂ ਨਾ ਪੱਕਿਆ ਸੂਰ ਦਾ ਮਾਸ ਖਾਣ ਨਾਲ ਟੇਪਵਰਮ ਦੀ ਆਂਤਾਂ ਵਾਲੀ ਬਿਮਾਰੀ ਹੋ ਸਕਦੀ ਹੈ, ਪਰ ਇਸ ਨਾਲ ਸਿੱਧੇ ਤੌਰ 'ਤੇ ਨਿਊਰੋਸਿਸਟੀਸਰਕੋਸਿਸ ਨਹੀਂ ਹੁੰਦਾ। ਨਿਊਰੋਸਿਸਟੀਸਰਕੋਸਿਸ ਲਈ ਟੇਪਵਰਮ ਦੇ ਅੰਡਿਆਂ ਦਾ ਸਰੀਰ ਵਿੱਚ ਦਾਖ਼ਲ ਹੋਣਾ ਮੁੱਖ ਕਾਰਨ ਹੈ।

### ਦੋ ਹਫ਼ਤੇ ਹਸਪਤਾਲ ਵਿੱਚ ਰਹੇ ਲੌਰੀ

ਨਿਊਰੋਸਿਸਟੀਸਰਕੋਸਿਸ ਦੀ ਪਛਾਣ ਤੋਂ ਬਾਅਦ ਲੌਰੀ ਦੋ ਹਫ਼ਤਿਆਂ ਤੱਕ ਹਸਪਤਾਲ ਵਿੱਚ ਰਹੇ। ਉਨ੍ਹਾਂ ਨੂੰ ਪਰਜੀਵੀਆਂ ਵਿਰੁੱਧ ਦਵਾਈਆਂ ਅਤੇ ਸਟੇਰੌਇਡ ਦਿੱਤੇ ਗਏ।

ਕੁਝ ਸਮੇਂ ਲਈ ਅਜਿਹਾ ਲੱਗਿਆ ਕਿ ਇਲਾਜ ਕਾਰਗਰ ਰਿਹਾ ਹੈ ਅਤੇ ਉਨ੍ਹਾਂ ਦੀ ਸਿਹਤ ਠੀਕ ਹੋ ਰਹੀ ਹੈ। ਕਈ ਸਾਲਾਂ ਤੱਕ ਉਨ੍ਹਾਂ ਦੀ ਸਿਹਤ ਵੀ ਠੀਕ ਰਹੀ।

ਪਰ ਬਾਅਦ ਵਿੱਚ ਕੰਮ ਦੌਰਾਨ ਉਹ ਅਚਾਨਕ ਬੇਹੋਸ਼ ਹੋ ਕੇ ਡਿੱਗ ਪਏ। ਜਾਂਚ ਦੌਰਾਨ ਕੀਤੇ ਗਏ ਸਕੈਨ ਵਿੱਚ ਪਤਾ ਲੱਗਿਆ ਕਿ ਉਨ੍ਹਾਂ ਦੇ ਦਿਮਾਗ ਵਿੱਚ ਮੌਜੂਦ ਪਰਜੀਵੀਆਂ ਦੇ ਆਲੇ-ਦੁਆਲੇ ਬਹੁਤ ਜ਼ਿਆਦਾ ਸੋਜ ਸੀ।

ਬੇਹੋਸ਼ ਹੋ ਕੇ ਡਿੱਗਣ ਤੋਂ ਬਾਅਦ ਉਨ੍ਹਾਂ ਨੂੰ ਹੋਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਉਹ ਉਲਝਣ ਵਿੱਚ ਜਾਂ ਬੌਂਦਲੇ ਜਿਹੇ ਰਹਿਣ ਲੱਗੇ ਅਤੇ ਉਨ੍ਹਾਂ ਨੂੰ ਸਰੀਰ ਦੇ ਕੁਝ ਹਿੱਸਿਆਂ ਵਿੱਚ ਸੁੰਨਪਣ ਅਤੇ ਝੁਣਝੁਣੀ ਵੀ ਮਹਿਸੂਸ ਹੋਣ ਲੱਗੀ।

ਆਖ਼ਿਰਕਾਰ ਉਨ੍ਹਾਂ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਆਪਣੇ ਪਿਤਾ ਨਾਲ ਰਹਿਣ ਲੱਗ ਪਏ। ਉਨ੍ਹਾਂ ਨੂੰ ਸਟੇਰੌਇਡ ਦਿੱਤੇ ਗਏ, ਜਿਸ ਕਾਰਨ ਉਨ੍ਹਾਂ ਦੀ ਦਿੱਖ ਵਿੱਚ ਵੀ ਬਦਲਾਅ ਆਇਆ। ਸਮੇਂ ਦੇ ਨਾਲ ਉਹ ਉਦਾਸ ਰਹਿਣ ਲੱਗੇ ਅਤੇ ਉਨ੍ਹਾਂ ਦੀ ਮਾਨਸਿਕ ਹਾਲਤ ਵੀ ਵਿਗੜਦੀ ਗਈ।

### ਮਾਨਸਿਕ ਸਿਹਤ 'ਤੇ ਵੀ ਪਿਆ ਗੰਭੀਰ ਅਸਰ

ਨਿਊਰੋਸਾਈਕਿਆਟ੍ਰਿਕ ਹਸਪਤਾਲ ਵਿੱਚ ਛੇ ਹਫ਼ਤੇ ਬਿਤਾਉਣ ਵਾਲੇ ਲੌਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੱਕ ਕਰਨ ਦੀ ਬਿਮਾਰੀ ਅਤੇ ਸਾਇਕੋਸਿਸ ਵਰਗੀਆਂ ਸਮੱਸਿਆਵਾਂ ਹੋਣ ਲੱਗੀਆਂ ਸਨ। ਉਨ੍ਹਾਂ ਨੂੰ ਬਹੁਤ ਜ਼ਿਆਦਾ ਬੇਚੈਨੀ ਰਹਿੰਦੀ ਸੀ ਅਤੇ ਪੈਨਿਕ ਅਟੈਕ ਵੀ ਆਉਂਦੇ ਸਨ।

ਉਨ੍ਹਾਂ ਨੇ ਆਪਣੇ ਤਜਰਬੇ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਹਾਲਤ ਬਹੁਤ ਤੇਜ਼ੀ ਨਾਲ ਵਿਗੜਣ ਲੱਗ ਪਈ ਸੀ ਅਤੇ ਜਿਸ ਤਰ੍ਹਾਂ ਹਾਲਾਤ ਖ਼ਰਾਬ ਹੋ ਰਹੇ ਸਨ, ਉਸ ਨਾਲ ਉਨ੍ਹਾਂ ਦਾ ਪਰਿਵਾਰ ਵੀ ਬਹੁਤ ਪਰੇਸ਼ਾਨ ਹੋ ਗਿਆ ਸੀ।

ਇਸ ਤੋਂ ਬਾਅਦ ਪੂਰੀ ਤਰ੍ਹਾਂ ਠੀਕ ਹੋਣ ਦਾ ਉਨ੍ਹਾਂ ਦਾ ਸਫ਼ਰ ਲੰਬਾ ਰਿਹਾ। ਆਖ਼ਿਰਕਾਰ ਸਾਲ 2022 ਵਿੱਚ ਉਹ ਮੁੜ ਕੰਮ 'ਤੇ ਵਾਪਸ ਆ ਗਏ।

### ਦੁਰਲੱਭ ਮਾਮਲਾ ਹੋਣ ਕਾਰਨ ਮਾਹਿਰਾਂ ਨੇ ਵੀ ਕੀਤੀ ਚਰਚਾ

ਡਾਕਟਰ ਬ੍ਰੈਂਡਨ ਹੀਲੀ ਨੇ ਕਿਹਾ ਕਿ ਲੌਰੀ ਉਨ੍ਹਾਂ ਦੇ ਕਰੀਅਰ ਦੌਰਾਨ ਮਿਲੇ ਸਭ ਤੋਂ ਅਨੋਖੇ ਮਰੀਜ਼ਾਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਮਾਮਲੇ 'ਤੇ ਯੂਕੇ ਅਤੇ ਅਮਰੀਕਾ ਦੇ ਕਈ ਵੱਡੇ ਮਾਹਿਰਾਂ ਨੇ ਵੀ ਚਰਚਾ ਕੀਤੀ ਸੀ।

ਉਨ੍ਹਾਂ ਮੁਤਾਬਕ, ਦੇਸ਼ ਭਰ ਵਿੱਚ ਛੂਤ ਦੀਆਂ ਬਿਮਾਰੀਆਂ ਦੇ ਕਈ ਮਾਹਿਰ ਅਜਿਹੇ ਹੋਣਗੇ, ਜਿਨ੍ਹਾਂ ਨੇ ਆਪਣੇ ਕਰੀਅਰ ਦੌਰਾਨ ਇਸ ਤਰ੍ਹਾਂ ਦਾ ਮਾਮਲਾ ਕਦੇ ਨਹੀਂ ਦੇਖਿਆ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਦੁਰਲੱਭ ਮਾਮਲਾ ਸੀ।

ਸਾਲਾਂ ਤੱਕ ਸਿਹਤ ਨਾਲ ਜੁੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਤੋਂ ਬਾਅਦ ਹੁਣ ਲੌਰੀ ਦੇ ਦਿਮਾਗ ਵਿੱਚ ਮੌਜੂਦ ਪਰਜੀਵੀ ਕੈਲਸੀਫਾਈ ਹੋ ਚੁੱਕੇ ਹਨ। ਕੈਲਸੀਫਾਈ ਹੋਣ ਦਾ ਮਤਲਬ ਹੈ ਕਿ ਪਰਜੀਵੀਆਂ ਦੇ ਮਰਨ ਤੋਂ ਬਾਅਦ ਉਨ੍ਹਾਂ ਦੇ ਆਲੇ-ਦੁਆਲੇ ਕੈਲਸ਼ੀਅਮ ਜਮ੍ਹਾਂ ਹੋ ਗਿਆ ਅਤੇ ਉਹ ਸਖ਼ਤ ਹੋ ਗਏ।

ਲੌਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਦਿਮਾਗ ਵਿੱਚੋਂ ਇਹ ਪਰਜੀਵੀ ਕੱਢਣ ਲਈ ਕੋਈ ਸਰਜਰੀ ਨਹੀਂ ਕਰਵਾਉਣੀ ਪਈ।

ਡਾਕਟਰ ਹੀਲੀ ਮੁਤਾਬਕ, ਇਲਾਜ ਰਾਹੀਂ ਪਰਜੀਵੀਆਂ ਨੂੰ ਖ਼ਤਮ ਕਰ ਦਿੱਤਾ ਗਿਆ ਅਤੇ ਹੁਣ ਲੌਰੀ ਇਸ ਮੁਸ਼ਕਲ ਦੌਰ ਵਿੱਚੋਂ ਬਾਹਰ ਨਿਕਲ ਚੁੱਕੇ ਹਨ।

ਸਾਲ 2017 ਤੋਂ ਬਾਅਦ ਲੌਰੀ ਨੂੰ ਕੋਈ ਦੌਰਾ ਨਹੀਂ ਪਿਆ, ਪਰ ਉਨ੍ਹਾਂ ਨੂੰ ਸਾਰੀ ਉਮਰ ਮਿਰਗੀ ਦੀ ਦਵਾਈ ਲੈਣੀ ਪਵੇਗੀ।

### ਹੁਣ ਬਿਮਾਰੀ ਬਾਰੇ ਜਾਗਰੂਕਤਾ ਫੈਲਾਉਣਾ ਚਾਹੁੰਦੇ ਹਨ

ਲੌਰੀ ਦਾ ਕਹਿਣਾ ਹੈ ਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਜਿਸ ਮੁਸ਼ਕਲ ਸਥਿਤੀ ਵਿੱਚੋਂ ਉਹ ਲੰਘੇ ਹਨ, ਉਸ ਦਾ ਕੋਈ ਚੰਗਾ ਨਤੀਜਾ ਵੀ ਨਿਕਲੇ।

ਉਨ੍ਹਾਂ ਕਿਹਾ ਕਿ ਹੁਣ ਉਹ ਆਪਣੀ ਜ਼ਿੰਦਗੀ ਵਿੱਚ ਅੱਗੇ ਵਧਣਾ ਚਾਹੁੰਦੇ ਹਨ ਅਤੇ ਇਸ ਬਿਮਾਰੀ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣਾ ਚਾਹੁੰਦੇ ਹਨ।

ਲੌਰੀ ਨੇ ਕਿਹਾ ਕਿ ਉਹ ਜ਼ਿੰਦਾ ਹਨ, ਤੰਦਰੁਸਤ ਹਨ ਅਤੇ ਮੁੜ ਫ਼ਿਟ ਹੋ ਕੇ ਖ਼ੁਸ਼ ਹਨ ਅਤੇ ਉਨ੍ਹਾਂ ਲਈ ਇਹ ਕਿਸੇ ਛੋਟੀ ਗੱਲ ਤੋਂ ਘੱਟ ਨਹੀਂ ਹੈ।

# ਸਭਿਆਚਾਰ

## ਜੀਵਨ ਦੀ ਪੂੰਜੀ

–ਸੁਸ਼ਮਾ ਵਿਆਸ 'ਰਾਜਨਿਧੀ'

ਨਿਧੀ ਅਕਸਰ ਆਪਣੇ ਪ੍ਰੋਫ਼ੈਸਰ ਪਤੀ ਨਾਲ ਝਗੜਦੀ ਰਹਿੰਦੀ, ''ਕੀ ਕਮਾਉਂਦੇ ਹੋ? ਬੰਨ੍ਹੀ-ਬੰਨ੍ਹਾਈ ਤਨਖ਼ਾਹ ਹੱਥ 'ਤੇ ਲਿਆ ਕੇ ਰੱਖ ਦਿੰਦੇ ਹੋ। ਮਹੀਨੇ ਦਾ ਖਰਚਾ ਕਿਵੇਂ ਚਲਾਉਂਦੀ ਹਾਂ, ਮੈਂ ਹੀ ਜਾਣਦੀ ਹਾਂ। ਟਿਊਸ਼ਨ ਵੀ ਨਹੀਂ ਕਰਦੇ, ਬੜੇ ਆਦਰਸ਼ਵਾਦੀ ਬਣਦੇ ਹੋ! ਬੱਚਿਆਂ ਨੂੰ ਮੁਫ਼ਤ ਹੀ ਪੜ੍ਹਾ ਦਿੰਦੇ ਹੋ! ਹੂੰਅ!... ਮੇਰੇ ਲਈ ਵੱਡੇ ਵੱਡੇ ਘਰਾਂ ਤੋਂ ਰਿਸ਼ਤੇ ਆਏ ਸਨ, ਪਤਾ ਨਹੀਂ ਪਿਤਾ ਜੀ ਨੇ ਇੱਥੇ ਕਿਉਂ ਵਿਆਹ ਕਰ ਦਿੱਤਾ!'' ਨਿਧੀ ਦਾ ਇਹ ਰੋਜ਼ ਦਾ ਰੋਣਾ ਸੀ।

ਮਾਂ ਦੀ ਅਚਾਨਕ ਬਿਮਾਰੀ ਦੀ ਖ਼ਬਰ ਸੁਣ ਕੇ ਉਹ ਆਪਣੀਆਂ ਦੋ ਛੋਟੀਆਂ ਧੀਆਂ ਨੂੰ ਲੈ ਕੇ ਇੱਕਲੀ ਰੇਲ ਗੱਡੀਵਿੱਚ ਬੈਠ ਗਈ। ਗੱਡੀਵਿੱਚ ਬਹੁਤ ਜ਼ਿਆਦਾ ਭੀੜ ਸੀ ਅਤੇ ਨਿਧੀ ਕੋਲ ਭਾਰੀ ਸਮਾਨ। ਸਟੇਸ਼ਨ 'ਤੇ ਕਿਵੇਂ ਉਤਰਾਂਗੀ? ਸਮਾਨ ਕਿਵੇਂ ਲਾਹਾਂਗੀ? ਗੋਦੀ ਵਿੱਚਇੱਕ ਦੁੱਧ ਪੀਂਦੀ ਧੀ ਤੇ ਦੂਜੀ ਪੰਜ ਸਾਲ ਦੀ। ਬਹੁਤ ਫਿਕਰਮੰਦ ਸੀ ਨਿਧੀ!

ਗੱਡੀ ਰੁਕਦਿਆਂ ਨਿਧੀ ਸਾਮਾਨ ਨੂੰ ਲਗਭਗ ਘੜੀਸਦੀ ਗੇਟ ਕੋਲ ਲੈ ਆਈ। ਇੰਨੇ ਵਿੱਚ ਪਲੇਟਫਾਰਮ 'ਤੇ ਖੜ੍ਹਾ ਇੱਕ ਸਿਪਾਹੀ ਤੇਜ਼ੀ ਨਾਲ ਨਿਧੀ ਕੋਲ ਆਇਆ। ਉਸ ਨੇ ਛੋਟੀ ਨੂੰ ਨਿਧੀ ਦੇ ਹੱਥੋਂ ਆਪਣੀ ਗੋਦੀ ਵਿੱਚ ਲਿਆ, ਵੱਡੀ ਨੂੰ ਇੱਕਹੱਥ ਨਾਲ ਹੇਠਾਂ ਉਤਾਰਿਆ ਤੇ ਨਿਧੀ ਕੋਲੋਂ ਸਾਰਾ ਸਾਮਾਨ ਲੈ ਕੇ ਹੇਠਾਂ ਲਾਹ ਲਿਆ। ਇਹ ਸਭ ਇੰਨੀ ਤੇਜ਼ੀ ਨਾਲ ਵਾਪਰਿਆ ਕਿ ਉਹ ਹੈਰਾਨ ਰਹਿ ਗਈ। ਕੌਣ ਹੈ ਇਹ? ਕੁਝ ਡਰ ਗਈ। ਰੇਲ ਗੱਡੀ ਤੋਂ ਲਗਭਗ ਛਾਲ ਹੀ ਮਾਰ ਦਿੱਤੀ।

ਇੰਨੇ ਵਿੱਚ ਪੁਲੀਸ ਵਾਲੇ ਨੇ ਝੱਟ ਉਹਦੇ ਪੈਰ ਛੂਹੇ। ''ਮੈਨੂੰ ਨਹੀਂ ਪਛਾਣਿਆ ਮੈ'ਮ! ਮੈਂ ਮੁਕੇਸ਼। ਸਰ ਤੋਂ ਪੜ੍ਹਨ ਆਉਂਦਾ ਸਾਂ।''

ਨਿਧੀ ਨੂੰ ਪਛਾਣ ਆਈ, ''ਮੁਕੇਸ਼ ਤੂੰ?'' ਬੇਹੱਦ ਗ਼ਰੀਬ ਪਰਿਵਾਰ ਦਾ ਮੁਕੇਸ਼ ਉਸ ਦੇ ਪ੍ਰੋਫ਼ੈਸਰ ਪਤੀ ਤੋਂ ਪੜ੍ਹਨ ਆਉਂਦਾ ਸੀ।

''ਹਾਂ, ਮੈ'ਮ! ਸਰ ਦੇ ਆਸ਼ੀਰਵਾਦ ਅਤੇ ਦਿੱਤੀ ਹੋਈ ਸਿੱਖਿਆ ਨਾਲ ਹੀ ਮੈਨੂੰ ਰੇਲਵੇ ਪੁਲੀਸ ਵਿੱਚ ਨੌਕਰੀ ਮਿਲ ਗਈ ਅਤੇ ਅੱਜਕੱਲ੍ਹ ਇੱਥੇ ਇੰਦੌਰ ਹੀ ਪੋਸਟਿੰਗ ਹੈ। ਮੇਰਾ ਤੇ ਮੇਰੇ ਪਰਿਵਾਰ ਦਾ ਜੀਵਨ ਸੰਵਾਰ ਦਿੱਤਾ ਸਰ ਨੇ।'' ਇਉਂ ਕਹਿ ਕੇ ਉਹਨੇ ਸਾਰਾ ਸਾਮਾਨ ਹੱਥਾਂ ਵਿੱਚ ਫੜਿਆ ਅਤੇ ਟੈਕਸੀ ਸਟੈਂਡ ਤੱਕ ਲੈ ਗਿਆ। ਬੇਟੀਆਂ ਨੂੰ ਚਾਕਲੇਟ ਅਤੇ ਫ਼ਰੂਟੀ ਲੈ ਕੇ ਦਿੱਤੀਆਂ। ਨਿਧੀ ਨੂੰ ਟੈਕਸੀ ਵਿੱਚ ਬਿਠਾ ਕੇ ਡਰਾਈਵਰ ਨੂੰ ਸਖ਼ਤ ਹਦਾਇਤ ਦਿੱਤੀ, 'ਚੰਗੀ ਤਰ੍ਹਾਂ ਘਰ ਉਤਾਰ ਕੇ ਆਈਂ ਮੈ'ਮ ਨੂੰ!'' ਜਦੋਂ ਨਿਧੀ ਪੈਸੇ ਦੇਣ ਲੱਗੀ ਤਾਂ ਬੋਲਿਆ, ''ਤੁਹਾਡੇ ਲਈ ਏਨਾ ਵੀ ਨਹੀਂ ਕਰ ਸਕਦਾ ਮੈ'ਮ! ਸਰ ਮੇਰੇ ਲਈ ਕਿਸੇ ਰੱਬ ਤੋਂ ਘੱਟ ਨਹੀਂ ਹਨ!'' ਅਤੇ ਫਿਰ ਨਿਧੀ ਦੇ ਪੈਰੀਂ ਹੱਥ ਲਾਏ।

ਅੱਜ ਨਿਧੀ ਦਾ ਚਿਹਰਾ ਮਾਣ ਅਤੇ ਖ਼ੁਸ਼ੀ ਨਾਲ ਚਮਕ ਉਠਿਆ। ਉਹਨੂੰ ਅੱਜ ਪਹਿਲੀ ਵਾਰ ਮਹਿਸੂਸ ਹੋਇਆ ਕਿ ਪੈਸੇ ਤੋਂ ਵਧ ਕੇ ਸਨਮਾਨ ਅਤੇ ਸਤਿਕਾਰ ਹੀ ਜੀਵਨ ਦੀ ਪੂੰਜੀ ਹੈ!

– ਪੰਜਾਬੀ ਰੂਪ: ਪ੍ਰੋ. ਨਵ ਸੰਗੀਤ ਸਿੰਘ

## ਖ਼ਾਲੀ ਹੱਥ

–ਮੁਹੰਮਦ ਅੱਬਾਸ ਧਾਲੀਵਾਲ



ਤਕਰੀਬਨ ਦੋ ਸਾਲ ਬਾਅਦ ਅੱਜ ਸਮੀਰ ਆਪਣੀ ਅੰਬਾਲਾ ਵਿਆਹੀ ਹੋਈ ਭੈਣ ਉਜਮਾ ਨੂੰ ਮਿਲਣ ਗਿਆ ਸੀ। ਸਮੀਰ ਦੇ ਪਿਤਾ ਦੀ ਅਚਾਨਕ ਇੱਕ ਹਾਦਸੇ 'ਚ ਮੌਤ ਹੋ ਗਈ ਸੀ। ਉਸ ਸਮੇਂ ਸਮੀਰ ਉਜਮਾ ਤੋਂ ਕਰੀਬ ਤਿੰਨ ਸਾਲ ਵੱਡਾ ਸੀ, ਇਸ ਦੇ ਬਾਵਜੂਦ ਉਜਮਾ ਨੇ ਜਿਉਂ ਹੀ ਦਸਵੀਂ ਜਮਾਤ ਪਾਸ ਕੀਤੀ ਤਾਂ ਉਸ ਦੀ ਮਾਂ ਨੇ ਆਪਣੇ ਭਰਾ ਨੂੰ ਕੁੜੀ ਵਾਸਤੇ ਕੋਈ ਢੰਗ ਦਾ ਰਿਸ਼ਤਾ ਵੇਖਣ ਲਈ ਕਹਿ ਦਿੱਤਾ। ਇਸ ਉਪਰੰਤ ਉਜਮਾ ਦੇ ਮਾਮੇ ਨੇ ਅੰਬਾਲਾ ਵਾਲੇ ਇੱਕ ਆਟੋ ਸਰਵਿਸ ਦੀ ਦੁਕਾਨ ਕਰਨ ਵਾਲੇ ਮੁੰਡੇ ਦੀ ਦੱਸ ਪਾਈ ਤਾਂ ਮਾਂ ਆਪਣੇ ਪੁੱਤਰ ਸਮੀਰ ਨੂੰ ਨਾਲ ਲੈ ਕੇ ਅੰਬਾਲਾ ਜਾ ਕੇ ਮੁੰਡਾ ਤੇ ਉਹਦਾ ਘਰ-ਬਾਰ ਵੇਖ ਆਈ। ਮੁੰਡਾ ਉਮਰ 'ਚ ਉਜਮਾ ਨਾਲੋਂ ਸੱਤ-ਅੱਠ ਸਾਲ ਵੱਡਾ ਸੀ, ਪਰ ਉਸ ਦਾ ਕੰਮ-ਕਾਰ ਤੇ ਘਰ-ਬਾਰ ਉਨ੍ਹਾਂ ਨੂੰ ਫਿੱਟ ਬੈਠ ਗਿਆ ਸੀ। ਇਸੇ ਲਈ ਲੱਗਦੇ ਹੱਥ ਫੌਰਨ ਹੀ ਉਜਮਾ ਦੀ ਮਾਂ ਨੇ ਮੁੰਡੇ ਨੂੰ ਸ਼ਗਨ ਦੇ ਕੇ ਰਿਸ਼ਤਾ ਪੱਕਾ ਕਰ ਛੱਡਿਆ।

ਸਮਾਜ 'ਚ ਕੁੜੀਆਂ ਦੀ ਅਸੁਰੱਖਿਆ ਦੀ ਭਾਵਨਾ ਦੇ ਮੱਦੇਨਜ਼ਰ ਉਜਮਾ ਦੀ ਮਾਂ ਕੋਈ ਖ਼ਤਰਾ ਨਹੀਂ ਸੀ ਸਹੇੜਨਾ ਚਾਹੁੰਦੀ। ਇਸੇ ਲਈ ਉਸ ਨੇ ਕੁੜੀ ਨੂੰ ਛੋਟੀ ਉਮਰ ਵਿੱਚ ਵਿਆਹੁਣ 'ਚ ਭਲਾਈ ਸਮਝੀ। ਅੱਜ ਵਿਆਹ ਨੂੰ ਕਰੀਬ ਪੰਜ ਸਾਲ ਹੋ ਚੁੱਕੇ ਸਨ। ਇਸ ਦੌਰਾਨ ਉਜਮਾ ਤਿੰਨ ਬੱਚਿਆਂ ਦੀ ਮਾਂ ਬਣ ਚੁੱਕੀ ਸੀ। ਉਜਮਾ ਨੂੰ ਆਪਣੇ ਘਰ ਕਿਸੇ ਚੀਜ਼ ਦੀ ਤੋਟ ਨਹੀਂ ਸੀ। ਘਰ ਵਾਲਾ ਆਟੋ ਮਕੈਨਿਕ ਸੀ ਤੇ ਵਧੀਆ ਕੰਮ ਸੀ। ਸਵੇਰ ਤੋਂ ਸ਼ਾਮ ਤੱਕ ਉਸ ਨੂੰ ਕੰਨ ਖੁਰਕਣ ਦੀ ਵਿਹਲ ਨਹੀਂ ਸੀ। ਇਹੋ ਵਜ੍ਹਾ ਸੀ ਕਿ ਉਜਮਾ ਆਪਣੇ ਪੇਕੇ ਘਰ ਕਦੇ ਸਬੱਬ ਨਾਲ ਹੀ ਆਉਂਦੀ। ਇੱਕ ਤਰ੍ਹਾਂ ਸਮੇਂ ਤੋਂ ਪਹਿਲਾਂ ਪਈ ਕਬੀਲਦਾਰੀ ਦੀ ਜ਼ਿੰਮੇਵਾਰੀ ਨੇ ਉਸ ਨੂੰ ਵਕਤ ਤੋਂ ਪਹਿਲਾਂ ਸਮਝਦਾਰ ਤੇ ਪ੍ਰਪੱਕ ਬਣਾ ਛੱਡਿਆ ਸੀ।

ਸਮੀਰ ਨੇ ਉਜਮਾ ਦੇ ਘਰੋਂ ਵਾਪਸੀ ਕਰਦਿਆਂ ਭੈਣ ਦੇ ਹੱਥ 'ਤੇ ਚੁੱਪ-ਚੁਪੀਤੇ ਦੋ ਹਜ਼ਾਰ ਰੁਪਏ ਧਰ ਦਿੱਤੇ ਜਿਸ 'ਤੇ ਫੌਰਨ ਹੀ ਉਜਮਾ ਨੇ ਆਪਣੀ ਦੂਜੀ ਮੁੱਠੀ 'ਚੋਂ ਪੰਜ ਹਜ਼ਾਰ ਇੱਕ ਤੇ ਹਜ਼ਾਰ ਇੱਕ ਕੁੱਲ ਛੇ ਹਜ਼ਾਰ ਸਮੀਰ ਦੇ ਹੱਥ ਫੜਾਉਂਦਿਆਂ ਆਖਿਆ, ''ਵੀਰੇ ਇੰਝ ਕਰੀਂ, ਮੇਰੀ ਸੱਸ ਦੇ ਸਾਹਮਣੇ ਇਹ ਪੰਜ ਹਜ਼ਾਰ ਮੈਨੂੰ ਦੇ ਦੇਵੀਂ ਤੇ ਇੱਕ ਹਜ਼ਾਰ ਮੇਰੀ ਨਨਾਣ ਨੂੰ ਦੇ ਦੇਵੀਂ... ਉਹ ਆਪਣੇ ਬੱਚਿਆਂ ਨਾਲ ਛੁੱਟੀਆਂ ਕੱਟਣ ਆਈ ਹੋਈ ਹੈ ਇਨੀਂ ਦਿਨੀਂ..., ਨਹੀਂ ਤਾਂ ਬਾਅਦ 'ਚ ਮੇਰੀ ਸੱਸ ਤੇ ਨਨਾਣ ਇਹੋ ਕਹਿਣਗੀਆਂ ਕਿ ਦੋ ਸਾਲ ਬਾਅਦ ਭਰਾ ਆਇਆ, ਉਹ ਵੀ ਖ਼ਾਲੀ ਹੱਥ...!'' ਉਜਮਾ ਦੀ ਗੱਲ ਸੁਣ ਕੇ ਸਮੀਰ ਨੂੰ ਇੰਝ ਜਾਪਿਆ ਜਿਵੇਂ ਉਹ ਉਸ ਤੋਂ ਕਈ ਸਾਲ ਵੱਡੀ ਹੋ ਗਈ ਹੋਵੇ।

## ਭਗਤ ਸਿੰਘ ਅਤੇ ਸਾਥੀਆਂ ਦੀ ਸਿਆਸਤ

–ਸਰਬਜੀਤ ਸਿੰਘ ਵਿਰਕ




'ਜਿਸ ਭਾਰਤ ਦੇਸ਼ ਵਿੱਚ ਕਿਸੇ ਸਮੇਂ ਦਰੋਪਦੀ ਦੇ ਸਨਮਾਨ ਦੀ ਰੱਖਿਆ ਲਈ ਮਹਾਭਾਰਤ ਵਰਗਾ ਯੁੱਧ ਹੋਇਆ, ਉਸੇ ਦੇਸ਼ ਵਿੱਚ 1919 ਵੇਲੇ ਅਨੇਕਾਂ ਦਰੋਪਦੀਆਂ ਦੀ ਇਜ਼ਤ ਲੁੱਟੀ ਗਈ, ਉਨ੍ਹਾਂ ਦੇ ਨੰਗੇ ਮੂੰਹਾਂ ਉਤੇ ਥੁੱਕਿਆ ਗਿਆ। ਕੀ ਅਸੀਂ ਇਹ ਸਾਰਾ ਕੁਝ ਆਪਣੀਆਂ ਅੱਖਾਂ ਨਾਲ ਨਹੀਂ ਤੱਕਿਆ? ਇੰਨਾ ਕੁਝ ਹੋਣ ਦੇ ਬਾਵਜੂਦ ਅਸੀਂ ਇਨ੍ਹਾਂ ਹਾਲਾਤ ਨੂੰ ਆਰਾਮ ਨਾਲ ਦੇਖਦੇ ਰਹੇ। ਕੀ ਅਜਿਹਾ ਜੀਵਨ ਜਿਊਣ ਲਾਇਕ ਹੈ?' ਇਹ ਟਿੱਪਣੀ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਨੌਜਵਾਨ ਭਾਰਤ ਸਭਾ ਦੇ ਮੈਨੀਫੈਸਟੋ ਵਿੱਚ ਕੀਤੀ ਸੀ, ਜੋ 1928 ਵਿੱਚ ਲਿਖਿਆ ਅਤੇ ਵੰਡਿਆ ਗਿਆ ਸੀ। ਇਸ ਵਿੱਚ ਨੌਜਵਾਨਾਂ ਨੂੰ ਦੇਸ਼ ਤੇ ਸਮਾਜ ਦੇ ਹਾਲਾਤ ਬਦਲਣ ਲਈ ਅੱਗੇ ਆਉਣ ਦਾ ਸੰਦੇਸ਼ ਦਿੱਤਾ ਗਿਆ ਸੀ। ਆਪਣੇ ਸੰਦੇਸ਼ਾਂ, ਐਲਾਨਾਂ, ਬਿਆਨਾਂ, ਚਿੱਠੀਆਂ ਤੇ ਲੇਖਾਂ ਨਾਲ ਲੋਕਾਂ ਦੇ ਦਿਲਾਂ ਉਤੇ ਰਾਜ ਕਰਨ ਵਾਲੇ ਸਾਡੇ ਕੌਮੀ ਨਾਇਕ ਭਗਤ ਸਿੰਘ ਨੂੰ ਜਨਮਿਆਂ ਅੱਜ 115 ਵਰ੍ਹੇ ਅਤੇ ਸ਼ਹੀਦ ਹੋਇਆਂ ਸਾਢੇ 92 ਵਰ੍ਹੇ ਹੋ ਚੁੱਕੇ ਹਨ, ਪਰ ਵਕਤ ਬੀਤਣ ਨਾਲ ਉਸ ਦੀ ਮਕਬੂਲੀਅਤ ਘਟੀ ਨਹੀਂ, ਵਧੀ ਹੈ। ਉਸ ਦੀ ਸ਼ਖ਼ਸੀਅਤ ਦੇ ਜਾਣੇ-ਅਣਜਾਣੇ ਪੱਖਅੱਜ ਵੀ ਸੰਵਾਦਾਂ, ਗੋਸ਼ਟੀਆਂ ਵਿੱਚਵਿਚਾਰੇ ਜਾ ਰਹੇ ਹਨ। ਉਸ ਦੀ ਸੋਚ ਅਤੇ ਜਜ਼ਬਾਤ ਨਾਲ ਸਬੰਧਿਤ ਕਿਤਾਬਾਂ ਲਿਖੀਆਂ ਜਾ ਰਹੀਆਂ ਹਨ।

1926 ਦੇ ਦਸੰਬਰ ਦੀ ਪਹਿਲੀ ਤਾਰੀਖ। ਸਰਦੀ ਅਜੇ ਪੂਰੇ ਜੋਬਨ 'ਤੇ ਨਹੀਂ ਸੀ, ਮੀਂਹ ਪਿਆਂ ਡੇਢ-ਦੋ ਮਹੀਨੇ ਹੋ ਚੁੱਕੇ ਹਨ, ਜਿਸ ਕਰ ਕੇ ਅਸਮਾਨ ਸਾਫ਼ ਨਹੀਂ ਲੱਗ ਰਿਹਾ ਸੀ। ਧੁੰਦਾਂ ਹਾਲੇ ਪੈਣ ਨਹੀਂ ਸੀਲੱਗੀਆਂ, ਪਰ ਹਵਾ ਵਿੱਚ ਲਟਕਦੇ ਧੂੜ-ਮਿੱਟੀ ਦੇ ਕਣ ਸੂਰਜ ਦੀ ਲੋਅ ਮੱਧਮ ਕਰਦੇ ਹਨ। ਕਾਂਗਰਸ ਵੱਲੋਂ ਨਾਮਿਲਵਰਤਨ ਲਹਿਰ ਵਾਪਸ ਲਈ ਨੂੰ ਕਰੀਬ ਪੰਜ ਸਾਲ ਹੋ ਚੁੱਕੇ ਹਨ, ਪਰ ਅੱਗੇ ਇਸ ਨੇ ਦੇਸ਼ ਦੀ ਆਜ਼ਾਦੀ ਲਈ ਕੋਈ ਪ੍ਰੋਗਰਾਮ ਨਹੀਂ ਦਿੱਤਾ। ਇਸ ਦੇ ਆਗੂਆਂ ਦੇ ਵਿੱਚਾਰਾਂ ਵਿੱਚ ਮੌਸਮ ਵਾਂਗ ਧੁੰਦਲਕਾ ਹੈ। ਸਵਰਾਜਵਾਦੀਆਂ ਦਾ ਧੜਾ ਗਾਂਧੀ ਤੋਂ ਬਾਗ਼ੀ ਹੈ। ਵੱਡਾ ਧੜਾ ਅਜੇ ਵੀ ਪੂਰਨ ਆਜ਼ਾਦੀ ਦੀ ਥਾਂ 'ਡੋਮੀਨੀਅਨ ਸਟੇਟਸ' ਦੀ ਰਟ ਲਾ ਰਿਹਾ ਹੈ। ਵੱਖ ਵੱਖ ਆਗੂਆਂ ਦੇ ਧੜਿਆਂ ਵਿੱਚ ਵੰਡੇ ਲੋਕ ਵੀ ਸਿਆਸੀ ਤੌਰ 'ਤੇ ਭੰਬਲਭੂਸੇ ਵਿੱਚ ਹਨ। ਦੂਜੇ ਪਾਸੇ ਸਰਕਾਰ ਦਾ ਦਮਨ ਚੱਕਰ ਜਾਰੀ ਹੈ। ਖ਼ੁਦ ਬਣਾਏ ਕਾਨੂੰਨ ਲਾਂਭੇ ਰੱਖ ਕੇ ਜਨਤਾ ਨੂੰ ਦਬਾਇਆ ਜਾ ਰਿਹਾ ਹੈ।

ਭਗਤ ਸਿੰਘ ਸਰਕਾਰ ਦੀ ਇਸ ਦੋਹਰੀ ਨੀਤੀ ਨੂੰ ਬੇਨਕਾਬ ਕਰਨਾ ਚਾਹੁੰਦਾ ਹੈ। ਇਸੇ ਕਰ ਕੇ ਉਹ ਕਈ ਮਹੀਨਿਆਂ ਤੋਂ ਸਰਕਾਰ ਉਤੇ ਡਾਕ-ਤਾਰ ਨਾਲ ਸਬੰਧਿਤ ਕਾਨੂੰਨਾਂ ਦੀ ਉਲੰਘਣਾ ਦਾ ਦੋਸ਼ ਲਾ ਰਿਹਾ ਹੈ ਤੇ ਪੁੱਛ ਰਿਹਾ ਹੈ ਕਿ ਆਖ਼ਿਰ ਕਿਸ ਕਾਨੂੰਨ ਅਧੀਨ ਉਸ ਦੀ ਡਾਕ ਸੈਂਸਰ ਕੀਤੀ ਜਾ ਰਹੀ ਹੈ?

1924 ਦੇ ਚੌਥੇ ਮਹੀਨੇ ਜਦੋਂ ਭਗਤ ਸਿੰਘ ਕਾਨਪੁਰੋਂ ਲਾਹੌਰ ਮੁੜਿਆ ਤਾਂ ਉਸ ਵਿੱਚ ਦੇਸ਼ ਲਈ ਕੁਝ ਕਰਨ ਲਈ ਨਵਾਂ ਜੋਸ਼ ਤੇ ਉਤਸ਼ਾਹ ਸੀ। ਹਿੰਦੋਸਤਾਨ ਰਿਪਲਿਕਨ ਪਾਰਟੀ ਵਿੱਚ ਸ਼ਾਮਲ ਹੋ ਕੇ ਉਹ ਭਾਰਤ ਈ ਅਗਲੀ ਇਨਕਲਾਬੀ ਤਹਿਰੀਕ ਦਾ ਖਾਕਾ ਮਨ ਵਿੱਚ ਤਿਆਰ ਕਰ ਰਿਹਾ ਸੀ। ਉਹ ਰਾਜਨੀਤੀ ਤੇ ਲੋਕਾਂ ਦੀਆਂ ਮੁਸ਼ਕਲਾਂ ਸਮਝਣ ਲਈ ਆਪਣੇ ਪਿਤਾ ਜੀ ਨਾਲ ਇੰਡੀਅਨ ਨੈਸ਼ਨਲ ਕਾਂਗਰਸ ਦੇ 26-27 ਦਸੰਬਰ 1924 ਵਾਲੇ ਬੇਲਗਾਮ (ਰਿਆਸਤ ਵਿਜੈਨਗਰ-ਕਰਨਾਟਕ) ਵਿੱਚ ਹੋਏ ਸੈਸ਼ਨ ਵਿੱਚਸ਼ਾਮਲ ਹੋਚੁੱਕਾ ਸੀ (ਜਿਥੇ ਪਿਤਾ ਜੀ ਨੇ ਉਸ ਨੂੰ ਵੱਡੇ ਲੀਡਰਾਂ ਨਾਲ ਮਿਲਾਇਆ ਸੀ)। ਉਹ ਚਾਪੇਕਰ ਭਰਾਵਾਂ, ਬਾਲ ਗੰਗਾਧਰ ਤਿਲਕ, ਵਿਪਨਚੰਦਰ ਪਾਲ, ਲਾਲਾ ਲਾਜਪਤ ਰਾਏ, ਅਰਵਿੰਦ ਘੋਸ਼, ਵੀਰ ਸਾਵਰਕਰ, ਬੰਗਾਲ ਦੇ ਕ੍ਰਾਂਤੀਕਾਰੀਆਂ ਅਤੇ ਮਹਾਤਮਾ ਗਾਂਧੀ ਦੇ ਵਿੱਚਾਰਾਂ ਦਾ ਮੰਥਨ ਕਰ ਚੁੱਕਾ ਸੀ। ਉਹ ਭਾਵੇਂ ਇਨ੍ਹਾਂ ਦੇ ਯੋਗਦਾਨ ਤੋਂ ਕਾਫੀ ਪ੍ਰਭਾਵਤ ਸੀ, ਪਰ ਉਸ ਨੂੰ ਇਨ੍ਹਾਂ ਸਾਰਿਆਂ ਵਿੱਚ ਸਮਾਨਤਾ ਨਜ਼ਰ ਆ ਰਹੀ ਸੀ; ਉਹ ਇਹ ਕਿ ਇਹ ਸਾਰੇ ਰਾਜਨੀਤੀ ਨੂੰ ਧਰਮ ਤੋਂ ਵੱਖ ਕਰ ਕੇ ਕੋਈ ਕ੍ਰਾਂਤੀਕਾਰੀ ਤਹਿਰੀਕ ਸਿਰਜਣ ਤੋਂ ਅਸਮਰੱਥ ਸਨ। ਉਸ ਨੇ ਜਾਣਿਆ ਕਿ ਇਨ੍ਹਾਂ ਆਗੂਆਂ ਦੇ ਵਿਚਾਰਾਂ ਨੂੰ ਭਾਵੇਂ ਕ੍ਰਾਂਤੀਕਾਰੀ ਮੰਨਿਆ ਜਾ ਸਕਦਾ ਹੈ ਪਰ ਇਹ ਦੇਸ਼ ਦੇ ਢਾਂਚੇ ਨੂੰ ਧਰਮ ਨਿਰਪੱਖ ਨੀਹਾਂ ਉਤੇ ਉਸਾਰਨ, ਦੇਸ਼ ਦੀ ਜਨਤਾ ਨੂੰ ਬਿਨਾ ਭੇਦ-ਭਾਵ ਆਰਥਿਕ ਤੇ ਸਮਾਜਿਕ ਵਿਕਾਸ ਦੇ ਬਰਾਬਰ ਮੌਕੇ ਦੇਣ ਅਤੇ ਅਮੀਰ ਗਰੀਬ ਦਾ ਪਾੜਾ ਖਤਮ ਕਰਨ ਦੇ ਉਦੇਸ਼ ਤੋਂ ਕਾਫ਼ੀ ਉਰੇ ਰਹਿ ਜਾਂਦੇ ਹਨ। ਉਸ ਨੂੰ ਗ਼ਦਰ ਪਾਰਟੀ ਦੇ ਆਗੂ, ਜੋ ਵਿਦੇਸ਼ਾਂ ਤੋਂ ਭਾਰਤ ਵਿੱਚ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟ ਕੇ ਰਾਜਨੀਤਕ ਇਨਕਲਾਬ ਕਰਨ ਦੀ ਇੱਛਾ ਰੱਖਦੇ ਸਨ, ਭਾਰਤੀ ਆਗੂਆਂ ਨਾਲੋਂ ਸੋਚ ਦੇ ਪੱਖ ਤੋਂ ਕਾਫੀ ਅਗਾਂਹਵਧੂਲੱਗੇ। ਇਨ੍ਹਾਂ ਗ਼ਦਰੀਆਂ ਨੇ ਪਹਿਲੀ ਵਾਰ ਜ਼ੋਰ-ਸ਼ੋਰ ਨਾਲ ਭਾਰਤ ਨੂੰ ਧਰਮ ਨਿਰਪੱਖ ਦੇਸ਼ ਬਣਾਉਣ ਦਾ ਐਲਾਨ ਕੀਤਾ ਸੀ ਤੇ ਭਾਰਤੀਆਂ ਨੂੰ ਬਰਾਬਰੀ ਤੇ ਨਿਆਂ ਵਾਲਾ, ਭੇਦ-ਭਾਵ ਮੁਕਤ ਰਾਜਦੇਣ ਲਈ ਕੁਰਬਾਨੀਆਂ ਕੀਤੀਆਂ ਸਨ। ਭਗਤ ਸਿੰਘ ਗ਼ਦਰ ਪਾਰਟੀ ਦੇ ਆਗੂ ਲਾਲਾ ਹਰਦਿਆਲ ਦੇ ਇਹ ਵਿਚਾਰ ਪੜ੍ਹ ਚੁੱਕਾ ਸੀ ਕਿ 'ਪ੍ਰਾਰਥਨਾਵਾਂ ਦਾ ਵੇਲਾ ਬੀਤ ਚੁੱਕਾ ਹੈ, ਤਲਵਾਰ ਉਠਾਉਣ ਦਾ ਵੇਲਾ ਆ ਗਿਆ ਹੈ। ਸਾਨੂੰ ਪੰਡਿਤਾਂ ਅਤੇ ਕਾਜ਼ੀਆਂ ਦੀ ਲੋੜ ਨਹੀਂ।' ਲਾਲਾ ਹਰਦਿਆਲ ਨੇ ਇਹ ਵੀ ਕਿਹਾ ਸੀ: 'ਮਾਲਕ ਤੇ ਨੌਕਰ (ਸਵਾਮੀ ਤੇ ਸੇਵਕ) ਵਿੱਚਕਾਰ ਬਰਾਬਰੀ ਨਹੀਂ ਹੋ ਸਕਦੀ, ਭਾਵੇਂ ਉਹ ਦੋਵੇਂ ਮੁਸਲਮਾਨ ਹੋਣ, ਸਿੱਖ ਹੋਣ ਜਾਂ ਵੈਸ਼ਨਵ। ਅਮੀਰ ਹਮੇਸ਼ਾ ਗ਼ਰੀਬ ਉਤੇ ਰਾਜ ਹੀ ਕਰੇਗਾ। ਆਰਥਿਕ ਬਰਾਬਰੀ ਤੋਂ ਬਿਨਾ ਭਾਈਚਾਰੇ ਦੀ ਗੱਲ ਕਰਨਾ ਸਿਰਫ ਸੁਪਨਾ ਹੈ।'

ਭਗਤ ਸਿੰਘ ਨੂੰ ਇਹ ਗਿਆਨ ਵੀ ਹੋ ਚੁੱਕਾ ਸੀ ਕਿ ਜਾਤ-ਪਾਤ ਅਤੇ ਧਰਮ ਦੀਆਂ ਵਲਗਣਾਂ ਵਿੱਚ ਜੀਅ ਰਹੀ ਜਨਤਾ ਉਦੋਂ ਤੱਕ ਸਹੀ ਆਜ਼ਾਦੀ ਨਹੀਂ ਪ੍ਰਾਪਤ ਕਰ ਸਕੇਗੀ, ਜਦੋਂ ਤੱਕ ਇਨ੍ਹਾਂ ਵਲਗਣਾਂ ਤੋਂ ਬਾਹਰ ਨਹੀਂ ਆਉਂਦੀ, ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਸਾਂਝੇ ਤੌਰ 'ਤੇ ਸੰਘਰਸ਼ ਨਹੀਂ ਕਰਦੀ। ਉਹ ਦੇਖ ਚੁੱਕਾ ਸੀ ਕਿ ਪੰਜਾਬ ਦੀ ਜਿਸ ਧਰਤੀ ਉਤੇ ਸਿੱਖ ਗੁਰੂ ਸਾਹਿਬਾਨ ਨੇ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੀ ਸਿੱਖਿਆ ਦਿੱਤੀ ਸੀ, ਉਸੇ ਪੰਜਾਬ ਨੇ ਇਹ ਵਿਸਾਰ ਦਿੱਤੀ ਲਗਦੀ ਹੈ, ਕਿਉਂਕਿ ਅਜੇ ਵੀ ਸਮਾਜ ਦੀਆਂ ਕੁਝ ਜਾਤੀਆਂ ਨੂੰ ਨੀਵਾਂ ਆਖ ਕੇ ਘੋਰ ਵਿਤਕਰਾ ਕੀਤਾ ਜਾ ਰਿਹਾ ਹੈ। ਉਹ ਇਹ ਖੋਜ ਕਰ ਚੁੱਕਾ ਸੀ ਕਿ ਭਾਰਤ ਦੀ ਕ੍ਰਾਂਤੀਕਾਰੀ ਤਹਿਰੀਕ ਦੀਆਂ ਕੀ ਕਮਜ਼ੋਰੀਆਂ ਰਹੀਆਂ ਹਨ ਤੇ ਉਹ ਨੌਜਵਾਨਾਂ ਦੇ ਵੱਡੇ ਤਬਕੇ ਨੂੰ ਆਪਣੇ ਨਾਲ ਕਿਉਂ ਨਹੀਂ ਜੋੜ ਸਕੀ? ਉਹ ਫਰਾਂਸੀਸੀ, ਇਟਲੀ ਤੇ ਰੂਸ ਦੇ ਇਨਕਲਾਬਾਂ ਦਾ ਵੀ ਗੰਭੀਰ ਅਧਿਐਨ ਕਰ ਚੁੱਕਾ ਸੀ, ਜਿਨ੍ਹਾਂਵਿੱਚ ਨੌਜਵਾਨਾਂ ਨੇ ਜ਼ਬਰਦਸਤ ਭੂਮਿਕਾ ਨਿਭਾਈ ਸੀ। ਇਸ ਸਾਰੇ ਤਜਰਬੇ ਨੂੰ ਲੈ ਕੇ ਭਗਤ ਸਿੰਘ ਨੇ ਇੱਕ ਵਾਰੀ ਫਿਰ ਦੇਸ਼ ਵਿਦੇਸ਼ ਦੀਆਂ ਇਤਿਹਾਸਕ ਤੇ ਰਾਜਨੀਤਕ ਘਟਨਾਵਾਂ ਬਾਰੇ ਅਤੇ ਦੇਸ਼ ਨੂੰ ਦਰਪੇਸ਼ ਸਮੱਸਿਅਵਾਂ ਉਤੇ ਆਪਣੇ ਸਾਥੀਆਂ ਨਾਲ ਡੂੰਘੀ ਵਿਚਾਰ ਕੀਤੀ। ਇਸ ਚਰਚਾ ਪਿੱਛੋਂ ਉਸ ਨੇ ਨੌਜਵਾਨਾਂ ਦੀ ਕੌਮੀ ਜਥੇਬੰਦੀ ਬਣਾਉਣ ਦਾ ਕੰਮ ਆਰੰਭ ਦਿੱਤਾ। ਉਸ ਨੂੰ ਯਕੀਨ ਹੋ ਗਿਆ ਸੀ ਕਿ ਜੇ ਨੌਜਵਾਨਾਂ ਨੂੰ ਅਗਾਂਹਵਧੂਵਿਚਾਰਾਂ ਵਾਲੀ ਜਥੇਬੰਦੀ ਦੇ ਪਲੈਟਫਾਰਮ ਉਤੇ ਲਿਆਂਦਾ ਜਾਵੇ ਤਾਂ ਉਹ ਭਵਿਖ ਦੀਆਂ ਮੰਜ਼ਿਲਾਂ ਨੂੰ ਸਹਿਜੇ ਹੀ ਸਰ ਕਰ ਲੈਣਗੇ। ਉਸ ਨੇ ਆਪਣੇ ਇਹ ਵਿਚਾਰ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਤੇ ਆਪਣੇ ਨੈਸ਼ਨਲ ਕਾਲਜ ਦੇ ਅਧਿਆਪਕਾਂ ਨਾਲ ਸਾਂਝੇ ਕੀਤੇ। ਨੈਸ਼ਨਲ ਕਾਲਜ ਦੇ ਸਾਰੇ ਟੀਚਰ ਅਗਾਂਹਵਧੂ ਸੋਚ ਅਤੇ ਓਦੋਂ ਦੀ ਸਮਾਜਿਕ, ਆਰਥਿਕ ਸਥਿਤੀ ਵਿੱਚ ਤਬਦੀਲੀ ਚਾਹੁੰਦੇ ਸਨ। ਭਗਤ ਸਿੰਘ ਦੇ ਸਾਥੀ ਕਾਮਰੇਡ ਰਾਮ ਚੰਦਰ ਅਨੁਸਾਰ 'ਅਧਿਆਪਕਾਂ ਵਿੱਚੋਂ ਭਾਈ ਪਰਮਾਨੰਦ ਖ਼ਾਸ ਸਨ। ਉਹ ਨੈਸ਼ਨਲ ਕਾਲਜ ਵਿੱਚ ਯੂਰੋਪੀਅਨ ਰੈਵੋਲਿਊਸ਼ਨਰੀ ਇਤਿਹਾਸ ਪੜ੍ਹਾਉਂਦੇ ਸਨ। ਉਨ੍ਹਾਂ ਵਲੋਂ ਯੂਪ ਦੇ ਇਨਕਲਾਬੀ ਸੰਘਰਸ਼ਾਂ ਉਤੇ ਦਿੱਤੇ ਵਿਖਿਆਨਾਂ ਨੇ ਵਿਦਿਆਰਥੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਉਨ੍ਹਾਂ ਵਿਦਿਆਰਥੀਆਂ ਵਿੱਚੋਂ ਕੁਝ ਨੇ ਇਨਕਲਾਬ ਰਾਹੀਂ ਦੇਸ਼ ਨੂੰ ਆਜ਼ਾਦ ਕਰਾਉਣ ਦਾ ਦ੍ਰਿੜ ਸੰਕਲਪ ਲੈ ਲਿਆ ਸੀ।'

ਨੈਸ਼ਨਲ ਕਾਲਜ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਵਿਚਲਾ ਕੌਮੀ ਭਾਵਨਾ ਦਾ ਜਜ਼ਬਾ ਸਾਰਿਆਂ ਨੂੰ ਇਕ ਦੂਜੇ ਨਾਲ ਜੋੜੀ ਰੱਖਦਾ ਸੀ। ਇਸੇ ਦਾ ਲਾਭ ਲੈ ਕੇ ਭਗਤ ਸਿੰਘ ਨੇ ਕਾਲਜ ਦੇ ਨਵੇਂ ਪੁਰਾਣੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਾਂਝੀ ਮੀਟਿੰਗ ਕਾਲਜ ਕੈਂਪਸ ਵਿੱਚ ਸੱਦੀ। ਜਥੇਬੰਦੀ ਬਣਾਉਣ ਦੇ ਵਿਸ਼ੇ ਉਤੇ ਗਹਿਗੱਚ ਵਿਚਾਰ ਹੋਈ। ਮਤਾ ਪਾਸ ਕੀਤਾ ਗਿਆ ਕਿ ਨੌਜਵਾਨਾਂ ਦੀ ਅਜਿਹੀ ਜਥੇਬੰਦੀ ਬਣਾਈ ਜਾਵੇ, ਜਿਹੜੀ ਆਜ਼ਾਦੀ, ਸਮਾਜ, ਰਾਜਨੀਤੀ ਅਤੇ ਕੌਮੀ-ਕੌਮਾਂਤਰੀ ਮਸਲਿਆਂ ਬਾਰੇ ਅਗਾਂਹਵਧੂ ਸਮਝ ਨਾਲ ਨੌਜਵਾਨਾਂ ਦੀ ਅਗਵਾਈ ਕਰੇ। ਜਥੇਬੰਦੀ ਦਾ ਨਾਂ ਤੇ ਸੰਵਿਧਾਨ ਤੈਅ ਕਰਨ ਲਈ ਕੁਝ ਹੋਰ ਮੀਟਿੰਗਾਂ ਹੋਈਆਂ ਤੇ ਅਖੀਰ 1925 ਵਿੱਚ ਨੌਜਵਾਨ ਭਾਰਤ ਸਭਾ ਨਾਂ ਦੀ ਜਥੇਬੰਦੀ ਬਣੀ। ਇਸ ਦੇ ਅਹੁਦੇਦਾਰਾਂ ਦੀ ਬਾਕਾਇਦਾ ਚੋਣ ਕੀਤੀ ਗਈ ਜਿਸ ਵਿੱਚ ਮਾਸਟਰ ਗੁਰੂ ਦੱਤ ਪ੍ਰਧਾਨ, ਭਗਤ ਸਿੰਘ ਜਨਰਲ ਸੈਕਟਰੀ ਅਤੇ ਭਗਵਤੀ ਚਰਨ ਖ਼ਜ਼ਾਨਚੀ ਚੁਣੇ ਗਏ। ਜਥੇਬੰਦੀ ਨੂੰ ਕਾਮਯਾਬ ਕਰਨ ਲਈ ਭਗਤ ਸਿੰਘ ਤੇ ਉਸ ਦੇ ਸਾਥੀ ਇਸ ਦੇ ਉਦੇਸ਼ਾਂ ਦਾ ਪ੍ਰਚਾਰ ਵਿੱਚ ਜੁੱਟ ਗਏ। ਦੂਜੇ ਪਾਸੇ ਸਰਕਾਰ ਨੇ ਵੀ ਇਨ੍ਹਾਂ ਕਾਰਜਾਂ ਦੀ ਸੂਹ ਰੱਖਣੀ ਸ਼ੁਰੂ ਕਰ ਦਿੱਤੀ ਸੀ।

ਨੌਜਵਾਨ ਭਾਰਤ ਸਭਾ ਦੀ ਕਾਇਮੀ ਤੋਂ ਬਾਅਦ ਭਗਤ ਸਿੰਘ ਦੀ ਕਿਰਤੀ ਕਿਸਾਨ ਪਾਰਟੀ ਤੇ ਇਸ ਦੇ ਆਗੂਆਂ, ਖ਼ਾਸ ਕਰ ਸੋਹਣ ਸਿੰਘ ਜੋਸ਼ ਨਾਲ ਨੇੜਤਾ ਹੋ ਚੁੱਕੀ ਸੀ। ਭਗਤ ਸਿੰਘ ਨੇ ਇਸ ਪਾਰਟੀ ਦੇ ਰਸਾਲੇ 'ਕਿਰਤੀ' ਵਿੱਚ ਆਪਣੇ ਫ਼ਰਜ਼ੀ ਨਾਂ 'ਵਿਦਰੋਹੀ' ਨਾਲ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਉਤੇ ਲੇਖ ਲਿਖਣੇ ਸ਼ੁਰੂ ਕਰ ਦਿੱਤੇ। ਇਸੇ ਸਮੇਂ ਉਸ ਦੇ ਸਬੰਧ ਯੂ ਪੀ ਦੇ ਕ੍ਰਾਂਤੀਕਾਰੀਆਂ ਨਾਲ ਵੀ ਬਣੇ ਹੋਏ ਸਨ।

1923 ਵਿੱਚ ਘਰਦਿਆਂ ਵਲੋਂ ਵਿਆਹ ਕਰਾਉਣ ਲਈ ਦਬਾਅ ਕਰ ਕੇ ਭਗਤ ਸਿੰਘ ਨੂੰ ਘਰ ਛੱਡਣਾ ਪਿਆ। ਉਹ ਆਪਣੇ ਅਧਿਆਪਕ ਪ੍ਰੋਫ਼ੈਸਰ ਜੈ ਚੰਦ ਵਿਦਿਆਲੰਕਾਰ ਦੀ ਜਾਣ-ਪਛਾਣ ਵਾਲੇ ਕ੍ਰਾਂਤੀਕਾਰੀ ਗਣੇਸ਼ ਸ਼ੰਕਰ ਵਿਦਿਆਰਥੀ ਕੋਲ ਕਾਨਪੁਰ ਪੁੱਜ ਗਿਆ ਤੇ ਉਨ੍ਹਾਂ ਉਸ ਨੂੰ ਆਪਣੀ ਪ੍ਰਿੰਟਿੰਗ ਪ੍ਰੈਸ ਵਿੱਚ ਨੌਕਰੀ ਦੇ ਦਿੱਤੀ। ਵਿਦਿਆਰਥੀ ਜੀ ਉਸ ਵੇਲੇ ਆਪਣੀ ਪ੍ਰੈਸ ਰਾਹੀਂ 'ਪ੍ਰਤਾਪ' ਅਖ਼ਬਾਰ ਕੱਢਦੇ ਸਨ। ਉਨ੍ਹਾਂ ਭਗਤ ਸਿੰਘ ਨੂੰ ਅਖ਼ਬਾਰ ਦੇ ਸੰਪਾਦਕੀ ਮੰਡਲ ਵਿੱਚ ਸ਼ਾਮਲ ਕਰ ਕੇ ਕੁਝ ਜ਼ਿੰਮੇਵਾਰੀਆਂ ਦੇਦਿੱਤੀਆਂ। ਇਥੇ ਹੀ ਉਸ ਦੀ ਮੁਲਾਕਾਤ ਯੋਗੇਸ਼ ਚੰਦਰ ਚੈਟਰਜੀ, ਬਟੁਕੇਸ਼ਵਰ ਦੱਤ, ਚੰਦਰ ਸ਼ੇਖ਼ਰ ਆਜ਼ਾਦ, ਵਿਜੈ ਕੁਮਾਰ ਸਿਨਹਾ, ਅਜੈ ਕੁਮਾਰ ਘੋਸ਼ ਆਦਿ ਨਾਲ ਹੋਈ।

ਕਾਨਪੁਰ ਵਿੱਚ ਭਗਤ ਸਿੰਘ ਨੇ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਰਾਜਸੀ ਮਸਲਿਆਂ ਬਾਰੇ 'ਪ੍ਰਤਾਪ' ਵਿੱਚ ਫਰਜ਼ੀ ਨਾਂ 'ਬਲਵੰਤ' ਹੇਠਾਂ ਲੇਖ ਲਿਖਣੇ ਸ਼ੁਰੂ ਕੀਤੇ। ਸਰਗਰਮੀਆਂ ਵਧਣ ਪਿੱਛੋਂ ਖੁਫੀਆ ਤੰਤਰ ਇਨ੍ਹਾਂ ਨੌਜਵਾਨਾਂ ਦੀ ਸੂਹ ਰੱਖਣ ਲੱਗ ਪਿਆ। ਭਗਤ ਸਿੰਘ ਸਰਕਾਰ ਦੇ ਕਾਨੂੰਨਾਂਤੇ ਖ਼ੁਫ਼ੀਆ ਤੰਤਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਗ੍ਰਹਿ ਵਿਭਾਗ ਦੀਆਂ ਗੁਪਤ ਰਿਪੋਰਟਾਂ ਅਤੇ ਡਾਕ ਮਹਿਕਮੇ ਦੇ ਵਿਹਾਰ ਤੋਂ ਇਹ ਸਪਸ਼ਟ ਹੋ ਰਿਹਾ ਸੀ। ਡਾਕ ਸੈਂਸਰ ਕੀਤੇ ਜਾਣ ਦੇ ਮਾਮਲੇ 'ਤੇ ਉਸ ਨੇ ਡਾਕ ਮਹਿਕਮੇ ਨਾਲ ਪੂਰਾ ਆਢਾ ਲਾਇਆ ਸੀ।

ਚਿੱਠੀ-ਪੱਤਰੀ ਤੋਂ ਅਸੀਂ 19 ਵਰ੍ਹਿਆਂ ਦੇ ਨੌਜਵਾਨ ਦੀ ਸ਼ਖ਼ਸੀਅਤ ਵਿੱਚ ਭਵਿੱਖ ਬਾਰੇ ਆਸਵੰਦ ਹੋਣ, ਹਰ ਕੰਮ ਲਗਨ ਨਾਲ ਕਰਨ, ਆਪਣੇ ਅਸੂਲਾਂ ਉਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ, ਆਪਣੇ ਹੱਕਾਂ ਲਈ ਜੂਝਣ ਅਤੇ ਮੁਸ਼ਕਿਲਾਂ ਦੀ ਪ੍ਰਵਾਹ ਨਾ ਕਰਨ ਜਿਹੇ ਗੁਣ ਰਲੇ ਤੱਕਦੇ ਹਾਂ। ਇਸ ਤੋਂ ਜਾਣਨ ਦਾ ਮੌਕਾ ਮਿਲਦਾ ਹੈ ਕਿ ਨਿੱਜੀ ਆਜ਼ਾਦੀਆਂ ਦੀ ਸੁਰੱਖਿਆ ਬਾਰੇ ਭਗਤ ਸਿੰਘ ਕਿੰਨਾ ਚੇਤੰਨ ਸੀ।

## ਗਾਜਰਾਂ ਚੜ੍ਹਦੇ ਅੱਸੂ ਦੀਆਂ!

–ਇੰਦਰਜੀਤ ਸਿੰਘ ਬਾਲਾ



ਮਾਂ ਦੀਆਂ ਕਹੀਆਂ ਉਪਰੋਕਤ ਸਤਰਾਂ ਹਰ ਸਾਲ ਹੁੰਮਸ ਭਰੇ ਭਾਦੋਂ ਦੇ ਮਹੀਨੇ ਮੈਨੂੰ ਬਰਸਾਤੀ ਨਦੀਨ ਸਾਫ਼ ਕਰਨ ਲਈ ਮਜ਼ਬੂਰ ਕਰ ਦੇਂਦੀਆਂ। ਪਿੰਡ ਵਿਚਲੇ ਘਰ ਦੇ ਪਿਛਵਾੜੇ ਆਬਾਦੀ ਵਿੱਚ ਮੈਂ ਬਚਪਨ ਤੋਂ ਹੀ ਘਰੇਲੂ ਬਗ਼ੀਚੀ ਵਿੱਚ ਸਬਜ਼ੀਆਂ ਲਾਉਣ ਸਮੇਂ ਮਾਂ ਦਾ ਸਹਿਯੋਗੀ ਰਿਹਾ ਹਾਂ। ਬੀਜਾਂ ਨੂੰ ਸਾਲ ਭਰ ਸਾਂਭਣਾ ਅਤੇ ਲਾਉਣਾ ਮਾਂ ਦੀ ਜ਼ਿੰਮੇਵਾਰੀ ਹੁੰਦੀ ਸੀ। ਛੋਟੀਆਂ ਕਿਆਰੀਆਂ ਕਹੀ ਨਾਲ ਪੁੱਟ ਕੇ ਬਣਾਉਣਾ ਮੇਰਾ ਕੰਮ ਸੀ। ਇਹ ਉਹ ਸਮਾਂ ਸੀ ਜਦੋਂ ਸਬਜ਼ੀਆਂ ਲਈ ਪਾਣੀ ਨੇੜਲੇ ਛੱਪੜ ਤੋਂ ਡਾਲ ਮਾਰ ਕੇ ਲਾਇਆ ਜਾਂਦਾ ਸੀ ਅਤੇ ਪਿੰਡ ਦੀਆਂ ਨਾਲੀਆਂ ਦੇ ਪਾਣੀ ਨੂੰ ਵੀ ਕਦੇ-ਕਦਾਈ ਵਰਤ ਲਿਆ ਜਾਂਦਾ ਸੀ। ਸਮਾਂ ਗੁਜ਼ਰਨ ਨਾਲ ਪਾਣੀ ਕੱਢਣ ਦੇ ਆਧੁਨਿਕ ਤੇ ਸੁਖਾਵੇਂ ਸਾਧਨ ਮਿਲ ਗਏ।

ਉਸ ਆਬਾਦੀ ਵਿੱਚ ਲੱਗੇ ਫਲਦਾਰ ਬੂਟੇ, ਜੋ ਮਾਂ ਦੀਆਂ ਰੀਝਾਂ ਦਾ ਉਹ ਸੰਸਾਰ ਹੈ, ਦੀ ਦੇਖਭਾਲ ਹਿਤ ਵੀ ਸ਼ਹਿਰ ਤੋਂ ਹਰ ਹਫ਼ਤੇ ਪਿੰਡ ਜਾਣਾ ਹੋ ਜਾਂਦਾ ਹੈ। ਮੇਰੇ ਲਈ ਮਾਂ ਦੇ ਲਾਏ ਬੂਟੇ ਸਿੰਜਣਾ, ਸੰਭਾਲਣਾ ਪਿੰਡ ਕਿਸੇ ਸਮਾਧ ਉੱਤੇ ਜਾ ਕੇ ਮੱਥਾ ਟੇਕਣ ਤੋਂ ਵੱਧ ਹੈ ਜਿੱਥੇ ਲੋਕੀਂ ਆਮ ਤੌਰ ਉੱਤੇ ਜਲੇਬੀਆਂ ਦੇ ਲੰਗਰ ਲਾ ਕੇ ਪੂਰਵਜਾਂ ਨੂੰ ਪੂਜਣ ਆਉਂਦੇ ਹਨ। ਮੇਰਾ ਉਦੋਂ ਮਾਂ ਨੂੰ ਸਿਜਦਾ ਹੋ ਜਾਂਦਾ ਹੈ ਜਦੋਂ ਸਦਾ ਵਰਤਦਾ ਲੰਗਰ ਭਾਵ ਪੰਛੀਆਂ ਵੱਲੋਂ ਅੱਧ ਟੁੱਕੇ ਅਮਰੂਦ, ਨਾਸ਼ਪਾਤੀ, ਅੰਬ, ਆੜੂ, ਪਪੀਤੇ ਅਤੇ ਚੀਕੂ ਆਪਣੇ ਬਗੀਚੇ ਵਿੱਚ ਦੇਖਦਾ ਹਾਂ। ਅਜਿਹਾ ਦੇਖ ਪੂਰਵਜਾਂ ਦੀ ਆਤਮਾ ਵੀ ਖ਼ੁਸ਼ ਹੋ ਜਾਂਦੀ ਹੋਵੇਗੀ। ਮਾਂ ਸਵਰਗਾਂ ਤੋਂ ਨਿਹਾਰਦੀ ਹੋਵੇਗੀ ਇਨ੍ਹਾਂ ਬੂਟਿਆਂ ਨੂੰ ਜਿੱਥੋਂ ਕਦੇ-ਕਦਾਈ ਛੋਟੇ ਬੱਚੇ ਕੰਡਿਆਲੀ ਤਾਰ ਲੰਘ ਕੇ ਹੱਥ ਮਾਰ ਜਾਂਦੇ ਹੋਣਗੇ।

ਆਓ! ਗੱਲ ਗਾਜਰਾਂ ਦੀ ਕਰੀਏ ਤੇ ਜਾਣੀਏ ਚੜ੍ਹਦੇ ਅੱਸੂ ਦਾ ਰਾਜ਼। ਮਾਂ ਦਾ ਅਟੱਲ ਵਿਸ਼ਵਾਸ ਸੀ ਕਿ ਗਾਜਰਾਂ ਜਿੰਨੀਆਂ ਅਗੇਤੀਆਂ ਬੀਜ ਹੋ ਜਾਣ, ਓਨੀਆ ਹੀ ਚੰਗੀਆਂ ਹਨ। ਤਦ ਹੀ ਇਹ ਸਰਦੀਆਂ ਵਿੱਚ ਖਾਣ ਯੋਗ ਹੁੰਦੀਆਂ ਹਨ। ਪਿਛੇਤੀਆਂ ਸਬਜ਼ੀਆਂ ਨੂੰ ਛੋਟੇ ਦਿਨ, ਠੰਢ ਅਤੇ ਕਈ ਵਾਰ ਬੇਵਕਤੀ ਬਾਰਿਸ਼ ਨੁਕਸਾਨ ਕਰਦੀ ਹੈ। ਜਿੱਥੇ ਉਨ੍ਹਾਂ ਦਾ ਉਤਪਾਦਨ ਘਟ ਜਾਂਦਾ ਹੈ, ਉਥੇ ਉਨ੍ਹਾਂ ਦੀ ਆਮਦ ਵੀ ਦੇਰੀ ਨਾਲ ਹੋਣੀ ਸੁਭਾਵਿਕ ਹੁੰਦੀ ਹੈ। ਮੂਲੀ, ਸ਼ਲਗਮ, ਪਾਲਕ, ਮੇਥੀ, ਮੇਥੇ, ਸਰ੍ਹੋਂ, ਗੋਭੀ ਅਤੇ ਹੋਰ ਸਰਦੀਆਂ ਦੀਆਂ ਸਬਜ਼ੀਆਂ ਦੇ ਮੁਕਾਬਲੇ ਗਾਜਰਾਂ ਦੇਰ ਨਾਲ ਹੁੰਦੀਆਂ ਹਨ। ਹੋਰਨਾਂ ਸਬਜ਼ੀਆਂ ਦੇ ਮੁਕਾਬਲੇ ਗਾਜਰਾਂ ਨੂੰ ਪਾਣੀ ਵੀ ਘੱਟ ਅਤੇ ਵੱਟਾਂ ਉੱਤੇ ਬੀਜਿਆਂ ਹੋਣ ਕਾਫ਼ੀ ਹੱਦ ਤੱਕ ਜ਼ਰੂਰੀ ਹੁੰਦੀ ਹੈ। ਪਿਛਲੇ ਸਾਲ ਜਦੋਂ ਮੈਂ ਆਪਣੇ ਕੁਝ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਗਾਜਰਾਂ ਭੇਜੀਆਂ ਤਾਂ ਉਨ੍ਹਾਂ ਦਾ ਇਹ ਕਹਿਣਾ ਬਹੁਤ ਭਾਵਪੂਰਨ ਸੀ ਕਿ ਅਸੀਂ ਗਾਜਰਾਂ ਹਰ ਸਾਲ ਬੀਜਦੇ ਹਾਂ ਪਰ ਇਹ ਬਾਜ਼ਾਰ ਜਿਹੀਆਂ ਨਹੀਂ ਹੁੰਦੀਆਂ। ਬਸ ਜੜ੍ਹਾਂ ਜਿਹੀਆਂ ਹੋ ਜਾਂਦੀਆਂ ਹਨ। ਪਿਛੇਤੀ ਬਿਜਾਈ ਤੇ ਵੱਧ ਪਾਣੀ ਕਾਰਨ ਅਜਿਹਾ ਅਕਸਰ ਹੋ ਜਾਂਦਾ ਹੈ।

ਮਾਂ ਕਿਸੇ ਖੇਤੀ ਵਿਦਿਆਲੇ ਤਾਂ ਪੜ੍ਹੀ ਨਹੀਂ ਸੀ, ਪਰ ਜ਼ਿੰਦਗੀ ਭਰ ਦਾ ਅਭਿਆਸ ਤੇ ਤਜਰਬਿਆਂ ਨਾਲ ਉਹ ਖ਼ੁਦ ਵਿਦਿਆਲਾ ਬਣ ਗਈ ਸੀ। ਉਸ ਦੇ ਤਜਰਬਿਆਂ ਤੋਂ ਉਸ ਦੀ ਇੱਕ ਗੱਲ ਸਾਂਝੀ ਕਰ ਰਿਹਾ ਹਾਂ ਕਿ ਉਹ ਬੀਜਾਂ ਨੂੰ ਅਗਲੇ ਸੀਜ਼ਨ ਲਈ ਸੰਭਾਲਣ ਸਮੇਂ ਉਨ੍ਹਾਂ ਨੂੰ ਜਿਉਂ ਦੇ ਤਿਉਂ ਥੋੜ੍ਹਾ ਜਿਹਾ ਸਾਫ਼ ਕਰਕੇ ਪੁਰਾਣੇ ਮਲਮਲ ਦੇ ਕੱਪੜੇ ਵਿੱਚ ਬੰਨ੍ਹ ਕੇ ਨਿੱਕੀਆਂ ਪੋਟਲੀਆਂ ਬਣਾ ਕੇ ਧੁੱਪੇ ਸੁਕਾ ਕੇ ਹਵਾਦਾਰ ਥਾਂ ਉੱਤੇ ਰੱਖਿਆ ਕਰਦੀ ਜਾਂ ਕਿੱਲੇ ਟੰਗ ਦਿਆ ਕਰਦੀ ਸੀ। ਸ਼ੁਰੂ ਵਿੱਚ ਜਦੋਂ ਪੋਲੀਥੀਨ ਦੀ ਆਮਦ ਹੋਈ ਤਾਂ ਉਸ ਨੇ ਬੀਜਾਂ ਨੂੰ ਇਨ੍ਹਾਂ ਵਿੱਚ ਰੱਖ ਕੇ ਦੇਖਿਆ ਪਰੰਤੂ ਬੀਜਾਂ ਦੀ ਜੰਮਣ ਸ਼ਕਤੀ ਘਟਦੀ ਦੇਖ ਕੇ ਉਹ ਹਮੇਸ਼ਾ ਆਖਿਆ ਕਰਦੀ ਸੀ ''ਬੀਜਾਂ ਨੂੰ ਪੋਲੀਥੀਨ ਵਿੱਚ ਨਾ ਰੱਖੀਂ ..ਗਰ ਜਾਣਗੇ''। ਮਾਂ ਦਾ ਇੱਕ ਹੋਰ ਅਖਾਣ ਚੇਤੇ ਕਰਦਿਆਂ ਉਸਦੇ ਬੀਜ ਅਤੇ ਬੂਟੇ ਲਾਉਣ ਦਾ ਭੇਤ ਮੈਨੂੰ ਕਿਤੇ ਅੱਜ ਜਾ ਕੇ ਸਮਝ ਆਉਣ ਲੱਗਿਆ। ਉਹ ਹਮੇਸ਼ਾ ਕਿਹਾ ਕਰਦੀ ਸੀ ਕਿ ਮੇਰੇ ਤਾਂ ਪੁੱਠੇ ਹੱਥ ਦੇ ਲਾਏ ਵੀ ਉਗ ਆਉਂਦੇ ਹਨ। ਅਸਲੀਅਤ ਇਹ ਸੀ ਕਿ ਉਸ ਨੂੰ ਪਤਾ ਸੀ ਕਿ ਕਿਹੜਾ ਬੀਜ ਕਿਸ ਵੱਤਰ ਅਤੇ ਕਿੰਨੀ ਕੁ ਡੂੰਘਾਈ ਉੱਤੇ ਬੀਜਣਾ ਹੈ। ਉਹ ਇੰਨੀ ਮਾਹਰ ਸੀ ਕਿ ਜੇ ਕਿਤੇ ਬੂਟੇ ਸੰਘਣੇ ਹੋਏ ਤਾਂ ਗੋਡੀ ਵੇਲੇ ਪੁੱਟਣ ਦੀ ਰਤਾ ਝਿਜਕ ਨਾ ਕਰਦੀ। ਉਸ ਨੂੰ ਪਤਾ ਸੀ ਕਿ ਸੰਘਣੀ ਫ਼ਸਲ ਸ਼ੁਰੂ ਵਿੱਚ ਸੋਹਣੀ ਲੱਗਦੀ ਹੈ। ਬਾਅਦ ਵਿੱਚ ਉਪਜ ਦਾ ਮਿਆਰ ਓਨਾ ਹੀ ਡਿੱਗ ਜਾਂਦਾ ਹੈ। ਗੋਭੀ, ਮਿਰਚਾਂ, ਬੈਂਗਣ ਅਤੇ ਟਮਾਟਰ ਦੇ ਪੌਦੇ ਲਾਉਣ ਦਾ ਉਸ ਨੂੰ ਖ਼ਾਸ ਤਜਰਬਾ ਸੀ। ਉਹ ਬੂਟੇ ਦੀਆਂ ਜੜ੍ਹਾਂ ਤੋਂ ਮਿੱਟੀ ਹਲਕੇ ਜਿਹੇ ਝਾੜ ਕੇ ਬਹੁਤ ਪੋਲੇ ਜਿਹੇ ਲਾਉਂਦੀ ਸੀ। ਲਾਉਣ ਉਪਰੰਤ ਤੁਰੰਤ ਉਨ੍ਹਾਂ ਨੂੰ ਚੋਆ ਦੇ ਦੇਣਾ ਭਾਵ ਜੜ੍ਹਾਂ ਦੁਆਲੇ ਹਲਕਾ ਪਾਣੀ ਪਾ ਦੇਣਾ। ਅਗਲੀ ਸਵੇਰ ਜਦੋਂ ਬੂਟੇ ਖੜ੍ਹੇ ਹੋ ਗਏ ਤੇ ਉਨ੍ਹਾਂ ਦੁਆਲੇ ਦੀ ਮਿੱਟੀ ਕੁਝ ਆਠਰ ਗਈ ਤਾਂ ਹਲਕਾ ਪਾਣੀ ਲਾ ਦੇਣਾ। ਇਸ ਤਰ੍ਹਾਂ ਬੂਟੇ ਨਾ ਡਿੱਗਦੇ ਤੇ ਨਾ ਮਰਦੇ। ਮਿਰਚ ਦੇ ਬੂਟੇ ਲਾਉਣ ਸਮੇਂ ਮੈਨੂੰ ਆਖਣਾ ਕਿ ਇਸ ਨੂੰ ਹੋਛਾ ਨਾ ਲਾ ਦਈਂ, ਵੱਡਾ ਹੋਇਆ ਡਿੱਗ ਪਊ। ਇਵੇਂ ਹੀ ਬੈਂਗਣ ਦੇ ਬੂਟਿਆਂ ਨੂੰ ਥੋੜ੍ਹਾ ਡੂੰਘੇ ਹੀ ਲਾਉਣਾ। ਟਮਾਟਰਾਂ ਦੇ ਬੂਟਿਆਂ ਦੀ ਕਿਸੇ ਟਾਹਣੀ ਉੱਤੇ ਉਸ ਉਤੇ ਲੱਗੇ ਟਮਾਟਰ ਨੂੰ ਧਰਤੀ ਉੱਤੇ ਨਾ ਲੱਗਣ ਦਿੰਦੀ। ਸੁੱਕੀਆਂ ਝਿੰਗਾਂ ਲਾ ਕੇ ਉਹ ਰੱਸੀਆਂ ਨਾਲ ਉਨ੍ਹਾਂ ਤੇ ਚੜ੍ਹਾ ਕੇ ਬੰਨ੍ਹ ਦੇਂਦੀ। ਚੜ੍ਹਦੀਆਂ ਸਰਦੀਆਂ ਛਾਂਗੇ ਹੋਏ ਬੂਟਿਆਂ ਦੀਆਂ ਤਿੰਬੜਾਂ ਤੋਂ ਉਹ ਕਾਫ਼ੀ ਕੰਮ ਲੈ ਲੈਂਦੀ। ਮਟਰਾਂ ਤੇ ਲੋਬੀਏ ਨੂੰ ਵੀ ਉਹ ਇੰਜ ਹੀ ਸੰਭਾਲਦੀ ਸੀ।

ਹਾਰੇ ਤੇ ਚੁੱਲ੍ਹੇ ਵਿਚਲੀ ਪਾਥੀਆਂ ਦੀ ਮੁਲਾਇਮ ਸੁਆਹ ਉਸਦੀ ਸਭ ਤੋਂ ਉਤਮ ਕੀਟਨਾਸ਼ਕ ਸੀ ਜਿਸ ਨਾਲ ਉਹ ਛੋਟੇ ਬੂਟਿਆਂ ਉੱਤੇ ਕੀੜਿਆਂ ਅਤੇ ਉਲੀ ਦਾ ਹਮਲਾ ਹੋਣ ਹੀ ਨਹੀਂ ਦਿੰਦੀ ਸੀ। ਵਿਹੜੇ ਵਿੱਚ ਅੰਗੂਰਾਂ ਦੀਆਂ ਦੋ ਵੇਲ੍ਹਾਂ, ਅਮਰੂਦ, ਪਪੀਤੇ ਗੁਲਾਬ ਅਤੇ ਮਨੀ ਪਲਾਂਟ ਜਿੱਥੇ ਘਰ ਦਾ ਸ਼ਿੰਗਾਰ ਸਨ ਉਥੇ ਖੂਹ ਉੱਤੇ ਕੱਪੜੇ ਧੋਣ ਸਮੇਂ ਸੰਘਣੀ ਛਾਂ ਲਈ ਵੀ ਵਰਦਾਨ ਸਨ। ਅੰਬ, ਜਾਮਣ, ਕਿੰਨੂ, ਆੜੂ, ਨਾਸ਼ਪਾਤੀ, ਚੀਕੂ, ਮੁਸੱਮ, ਨਿੰਬੂ, ਅਮਰੂਦ, ਬੇਰੀ, ਅੰਗੂਰਾਂ ਦੀਆਂ ਵੇਲ੍ਹਾਂ, ਲੁਗਾਠ, ਪਪੀਤੇ ਅਤੇ ਹੋਰ ਕਿੰਨੇ ਬੂਟੇ ਮਾਂ ਦੀ ਪ੍ਰੇਰਨਾ ਤੇ ਪਰਵਾਰਕ ਮੈਂਬਰਾਂ ਦੇ ਸਹਿਯੋਗ ਸਦਕਾ ਅੱਜ ਮੇਰੀ ਆਬਾਦੀ ਦਾ ਸ਼ਿੰਗਾਰ ਹਨ।

ਮਰਨ ਤੋਂ ਪਹਿਲਾਂ ਮਾਂ ਦੇ ਖ਼ੁਦ ਦੇ ਖਾਤੇ ਵਿੱਚ ਐਕਵਾਇਰ ਹੋਈ ਜ਼ਮੀਨ ਦੇ ਇੰਨੇ ਪੈਸੇ ਆ ਗਏ ਸਨ ਕਿ ਉਹ ਸਰਕਾਰੀ ਨੌਕਰੀ ਕਰਦੇ ਪੁੱਤ ਦੇ ਕੀ ਨੂੰਹ, ਪੋਤੇ ਤੇ ਪੋਤੀ ਦੇ ਵੀ ਚਿੱਠੇ ਤਾਰ ਗਈ ਤੇ ਜਿਊਂਦੇ ਜੀਅ ਖ਼ੁਸ਼ਹਾਲ ਅਵਸਥਾ ਵਿੱਚ ਸਭ ਕੁਝ ਦੇਖ-ਮਾਣ ਗਈ ਜੋ ਉਸ ਦੀ ਚਾਹਤ ਸੀ। ਸੱਚੀ, ਇਹ ਤਾਂ ਮੈਂ ਦੱਸਣਾ ਭੁੱਲ ਹੀ ਗਿਆ ਕਿ ਬੇਸ਼ੱਕ ਪਿਛਲੇ ਅੱਠ ਸਾਲਾਂ ਤੋਂ ਮੇਰਾ ਪਰਵਾਰ ਸ਼ਹਿਰ ਆ ਗਿਆ ਹੈ, ਫਿਰ ਵੀ ਕਾਰਨਰ ਪਲਾਟ ਹੋਣ ਕਰਕੇ ਨਾਲ ਵਾਲੀ ਥਾਂ ਚੜ੍ਹਦੇ ਅੱਸੂ ਤਾਂ ਕੀ, ਚੜ੍ਹਦੇ ਭਾਦੋਂ ਦੀਆਂ ਬੀਜੀਆਂ ਗਾਜਰਾਂ ਚਾਰ-ਚਾਰ ਉਂਗਲ ਦੀਆਂ ਹੋ ਗਈਆਂ ਹਨ। ਤੋਰੀਏ ਤੇ ਪਾਲਕ ਦਾ ਸਾਗ ਅਸੀਂ ਭਾਦੋਂ ਦੇ ਪਿਛਵਾੜੇ ਇੱਕ ਵਾਰ ਖਾ ਵੀ ਲਿਆ। ਅੱਸੂ ਦੇ ਅਖ਼ੀਰ ਵਿੱਚ ਫੁੱਲ ਗੋਭੀ ਤਿਆਰ ਹੋ ਜਾਵੇਗੀ। ਮੇਰੇ ਵੱਲੋਂ ਮਾਂ ਦੇ ਨਕਸ਼ੇ-ਕਦਮ ਉੱਤੇ ਚੱਲਦੀਆਂ ਜਿੱਥੇ ਮੈਂ ਆਪਣੇ ਪਰਵਾਰ ਲਈ ਤਾਜ਼ੀਆਂ ਤੇ ਅਗੇਤੀਆਂ ਸਬਜ਼ੀਆਂ ਅਤੇ ਫਲ ਤਿਆਰ ਕਰ ਲੈਂਦਾ ਹਾਂ, ਉਥੇ ਦੋਸਤਾਂ-ਰਿਸ਼ਤੇਦਾਰਾਂ ਨੂੰ ਵੰਡ ਕੇ ਅਜਿਹਾ ਕਰਨ ਲਈ ਪ੍ਰੇਰਿਤਾ ਵੀ ਕਰਦਾ ਹਾਂ। ਅਜਿਹਾ ਕਰਨਾ ਜਿੱਥੇ ਮੈਨੂੰ ਸਿਹਤਮੰਦ ਰੱਖਣ ਵਿੱਚ ਸਹਾਈ ਹੋ ਰਿਹਾ ਹੈ ਉਥੇ ਹੀ ਆਤਮਿਕ ਸਕੂਨ ਵੀ ਦੇ ਰਿਹਾ ਹੈ।


ARMAAN
ENTERPRISES INC
PATIO COVERS | RAILING | GATES
INSTALLATION & MAINTENANCE
SPECIALIST IN:
ALUMINUM PANELS AND CLEAR GLASS OR LIGHT TINTED GLASS
WE INSTALLED PATIO COVERS AND RAILING, GATES IN REASONABLE PRICE
QUALITY WORKMANSHIP, BUILT TO LAST
RESIDENTIAL & COMMERCIAL PATIO COVERS
RAILING & GATES INSTALLATION, REPAIR & CLEANING
SERVING ALL LOWER MAINLAND / ISLAND
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com



# ਦੁਨੀਆਦਾਰੀ



# ਲਾਹੌਰ ਦੀ ਸਿੱਖ ਵਿਰਾਸਤ ਦੀ ਸੰਭਾਲ ਲਈ ਜਥੇਦਾਰ ਗੜਗੱਜ ਵੱਲੋਂ ਮਰੀਅਮ ਨਵਾਜ਼ ਨੂੰ ਪੱਤਰ

## ਲਾਲ ਖੂਹ ਤੇ ਕੱਟੜੀ ਚੰਦੂ ਦੀ ਮੌਜੂਦਾ ਸਥਿਤੀ ਦੀ ਜਾਂਚ ਦੀ ਮੰਗ; ਅੰਦਰੂਨੀ ਸ਼ਹਿਰ ਦੇ ਸਿੱਖ ਇਤਿਹਾਸਕ ਸਥਾਨਾਂ ਦਾ ਵਿਆਪਕ ਸਰਵੇਖਣ ਕਰਵਾਉਣ ਲਈ ਕਿਹਾ



**ਨਵੀਂ ਦਿੱਲੀ**–ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਾਕਿਸਤਾਨ ਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਨੂੰ ਪੱਤਰ ਲਿਖ ਕੇ ਲਾਹੌਰ ਦੇ ਅੰਦਰੂਨੀ ਸ਼ਹਿਰ ਵਿੱਚ ਮੌਜੂਦ ਸਿੱਖ ਇਤਿਹਾਸ ਨਾਲ ਸਬੰਧਤ ਵਿਰਾਸਤੀ ਸਥਾਨਾਂ ਦੀ ਸੁਰੱਖਿਆ ਅਤੇ ਸੰਭਾਲ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਖ਼ਾਸ ਤੌਰ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਬੰਧਤ ਮੰਨੇ ਜਾਂਦੇ ਲਾਲ ਖੂਹ ਅਤੇ ਕੱਟੜੀ ਚੰਦੂ ਦੀ ਮੌਜੂਦਾ ਸਥਿਤੀ ਦੀ ਜਾਂਚ ਕਰਵਾਉਣ ਲਈ ਕਿਹਾ ਹੈ।

ਜਥੇਦਾਰ ਗੜਗੱਜ ਨੇ ਮੁੱਖ ਮੰਤਰੀ ਨੂੰ ਭੇਜੇ ਪੱਤਰ ਦੀ ਇੱਕ ਕਾਪੀ ਪਾਕਿਸਤਾਨ ਦੇ ਪੰਜਾਬ ਸਰਕਾਰ ਦੇ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੂੰ ਵੀ ਭੇਜੀ ਹੈ। ਉਨ੍ਹਾਂ ਕਿਹਾ ਕਿ ਪੱਤਰ ਦਾ ਮਕਸਦ ਕਿਸੇ ਸਰਕਾਰ, ਸੰਸਥਾ ਜਾਂ ਵਿਅਕਤੀ 'ਤੇ ਦੋਸ਼ ਲਗਾਉਣਾ ਨਹੀਂ, ਸਗੋਂ ਲਾਹੌਰ ਨਾਲ ਜੁੜੀ ਉਸ ਸਾਂਝੀ ਇਤਿਹਾਸਕ ਵਿਰਾਸਤ ਵੱਲ ਧਿਆਨ ਦਿਵਾਉਣਾ ਹੈ, ਜਿਸ ਵਿੱਚ ਸਿੱਖ ਇਤਿਹਾਸ ਦੇ ਕਈ ਮਹੱਤਵਪੂਰਨ ਅਧਿਆਇ ਦਰਜ ਹਨ।

ਜਥੇਦਾਰ ਨੇ ਕਿਹਾ ਕਿ ਲਾਹੌਰ ਸਿੱਖ ਇਤਿਹਾਸ ਲਈ ਕੋਈ ਬਾਹਰੀ ਜਾਂ ਅਜਨਬੀ ਸਥਾਨ ਨਹੀਂ ਹੈ। ਇਹ ਉਹ ਧਰਤੀ ਹੈ ਜਿੱਥੇ ਸਿੱਖ ਗੁਰੂ ਸਾਹਿਬਾਨ ਦੀਆਂ ਯਾਦਾਂ, ਸਿੱਖ ਸ਼ਹੀਦਾਂ ਦੀਆਂ ਕੁਰਬਾਨੀਆਂ ਅਤੇ ਗੁਰਸਿੱਖ ਪਰੰਪਰਾ ਨਾਲ ਜੁੜੇ ਕਈ ਮਹੱਤਵਪੂਰਨ ਇਤਿਹਾਸਕ ਅਧਿਆਇ ਆਪਣੀਆਂ ਭੌਤਿਕ ਨਿਸ਼ਾਨੀਆਂ ਸਮੇਤ ਮੌਜੂਦ ਰਹੇ ਹਨ। ਸਮੇਂ ਦੇ ਬਦਲਾਅ, ਸ਼ਹਿਰੀ ਵਿਕਾਸ, ਪੰਜਾਬ ਦੀ ਵੰਡ ਅਤੇ ਹੋਰ ਇਤਿਹਾਸਕ ਹਾਲਾਤਾਂ ਕਾਰਨ ਇਨ੍ਹਾਂ ਵਿੱਚੋਂ ਕਈ ਨਿਸ਼ਾਨੀਆਂ ਜਾਂ ਤਾਂ ਖ਼ਤਮ ਹੋ ਚੁੱਕੀਆਂ ਹਨ ਜਾਂ ਆਪਣੀ ਪਹਿਲੀ ਸਥਿਤੀ ਵਿੱਚ ਨਹੀਂ ਰਹੀਆਂ। ਇਸ ਲਈ ਜੋ ਇਤਿਹਾਸਕ ਨਿਸ਼ਾਨੀਆਂ ਅੱਜ ਵੀ ਮੌਜੂਦ ਹਨ, ਉਨ੍ਹਾਂ ਦੀ ਸੰਭਾਲ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਲਹਿੰਦੇ ਪੰਜਾਬ ਵਿੱਚ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਅਤੇ ਉਨ੍ਹਾਂ ਨੂੰ ਮੁੜ ਖੋਲ੍ਹਣ ਲਈ ਪਾਕਿਸਤਾਨ ਦੀ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਫੰਡ ਜਾਰੀ ਕਰਨ ਦੇ ਉਪਰਾਲੇ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਲਾਹੌਰ ਦੇ ਅੰਦਰੂਨੀ ਸ਼ਹਿਰ ਵਿੱਚ ਸਿੱਖ ਇਤਿਹਾਸ ਨਾਲ ਸਬੰਧਤ ਹੋਰ ਵਿਰਾਸਤੀ ਸਥਾਨਾਂ ਦੀ ਵੀ ਪਛਾਣ ਕਰਕੇ ਉਨ੍ਹਾਂ ਦੀ ਸੰਭਾਲ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਜਥੇਦਾਰ ਨੇ ਕਿਹਾ ਕਿ ਲਾਲ ਖੂਹ ਅਤੇ ਕੱਟੜੀ ਚੰਦੂ ਨਾਲ ਸਬੰਧਤ ਮਾਮਲਾ ਸਿੱਖ ਸੰਗਤ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਧਿਆਨ ਵਿੱਚ ਆਇਆ ਹੈ। ਉਨ੍ਹਾਂ ਅਨੁਸਾਰ ਇਨ੍ਹਾਂ ਸਥਾਨਾਂ ਦੇ ਆਲੇ-ਦੁਆਲੇ ਉਸਾਰੀ ਜਾਂ ਤਬਦੀਲੀ ਸਬੰਧੀ ਕਾਰਵਾਈ ਹੋਣ ਦੀਆਂ ਚਿੰਤਾਵਾਂ ਸਾਹਮਣੇ ਆਈਆਂ ਹਨ। ਉਨ੍ਹਾਂ ਇਸ ਮਾਮਲੇ ਨੂੰ ਸਿੱਖ ਇਤਿਹਾਸ ਅਤੇ ਵਿਰਾਸਤ ਨਾਲ ਜੁੜਿਆ ਮਹੱਤਵਪੂਰਨ ਵਿਸ਼ਾ ਦੱਸਦਿਆਂ ਅਧਿਕਾਰਤ ਤੱਥਾਂ ਦੇ ਆਧਾਰ 'ਤੇ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਜਥੇਦਾਰ ਗੜਗੱਜ ਨੇ ਪਾਕਿਸਤਾਨ ਦੀ ਪੰਜਾਬ ਸਰਕਾਰ ਨੂੰ ਸੁਝਾਅ ਦਿੱਤਾ ਕਿ ਲਾਹੌਰ ਅੰਦਰੂਨ ਵਿੱਚ ਸਥਿਤ ਲਾਲ ਖੂਹ ਅਤੇ ਕੱਟੜੀ ਚੰਦੂ ਦੀ ਮੌਜੂਦਾ ਸਥਿਤੀ ਦੀ ਤੁਰੰਤ ਜਾਂਚ ਕਰਵਾਈ ਜਾਵੇ। ਜੇਕਰ ਇਨ੍ਹਾਂ ਸਥਾਨਾਂ 'ਤੇ ਕਿਸੇ ਤਰ੍ਹਾਂ ਦੀ ਉਸਾਰੀ ਜਾਂ ਤਬਦੀਲੀ ਦੀ ਕਾਰਵਾਈ ਚੱਲ ਰਹੀ ਹੈ ਤਾਂ ਜਾਂਚ ਪੂਰੀ ਹੋਣ ਤੱਕ ਉਸ ਨੂੰ ਰੋਕਿਆ ਜਾਵੇ।

ਉਨ੍ਹਾਂ ਕਿਹਾ ਕਿ ਵਾਲਡ ਸਿਟੀ ਆਫ਼ ਲਾਹੌਰ ਅਥਾਰਿਟੀ, ਪੁਰਾਤੱਤਵ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਮਾਹਰਾਂ ਰਾਹੀਂ ਇਨ੍ਹਾਂ ਸਥਾਨਾਂ ਦੀ ਇਤਿਹਾਸਕ ਅਤੇ ਵਿਰਾਸਤੀ ਮਹੱਤਤਾ ਦੀ ਪੜਤਾਲ ਕਰਵਾਈ ਜਾਣੀ ਚਾਹੀਦੀ ਹੈ। ਇਸ ਜਾਂਚ ਪ੍ਰਕਿਰਿਆ ਵਿੱਚ ਸਿੱਖ ਇਤਿਹਾਸ ਦੇ ਮਾਹਰਾਂ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਲ ਕਰਨ ਦੀ ਮੰਗ ਕੀਤੀ ਗਈ ਹੈ।

ਜਥੇਦਾਰ ਨੇ ਕਿਹਾ ਕਿ ਜੇਕਰ ਜਾਂਚ ਦੌਰਾਨ ਕਿਸੇ ਸਥਾਨ ਦੀ ਇਤਿਹਾਸਕ ਮਹੱਤਤਾ ਸਾਬਤ ਹੁੰਦੀ ਹੈ ਤਾਂ ਉਸ ਨੂੰ ਕਾਨੂੰਨੀ ਤੌਰ 'ਤੇ ਸੁਰੱਖਿਅਤ ਵਿਰਾਸਤੀ ਸਥਾਨ ਵਜੋਂ ਦਰਜ ਕਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਲਾਹੌਰ ਦੇ ਅੰਦਰੂਨੀ ਸ਼ਹਿਰ ਵਿੱਚ ਸਿੱਖ ਇਤਿਹਾਸ ਨਾਲ ਸਬੰਧਤ ਸਾਰੇ ਪ੍ਰਮੁੱਖ ਸਥਾਨਾਂ ਦਾ ਵਿਆਪਕ ਵਿਰਾਸਤੀ ਸਰਵੇਖਣ ਕਰਵਾਉਣ ਦੀ ਵੀ ਮੰਗ ਕੀਤੀ।

ਇਸ ਸਰਵੇਖਣ ਦੌਰਾਨ ਇਨ੍ਹਾਂ ਸਥਾਨਾਂ ਦੀ ਮੌਜੂਦਾ ਸਥਿਤੀ, ਇਤਿਹਾਸਕ ਮਹੱਤਤਾ, ਮਲਕੀਅਤ ਅਤੇ ਕਾਨੂੰਨੀ ਸਥਿਤੀ ਸਬੰਧੀ ਪੂਰਾ ਰਿਕਾਰਡ ਤਿਆਰ ਕਰਨ ਲਈ ਕਿਹਾ ਗਿਆ ਹੈ। ਜਥੇਦਾਰ ਨੇ ਕਿਹਾ ਕਿ ਅਜਿਹੇ ਰਿਕਾਰਡ ਨਾਲ ਇਤਿਹਾਸਕ ਸਥਾਨਾਂ ਦੀ ਪਛਾਣ ਅਤੇ ਭਵਿੱਖ ਵਿੱਚ ਉਨ੍ਹਾਂ ਦੀ ਸੁਰੱਖਿਆ ਲਈ ਢੁੱਕਵੀਂ ਯੋਜਨਾ ਤਿਆਰ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਅਤੇ ਜਾਂਚ ਦੇ ਨਤੀਜਿਆਂ ਬਾਰੇ ਸਿੱਖ ਸੰਗਤ ਅਤੇ ਸਿੱਖ ਸੰਸਥਾਵਾਂ ਨੂੰ ਜਾਣਕਾਰੀ ਦਿੱਤੀ ਜਾਵੇ। ਜਥੇਦਾਰ ਗੜਗੱਜ ਨੇ ਆਸ ਪ੍ਰਗਟਾਈ ਕਿ ਪਾਕਿਸਤਾਨ ਦੀ ਪੰਜਾਬ ਸਰਕਾਰ ਉਨ੍ਹਾਂ ਦੇ ਪੱਤਰ ਨੂੰ ਗੰਭੀਰਤਾ ਨਾਲ ਲੈਂਦਿਆਂ ਲੋੜੀਂਦੀ ਕਾਰਵਾਈ ਕਰੇਗੀ।

ਉਨ੍ਹਾਂ ਕਿਹਾ ਕਿ ਕੀਤੀ ਗਈ ਕਾਰਵਾਈ ਸਬੰਧੀ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਭੇਜੀ ਜਾਣੀ ਚਾਹੀਦੀ ਹੈ, ਤਾਂ ਜੋ ਸਿੱਖ ਇਤਿਹਾਸ ਨਾਲ ਜੁੜੀ ਇਸ ਵਿਰਾਸਤ ਦੀ ਸੰਭਾਲ ਸਬੰਧੀ ਅਗਲੇ ਕਦਮਾਂ ਬਾਰੇ ਜਾਣਕਾਰੀ ਉਪਲਬਧ ਰਹੇ।

# ਸੰਯੁਕਤ ਰਾਸ਼ਟਰ ਦੇ ਮੰਚ ਤੋਂ ਏਰਦੋਗਾਨ ਨੇ ਮੁੜ ਚੁੱਕਿਆ ਕਸ਼ਮੀਰ ਦਾ ਮੁੱਦਾ, ਗੱਲਬਾਤ ਰਾਹੀਂ ਹੱਲ ਦੀ ਕੀਤੀ ਅਪੀਲ



**ਤੁਰਕੀ ਦੇ ਰਾਸ਼ਟਰਪਤੀ ਨੇ ਦੱਖਣੀ ਏਸ਼ੀਆ ਦੇ ਵਿਵਾਦਾਂ ਨੂੰ ਸੰਯੁਕਤ ਰਾਸ਼ਟਰ ਚਾਰਟਰ ਦੇ ਦਾਇਰੇ ਵਿੱਚ ਗੱਲਬਾਤ ਰਾਹੀਂ ਹੱਲ ਕਰਨ ਦੀ ਗੱਲ ਕਹੀ; 2019 ਤੋਂ ਲਗਾਤਾਰ ਕਸ਼ਮੀਰ ਦਾ ਜ਼ਿਕਰ ਕਰਦੇ ਆ ਰਹੇ ਹਨ**

**ਨਿਊਯਾਰਕ:** ਤੁਰਕੀ ਦੇ ਰਾਸ਼ਟਰਪਤੀ ਰੇਚੇਪ ਤਈਅਪ ਏਰਦੋਗਾਨ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ 81ਵੇਂ ਸੈਸ਼ਨ ਦੌਰਾਨ ਆਪਣੇ ਸੰਬੋਧਨ ਵਿੱਚ ਇੱਕ ਵਾਰ ਮੁੜ ਕਸ਼ਮੀਰ ਦਾ ਮੁੱਦਾ ਚੁੱਕਿਆ ਹੈ। 22 ਸਤੰਬਰ ਨੂੰ ਨਿਊਯਾਰਕ ਵਿੱਚ ਮਹਾਸਭਾ ਦੇ ਉੱਚ ਪੱਧਰੀ ਆਮ ਬਹਿਸ ਦੌਰਾਨ ਬੋਲਦਿਆਂ ਏਰਦੋਗਾਨ ਨੇ ਕਿਹਾ ਕਿ ਦੱਖਣੀ ਏਸ਼ੀਆ ਵਿੱਚ ਕਸ਼ਮੀਰ ਸਮੇਤ ਸਾਰੇ ਵਿਵਾਦਾਂ ਨੂੰ ਸੰਯੁਕਤ ਰਾਸ਼ਟਰ ਚਾਰਟਰ ਅਤੇ ਸਬੰਧਤ ਮਤਿਆਂ ਦੇ ਦਾਇਰੇ ਵਿੱਚ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ।

ਏਰਦੋਗਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਦੱਖਣੀ ਏਸ਼ੀਆ ਵਿੱਚ ਕਸ਼ਮੀਰ ਸਮੇਤ ਸਾਰੇ ਵਿਵਾਦਾਂ ਨੂੰ ਗੱਲਬਾਤ ਰਾਹੀਂ ਹੱਲ ਕਰਨ ਵੱਲ ਧਿਆਨ ਦੇਣਾ ਮਹੱਤਵਪੂਰਨ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਸਾਰੇ ਪੱਖ ਰਚਨਾਤਮਕ ਢੰਗ ਨਾਲ ਕਾਰਵਾਈ ਕਰਨ ਤਾਂ ਸਮੱਸਿਆਵਾਂ ਦੇ ਹੱਲ ਵੱਲ ਅੱਗੇ ਵਧਿਆ ਜਾ ਸਕਦਾ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਤੁਰਕੀ ਦੇ ਰਾਸ਼ਟਰਪਤੀ ਨੇ ਸੰਯੁਕਤ ਰਾਸ਼ਟਰ ਦੇ ਮੰਚ ਤੋਂ ਕਸ਼ਮੀਰ ਦਾ ਜ਼ਿਕਰ ਕੀਤਾ ਹੈ। ਉਹ ਪਿਛਲੇ ਕਈ ਸਾਲਾਂ ਤੋਂ ਆਪਣੇ ਮਹਾਸਭਾ ਭਾਸ਼ਣਾਂ ਵਿੱਚ ਇਸ ਮੁੱਦੇ ਨੂੰ ਉਠਾਉਂਦੇ ਰਹੇ ਹਨ। 2019 ਤੋਂ ਬਾਅਦ ਉਨ੍ਹਾਂ ਦੇ ਭਾਸ਼ਣਾਂ ਵਿੱਚ ਕਸ਼ਮੀਰ ਦਾ ਮੁੱਦਾ ਵਾਰ-ਵਾਰ ਸਾਹਮਣੇ ਆਇਆ ਹੈ, ਜਦਕਿ 2024 ਵਿੱਚ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ। ਤਾਜ਼ਾ ਭਾਸ਼ਣ ਵਿੱਚ ਉਨ੍ਹਾਂ ਨੇ ਮੁੜ ਕਸ਼ਮੀਰ ਨੂੰ ਦੱਖਣੀ ਏਸ਼ੀਆ ਦੇ ਹੋਰ ਵਿਵਾਦਾਂ ਦੇ ਨਾਲ ਜੋੜਦਿਆਂ ਗੱਲਬਾਤ ਦੀ ਗੱਲ ਕੀਤੀ।

ਭਾਰਤ ਇਸ ਮਾਮਲੇ 'ਤੇ ਪਹਿਲਾਂ ਵੀ ਤੁਰਕੀ ਦੇ ਰਾਸ਼ਟਰਪਤੀ ਦੀਆਂ ਟਿੱਪਣੀਆਂ 'ਤੇ ਆਪਣਾ ਇਤਰਾਜ਼ ਜ਼ਾਹਰ ਕਰਦਾ ਰਿਹਾ ਹੈ। ਨਵੀਂ ਦਿੱਲੀ ਦਾ ਰੁਖ ਹੈ ਕਿ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ ਅਤੇ ਕਸ਼ਮੀਰ ਨਾਲ ਸਬੰਧਤ ਮਾਮਲਿਆਂ ਵਿੱਚ ਕਿਸੇ ਤੀਜੇ ਪੱਖ ਦੀ ਭੂਮਿਕਾ ਨੂੰ ਭਾਰਤ ਸਵੀਕਾਰ ਨਹੀਂ ਕਰਦਾ। ਤਾਜ਼ਾ ਬਿਆਨ ਤੋਂ ਬਾਅਦ ਵੀ ਭਾਰਤ ਦਾ ਇਹ ਰੁਖ ਕਾਇਮ ਹੈ।

ਏਰਦੋਗਾਨ ਨੇ ਆਪਣੇ ਸੰਬੋਧਨ ਵਿੱਚ ਕਸ਼ਮੀਰ ਤੋਂ ਇਲਾਵਾ ਫਲਸਤੀਨ ਅਤੇ ਗਾਜ਼ਾ ਦੀ ਸਥਿਤੀ ਦਾ ਮੁੱਦਾ ਵੀ ਪ੍ਰਮੁੱਖਤਾ ਨਾਲ ਉਠਾਇਆ। ਉਨ੍ਹਾਂ ਨੇ ਗਾਜ਼ਾ ਵਿੱਚ ਇਜ਼ਰਾਈਲੀ ਫ਼ੌਜੀ ਕਾਰਵਾਈ ਦੀ ਆਲੋਚਨਾ ਕੀਤੀ ਅਤੇ ਫਲਸਤੀਨੀ ਲੋਕਾਂ ਦੇ ਹੱਕ ਵਿੱਚ ਆਪਣਾ ਪੱਖ ਰੱਖਿਆ। ਉਨ੍ਹਾਂ ਨੇ ਫਲਸਤੀਨ ਨੂੰ ਲੈ ਕੇ ਕੌਮਾਂਤਰੀ ਭਾਈਚਾਰੇ ਦੀ ਭੂਮਿਕਾ ਅਤੇ ਸੰਯੁਕਤ ਰਾਸ਼ਟਰ ਦੀ ਕਾਰਗੁਜ਼ਾਰੀ ਨਾਲ ਜੁੜੇ ਸਵਾਲ ਵੀ ਉਠਾਏ।

ਤੁਰਕੀ ਦੇ ਰਾਸ਼ਟਰਪਤੀ ਨੇ ਆਪਣੇ ਭਾਸ਼ਣ ਦੌਰਾਨ ਸੰਯੁਕਤ ਰਾਸ਼ਟਰ ਵਿੱਚ ਸੁਧਾਰ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਮੌਜੂਦਾ ਵਿਸ਼ਵ ਪ੍ਰਬੰਧ ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਬਣਤਰ ਅਤੇ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਤਬਦੀਲੀ ਦੀ ਲੋੜ ਹੈ। ਏਰਦੋਗਾਨ ਨੇ ਪੰਜ ਸਥਾਈ ਮੈਂਬਰਾਂ ਕੋਲ ਮੌਜੂਦ ਵਿਸ਼ੇਸ਼ ਅਧਿਕਾਰਾਂ ਦੀ ਬਣਤਰ 'ਤੇ ਵੀ ਸਵਾਲ ਉਠਾਏ।

ਏਰਦੋਗਾਨ ਵੱਲੋਂ ਫਲਸਤੀਨ ਦਾ ਮੁੱਦਾ ਚੁੱਕੇ ਜਾਣ ਦੌਰਾਨ ਸੰਯੁਕਤ ਰਾਸ਼ਟਰ ਮਹਾਸਭਾ ਹਾਲ ਵਿੱਚ ਇਜ਼ਰਾਈਲੀ ਵਫ਼ਦ ਦੀ ਮੌਜੂਦਗੀ ਅਤੇ ਪ੍ਰਤੀਕਿਰਿਆ ਵੀ ਚਰਚਾ ਵਿੱਚ ਰਹੀ। ਤੁਰਕੀ ਦੇ ਰਾਸ਼ਟਰਪਤੀ ਨੇ ਗਾਜ਼ਾ ਦੀ ਮਨੁੱਖੀ ਸਥਿਤੀ ਅਤੇ ਫਲਸਤੀਨੀ ਲੋਕਾਂ ਦੀਆਂ ਮੁਸ਼ਕਲਾਂ ਨੂੰ ਆਪਣੇ ਸੰਬੋਧਨ ਦਾ ਇੱਕ ਅਹਿਮ ਹਿੱਸਾ ਬਣਾਇਆ।

ਕੀ ਹੁੰਦੀ ਹੈ ਸੰਯੁਕਤ ਰਾਸ਼ਟਰ ਦੀ ਆਮ ਬਹਿਸ?

ਸੰਯੁਕਤ ਰਾਸ਼ਟਰ ਦੀ ਆਮ ਬਹਿਸ ਮਹਾਸਭਾ ਦੇ ਸਾਲਾਨਾ ਸੈਸ਼ਨ ਦਾ ਉਹ ਅਹਿਮ ਪੜਾਅ ਹੁੰਦਾ ਹੈ, ਜਿਸ ਦੌਰਾਨ ਦੁਨੀਆ ਭਰ ਦੇ ਦੇਸ਼ਾਂ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਜਾਂ ਹੋਰ ਉੱਚ ਪੱਧਰੀ ਨੁਮਾਇੰਦੇ ਵਿਸ਼ਵ ਭਾਈਚਾਰੇ ਸਾਹਮਣੇ ਆਪਣੇ ਦੇਸ਼ ਦੀਆਂ ਤਰਜੀਹਾਂ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਆਪਣਾ ਪੱਖ ਰੱਖਦੇ ਹਨ। 81ਵੇਂ ਸੈਸ਼ਨ ਦੀ ਆਮ ਬਹਿਸ 22 ਸਤੰਬਰ ਤੋਂ ਸ਼ੁਰੂ ਹੋਈ ਹੈ ਅਤੇ 26 ਸਤੰਬਰ ਤੱਕ ਚੱਲਣ ਤੋਂ ਬਾਅਦ 28 ਸਤੰਬਰ ਨੂੰ ਮੁੜ ਹੋਵੇਗੀ।

ਸੰਯੁਕਤ ਰਾਸ਼ਟਰ ਵਿੱਚ ਇਸ ਵੇਲੇ 193 ਮੈਂਬਰ ਦੇਸ਼ ਹਨ ਅਤੇ ਮਹਾਸਭਾ ਵਿੱਚ ਹਰੇਕ ਮੈਂਬਰ ਦੇਸ਼ ਕੋਲ ਇੱਕ ਵੋਟ ਹੁੰਦਾ ਹੈ। ਹਰ ਸਾਲ ਸਤੰਬਰ ਵਿੱਚ ਹੋਣ ਵਾਲੀ ਇਸ ਉੱਚ ਪੱਧਰੀ ਬੈਠਕ ਦੌਰਾਨ ਵਿਸ਼ਵ ਆਗੂ ਆਪਣੇ ਦੇਸ਼ਾਂ ਨਾਲ ਸਬੰਧਤ ਮੁੱਦਿਆਂ ਦੇ ਨਾਲ-ਨਾਲ ਜੰਗ, ਅਮਨ, ਸੁਰੱਖਿਆ, ਆਰਥਿਕਤਾ, ਮਨੁੱਖੀ ਅਧਿਕਾਰ, ਜਲਵਾਯੂ ਤਬਦੀਲੀ ਅਤੇ ਹੋਰ ਕੌਮਾਂਤਰੀ ਮਾਮਲਿਆਂ 'ਤੇ ਆਪਣੀ ਰਾਇ ਪੇਸ਼ ਕਰਦੇ ਹਨ।

ਹਾਲਾਂਕਿ ਇਸ ਨੂੰ 'ਆਮ ਬਹਿਸ' ਕਿਹਾ ਜਾਂਦਾ ਹੈ, ਪਰ ਇੱਥੇ ਦੇਸ਼ਾਂ ਦੇ ਆਗੂ ਇੱਕ-ਦੂਜੇ ਦੇ ਸਾਹਮਣੇ ਬੈਠ ਕੇ ਸਿੱਧੀ ਬਹਿਸ ਨਹੀਂ ਕਰਦੇ। ਇਸ ਦੀ ਬਜਾਏ ਹਰ ਦੇਸ਼ ਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੇ ਮੰਚ ਤੋਂ ਆਪਣਾ ਪੱਖ ਦੁਨੀਆ ਸਾਹਮਣੇ ਰੱਖਣ ਦਾ ਮੌਕਾ ਮਿਲਦਾ ਹੈ। ਇਸ ਮੰਚ 'ਤੇ ਦਿੱਤੇ ਗਏ ਭਾਸ਼ਣਾਂ ਵਿੱਚ ਕੌਮਾਂਤਰੀ ਵਿਵਾਦਾਂ, ਖੇਤਰੀ ਸੁਰੱਖਿਆ ਅਤੇ ਕੂਟਨੀਤਕ ਤਰਜੀਹਾਂ ਬਾਰੇ ਦੇਸ਼ਾਂ ਦੇ ਰੁਖ ਸਾਹਮਣੇ ਆਉਂਦੇ ਹਨ।

ਇਸ ਉੱਚ ਪੱਧਰੀ ਬੈਠਕ ਦੇ ਨਾਲ-ਨਾਲ ਵੱਖ-ਵੱਖ ਦੇਸ਼ਾਂ ਦੇ ਆਗੂ ਆਪਸ ਵਿੱਚ ਦੁਵੱਲੀਆਂ ਅਤੇ ਬਹੁਪੱਖੀ ਮੀਟਿੰਗਾਂ ਵੀ ਕਰਦੇ ਹਨ। ਇਨ੍ਹਾਂ ਬੈਠਕਾਂ ਵਿੱਚ ਵਪਾਰ, ਸੁਰੱਖਿਆ, ਰੱਖਿਆ, ਜੰਗ, ਕੂਟਨੀਤੀ, ਆਰਥਿਕ ਸਹਿਯੋਗ ਅਤੇ ਹੋਰ ਖੇਤਰੀ ਤੇ ਕੌਮਾਂਤਰੀ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਇਸ ਵਾਰ ਵੀ ਸੰਯੁਕਤ ਰਾਸ਼ਟਰ ਦੇ 81ਵੇਂ ਸੈਸ਼ਨ ਦੇ ਮੌਕੇ 'ਤੇ ਵੱਖ-ਵੱਖ ਦੇਸ਼ਾਂ ਦੇ ਆਗੂਆਂ ਵਿਚਕਾਰ ਅਜਿਹੀਆਂ ਕਈ ਬੈਠਕਾਂ ਹੋ ਰਹੀਆਂ ਹਨ।

# ਇਰਾਨ ਨਾਲ ਸਮਝੌਤਾ ਕਰੋ, ਨਹੀਂ ਤਾਂ ਤਬਾਹ ਕਰ ਦੇਵਾਂਗੇ: ਟਰੰਪ ਦੀ ਸਖ਼ਤ ਚਿਤਾਵਨੀ

**ਨਵੀਂ ਦਿੱਲੀ**–ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ—ਮੱਧਕਾਲੀ ਚੋਣਾਂ ਤੋਂ ਬਾਅਦ ਇਰਾਨ ਨਾਲ ਸਮਝੌਤੇ ਦੀ ਉਮੀਦ; ਪਰਮਾਣੂ ਹਥਿਆਰ ਹਾਸਲ ਨਹੀਂ ਕਰਨ ਦੇਵਾਂਗੇ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਇਰਾਨ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਜੇਕਰ ਇਰਾਨ ਨਾਲ ਸ਼ਾਂਤੀ ਸਮਝੌਤਾ ਨਹੀਂ ਹੁੰਦਾ ਤਾਂ ਅਮਰੀਕਾ ਕੋਲ ਉਸ ਨੂੰ ਤਬਾਹ ਕਰਨ ਦਾ ਵਿਕਲਪ ਵੀ ਮੌਜੂਦ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਤੋਂ ਤੁਰੰਤ ਬਾਅਦ ਇਰਾਨ ਨਾਲ ਸਮਝੌਤਾ ਹੋ ਸਕਦਾ ਹੈ।

ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਸਾਹਮਣੇ ਇੱਕ ਵੱਡਾ ਫ਼ੈਸਲਾ ਹੈ ਕਿ ਇਰਾਨ ਨਾਲ ਅਜਿਹਾ ਸਮਝੌਤਾ ਕੀਤਾ ਜਾਵੇ, ਜਿਸ ਰਾਹੀਂ ਉਹ ਮੁੜ ਨਿਰਮਾਣ ਕਰ ਸਕੇ ਅਤੇ ਪਹਿਲਾਂ ਨਾਲੋਂ ਵਧੇਰੇ ਤਾਕਤਵਰ ਬਣ ਸਕੇ ਜਾਂ ਫਿਰ ਇਸਲਾਮਿਕ ਰਿਪਬਲਿਕ ਨੂੰ ਤਬਾਹ ਕਰਨ ਵੱਲ ਕਦਮ ਚੁੱਕਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਮਝੌਤਾ ਹੁੰਦਾ ਹੈ ਤਾਂ ਇਹ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਤੋਂ ਤੁਰੰਤ ਬਾਅਦ ਹੋ ਸਕਦਾ ਹੈ।

ਟਰੰਪ ਨੇ ਦਾਅਵਾ ਕੀਤਾ ਕਿ ਇਰਾਨ ਇਹ ਦੇਖਣ ਦੀ ਉਡੀਕ ਕਰ ਰਿਹਾ ਹੈ ਕਿ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਵਿੱਚ ਉਨ੍ਹਾਂ ਦਾ ਪ੍ਰਦਰਸ਼ਨ ਕਿਹੋ ਜਿਹਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਇਨ੍ਹਾਂ ਚੋਣਾਂ ਵਿੱਚ ਉਮੀਦਵਾਰ ਨਹੀਂ ਹਨ ਅਤੇ ਇਰਾਨ ਸਬੰਧੀ ਉਨ੍ਹਾਂ ਵੱਲੋਂ ਲਏ ਜਾਣ ਵਾਲੇ ਫ਼ੈਸਲੇ 'ਤੇ ਚੋਣਾਂ ਦਾ ਕੋਈ ਪ੍ਰਭਾਵ ਨਹੀਂ ਪਵੇਗਾ।

ਅਮਰੀਕੀ ਰਾਸ਼ਟਰਪਤੀ ਨੇ ਆਪਣੀ ਨੀਤੀ ਸਪੱਸ਼ਟ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਰਾਨ ਕੋਲ ਕਦੇ ਵੀ ਪਰਮਾਣੂ ਹਥਿਆਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਮਰੀਕਾ ਇਰਾਨ ਨੂੰ ਪਰਮਾਣੂ ਹਥਿਆਰ ਹਾਸਲ ਕਰਨ ਦੀ ਇਜਾਜ਼ਤ ਕਦੇ ਨਹੀਂ ਦੇਵੇਗਾ।

ਹਰਮੁਜ਼ ਜਲ ਮਾਰਗ ਦਾ ਵੀ ਕੀਤਾ ਜ਼ਿਕਰ

ਟਰੰਪ ਨੇ ਕਿਹਾ ਕਿ ਅਮਰੀਕੀ ਜਲ ਸੈਨਾ ਵੱਲੋਂ ਹਰਮੁਜ਼ ਜਲ ਮਾਰਗ ਰਾਹੀਂ ਤੇਲ ਦੀ ਆਵਾਜਾਈ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕੀ ਜਲ ਸੈਨਾ ਹੁਣ ਤੱਕ ਹਰਮੁਜ਼ ਜਲ ਮਾਰਗ ਰਾਹੀਂ ਇੱਕ ਅਰਬ ਬੈਰਲ ਤੋਂ ਵੱਧ ਤੇਲ ਦੀ ਆਵਾਜਾਈ ਲਈ ਸੁਰੱਖਿਆ ਦੇ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ ਹੁਣ ਹਰਮੁਜ਼ ਜਲ ਮਾਰਗ ਰਾਹੀਂ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਤੇਲ ਦੀ ਆਵਾਜਾਈ ਹੋ ਰਹੀ ਹੈ। ਟਰੰਪ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵੱਲੋਂ ਵਪਾਰਕ ਜਹਾਜ਼ਾਂ 'ਤੇ ਇਰਾਨ ਦੇ ਹਮਲਿਆਂ ਦੀ ਨਿੰਦਾ ਕਰਨ ਵਾਲਾ ਮਤਾ ਵੱਡੇ ਬਹੁਮਤ ਨਾਲ ਪਾਸ ਕੀਤੇ ਜਾਣ ਦਾ ਵੀ ਜ਼ਿਕਰ ਕੀਤਾ।

ਉਨ੍ਹਾਂ ਕਿਹਾ ਕਿ ਅਮਰੀਕਾ ਹਰ ਰੋਜ਼ ਅਤੇ ਹਰ ਰਾਤ ਕਈ ਜਹਾਜ਼ਾਂ ਨੂੰ ਹਰਮੁਜ਼ ਜਲ ਮਾਰਗ ਤੋਂ ਸੁਰੱਖਿਅਤ ਢੰਗ ਨਾਲ ਬਾਹਰ ਕੱਢਣ ਵਿੱਚ ਮਦਦ ਕਰ ਰਿਹਾ ਹੈ। ਹਰਮੁਜ਼ ਜਲ ਮਾਰਗ ਦੀ ਸੁਰੱਖਿਆ ਅਤੇ ਤੇਲ ਦੀ ਆਵਾਜਾਈ ਇਰਾਨ ਨਾਲ ਜੁੜੇ ਮਾਮਲੇ ਵਿੱਚ ਅਹਿਮ ਮੁੱਦਾ ਬਣੀ ਹੋਈ ਹੈ।

ਇਰਾਨ ਦੀ ਪਰਮਾਣੂ ਸਮਰੱਥਾ 'ਤੇ ਸਖ਼ਤ ਰੁਖ਼

ਸੰਯੁਕਤ ਰਾਸ਼ਟਰ ਵਿੱਚ ਆਪਣੇ ਸੰਬੋਧਨ ਦੌਰਾਨ ਟਰੰਪ ਨੇ ਇਰਾਨ ਦੀ ਪਰਮਾਣੂ ਸਮਰੱਥਾ ਨੂੰ ਲੈ ਕੇ ਆਪਣਾ ਸਖ਼ਤ ਰੁਖ਼ ਦੁਹਰਾਇਆ। ਉਨ੍ਹਾਂ ਕਿਹਾ ਕਿ ਉਹ ਇਰਾਨ ਨੂੰ ਪਰਮਾਣੂ ਹਥਿਆਰ ਹਾਸਲ ਨਹੀਂ ਕਰਨ ਦੇਣਗੇ। ਇਸ ਦੌਰਾਨ ਉਨ੍ਹਾਂ ਨੇ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ਵਿਰੁੱਧ ਕੀਤੀ ਗਈ ਸਾਂਝੀ ਫ਼ੌਜੀ ਕਾਰਵਾਈ 'ਆਪਰੇਸ਼ਨ ਐਪਿਕ ਫਿਊਰੀ' ਦਾ ਵੀ ਜ਼ਿਕਰ ਕੀਤਾ।

ਟਰੰਪ ਨੇ ਇਰਾਨ 'ਤੇ ਹਮਾਸ ਨੂੰ ਫੰਡ ਦੇਣ ਦਾ ਦੋਸ਼ ਲਗਾਉਂਦਿਆਂ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹੋਏ ਹਮਲੇ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਇਰਾਨ ਦੀ ਹਮਾਇਤ ਪ੍ਰਾਪਤ ਅਤਿਵਾਦੀਆਂ ਨੇ ਇਜ਼ਰਾਈਲ ਵਿੱਚ 1,200 ਲੋਕਾਂ ਦੀ ਹੱਤਿਆ ਕੀਤੀ ਸੀ, ਜਿਨ੍ਹਾਂ ਵਿੱਚ ਕਈ ਅਮਰੀਕੀ ਨਾਗਰਿਕ ਵੀ ਸ਼ਾਮਲ ਸਨ।

ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਇਰਾਨ ਦੇ ਸਰਵਉੱਚ ਆਗੂ ਵੱਲੋਂ ਇਸ ਹਮਲੇ ਦੀ ਸ਼ਲਾਘਾ ਕੀਤੀ ਗਈ ਸੀ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਇਰਾਨ ਨਾਲ ਜੁੜੇ ਸੁਰੱਖਿਆ ਅਤੇ ਪਰਮਾਣੂ ਮੁੱਦਿਆਂ ਨੂੰ ਅਮਰੀਕਾ ਦੀ ਵਿਦੇਸ਼ ਨੀਤੀ ਦਾ ਮਹੱਤਵਪੂਰਨ ਹਿੱਸਾ ਦੱਸਿਆ।

ਅਮਰੀਕਾ ਕੋਲ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਕਮੀ ਨਹੀਂ: ਟਰੰਪ

ਟਰੰਪ ਨੇ ਅਮਰੀਕੀ ਫ਼ੌਜ ਕੋਲ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਕਮੀ ਹੋਣ ਸਬੰਧੀ ਰਿਪੋਰਟਾਂ ਨੂੰ ਵੀ ਰੱਦ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਕੋਲ ਵਰਤੋਂ ਨਾਲੋਂ ਵੀ ਵੱਧ ਗੋਲਾ-ਬਾਰੂਦ ਮੌਜੂਦ ਹੈ ਅਤੇ ਇਸ ਦੇ ਭੰਡਾਰ ਨੂੰ ਲਗਾਤਾਰ ਵਧਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਅਮਰੀਕਾ ਵਿੱਚ 18 ਵੱਡੇ ਗੋਲਾ-ਬਾਰੂਦ ਕਾਰਖਾਨੇ ਬਣਾਏ ਜਾ ਰਹੇ ਹਨ। ਟਰੰਪ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਮਰੀਕੀ ਫ਼ੌਜ ਲਈ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਉਪਲਬਧਤਾ ਵਿੱਚ ਕੋਈ ਕਮੀ ਨਹੀਂ ਹੈ।

ਸੰਯੁਕਤ ਰਾਸ਼ਟਰ ਮਹਾਸਭਾ ਦਾ 81ਵਾਂ ਸੈਸ਼ਨ ਇਸ ਸਾਲ 'ਭਰੋਸਾ ਬਹਾਲ ਕਰਨਾ, ਬਦਲਾਅ ਦਾ ਪ੍ਰਬੰਧਨ: ਸਾਰਿਆਂ ਲਈ ਕੰਮ ਕਰਨ ਵਾਲਾ ਸੰਯੁਕਤ ਰਾਸ਼ਟਰ' ਵਿਸ਼ੇ 'ਤੇ ਕੇਂਦਰਿਤ ਹੈ। ਮਹਾਸਭਾ ਦੀ ਉੱਚ ਪੱਧਰੀ ਆਮ ਬਹਿਸ 22 ਤੋਂ 26 ਸਤੰਬਰ ਅਤੇ 28 ਸਤੰਬਰ ਨੂੰ ਨਿਊਯਾਰਕ ਵਿੱਚ ਹੋ ਰਹੀ ਹੈ।

ਇਸ ਦੌਰਾਨ ਦੁਨੀਆ ਭਰ ਦੇ ਆਗੂ ਅੰਤਰਰਾਸ਼ਟਰੀ ਚੁਣੌਤੀਆਂ 'ਤੇ ਆਪਣੇ ਵਿਚਾਰ ਰੱਖ ਰਹੇ ਹਨ। ਇਨ੍ਹਾਂ ਵਿੱਚ ਜਲਵਾਯੂ ਤਬਦੀਲੀ, ਵਿਕਾਸ, ਸਮੁੰਦਰ ਦੇ ਪੱਧਰ ਵਿੱਚ ਵਾਧਾ ਅਤੇ ਮਹਾਮਾਰੀ ਨਾਲ ਨਜਿੱਠਣ ਵਰਗੇ ਮੁੱਦੇ ਵੀ ਸ਼ਾਮਲ ਹਨ। ਇਸ ਸਾਲ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਇਰਾਨ ਨਾਲ ਜੁੜੇ ਸੰਘਰਸ਼, ਖੇਤਰੀ ਸੁਰੱਖਿਆ ਅਤੇ ਹਰਮੁਜ਼ ਜਲ ਮਾਰਗ ਦੀ ਸਥਿਤੀ ਵੀ ਅਹਿਮ ਚਰਚਾ ਦਾ ਵਿਸ਼ਾ ਬਣੀ ਹੋਈ ਹੈ।






# ਅਮਰੀਕਾ ਅੱਗੇ ਨਹੀਂ ਝੁਕੇਗਾ ਇਰਾਨ, ਜੰਗ ਖ਼ਤਮ ਕਰਨ ਲਈ ਕੂਟਨੀਤੀ ਦਾ ਰਾਹ ਖੁੱਲ੍ਹਾ: ਪੇਜ਼ੇਸ਼ਕੀਅਨ

## ਸੰਯੁਕਤ ਰਾਸ਼ਟਰ ਵਿੱਚ ਇਰਾਨੀ ਰਾਸ਼ਟਰਪਤੀ ਨੇ ਕਿਹਾ—ਤਹਿਰਾਨ ਆਤਮਸਮਰਪਣ ਨਹੀਂ ਕਰੇਗਾ; ਹਰਮੁਜ਼ ਜਲਮਾਰਗ ਨੂੰ ਲੈ ਕੇ ਵੀ ਅਮਰੀਕਾ ਨੂੰ ਦਿੱਤਾ ਸੰਦੇਸ਼



**ਨਿਊਯਾਰਕ:** ਅਮਰੀਕਾ ਅਤੇ ਇਰਾਨ ਵਿਚਾਲੇ ਜਾਰੀ ਜੰਗ ਦਰਮਿਆਨ ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਸਪੱਸ਼ਟ ਕੀਤਾ ਹੈ ਕਿ ਤਹਿਰਾਨ ਅਮਰੀਕਾ ਅੱਗੇ ਆਤਮਸਮਰਪਣ ਨਹੀਂ ਕਰੇਗਾ। ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਰਾਨ ਜੰਗ ਨੂੰ ਖ਼ਤਮ ਕਰਨ ਲਈ ਕੂਟਨੀਤੀ ਅਤੇ ਗੱਲਬਾਤ ਦੇ ਰਾਹ ਵਿੱਚ ਵਿਸ਼ਵਾਸ ਰੱਖਦਾ ਹੈ। ਪੇਜ਼ੇਸ਼ਕੀਅਨ ਨੇ ਇਹ ਗੱਲ ਬੁੱਧਵਾਰ ਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੇ 81ਵੇਂ ਸੈਸ਼ਨ ਵਿੱਚ ਵਿਸ਼ਵ ਆਗੂਆਂ ਦੇ ਸਾਲਾਨਾ ਇਕੱਠ ਦੌਰਾਨ ਆਪਣੇ ਸੰਬੋਧਨ ਵਿੱਚ ਕਹੀ।

ਪੇਜ਼ੇਸ਼ਕੀਅਨ ਦਾ ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਸੰਯੁਕਤ ਰਾਸ਼ਟਰ ਵਿੱਚ ਦਿੱਤੇ ਭਾਸ਼ਣ ਤੋਂ ਇੱਕ ਦਿਨ ਬਾਅਦ ਆਇਆ। ਟਰੰਪ ਨੇ ਮੰਗਲਵਾਰ ਨੂੰ ਆਪਣੇ ਭਾਸ਼ਣ ਵਿੱਚ ਇਰਾਨ ਖ਼ਿਲਾਫ਼ ਜਾਰੀ ਜੰਗ ਦਾ ਬਚਾਅ ਕਰਦਿਆਂ ਕਿਹਾ ਸੀ ਕਿ ਅਮਰੀਕਾ ਨੇ ਤਹਿਰਾਨ ਨੂੰ ਪਰਮਾਣੂ ਹਥਿਆਰ ਹਾਸਲ ਕਰਨ ਤੋਂ ਰੋਕਿਆ ਹੈ। ਉਨ੍ਹਾਂ ਨੇ ਇਹ ਵੀ ਚਿਤਾਵਨੀ ਦਿੱਤੀ ਸੀ ਕਿ ਜੇ ਜੰਗ ਖ਼ਤਮ ਕਰਨ ਲਈ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਇਰਾਨ ਖ਼ਿਲਾਫ਼ ਹੋਰ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।

ਇਸ ਦੇ ਜਵਾਬ ਵਿੱਚ ਪੇਜ਼ੇਸ਼ਕੀਅਨ ਨੇ ਸੰਯੁਕਤ ਰਾਸ਼ਟਰ ਦੇ ਮੰਚ ਤੋਂ ਕਿਹਾ ਕਿ ਇਰਾਨ ਧਮਕੀਆਂ ਅਤੇ ਦਬਾਅ ਅੱਗੇ ਨਹੀਂ ਝੁਕੇਗਾ। ਉਨ੍ਹਾਂ ਨੇ ਕਿਹਾ ਕਿ ਇਰਾਨ ਗੱਲਬਾਤ ਅਤੇ ਕੂਟਨੀਤੀ ਲਈ ਤਿਆਰ ਹੈ, ਪਰ ਤਾਕਤ ਦੀ ਭਾਸ਼ਾ ਨੂੰ ਸਵੀਕਾਰ ਨਹੀਂ ਕਰੇਗਾ। ਉਨ੍ਹਾਂ ਦੇ ਅਨੁਸਾਰ, ਦਬਾਅ ਅਤੇ ਧਮਕੀਆਂ ਇਰਾਨੀ ਲੋਕਾਂ ਦੇ ਇਰਾਦੇ ਨੂੰ ਹੋਰ ਮਜ਼ਬੂਤ ਕਰਨਗੀਆਂ।

ਪੇਜ਼ੇਸ਼ਕੀਅਨ ਦੇ ਭਾਸ਼ਣ ਦੀ ਸ਼ੁਰੂਆਤ ਵਿੱਚ ਹੀ ਅਮਰੀਕੀ ਵਫ਼ਦ ਮਹਾਸਭਾ ਹਾਲ ਤੋਂ ਬਾਹਰ ਚਲਾ ਗਿਆ। ਇਸ ਘਟਨਾ ਬਾਰੇ ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਮਿਸ਼ਨ ਵੱਲੋਂ ਤੁਰੰਤ ਕੋਈ ਟਿੱਪਣੀ ਸਾਹਮਣੇ ਨਹੀਂ ਆਈ।

ਹਰਮੁਜ਼ ਜਲਮਾਰਗ ਬਣਿਆ ਜੰਗ ਦਾ ਅਹਿਮ ਕੇਂਦਰ

ਇਰਾਨੀ ਰਾਸ਼ਟਰਪਤੀ ਨੇ ਆਪਣੇ ਭਾਸ਼ਣ ਵਿੱਚ ਹਰਮੁਜ਼ ਜਲਮਾਰਗ ਦਾ ਮੁੱਦਾ ਵੀ ਪ੍ਰਮੁੱਖਤਾ ਨਾਲ ਚੁੱਕਿਆ। ਇਹ ਜਲਮਾਰਗ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਵਪਾਰਕ ਰਸਤਿਆਂ ਵਿੱਚੋਂ ਇੱਕ ਹੈ ਅਤੇ ਜੰਗ ਤੋਂ ਪਹਿਲਾਂ ਦੁਨੀਆ ਦੇ ਲਗਭਗ ਪੰਜਵੇਂ ਹਿੱਸੇ ਦੇ ਤੇਲ ਅਤੇ ਤਰਲ ਕੁਦਰਤੀ ਗੈਸ ਦੀ ਆਵਾਜਾਈ ਇਸ ਰਸਤੇ ਰਾਹੀਂ ਹੁੰਦੀ ਸੀ। ਜੰਗ ਸ਼ੁਰੂ ਹੋਣ ਤੋਂ ਬਾਅਦ ਇਹ ਖੇਤਰ ਅਮਰੀਕਾ ਅਤੇ ਇਰਾਨ ਵਿਚਾਲੇ ਤਣਾਅ ਦਾ ਇੱਕ ਵੱਡਾ ਕੇਂਦਰ ਬਣ ਗਿਆ ਹੈ।

ਪੇਜ਼ੇਸ਼ਕੀਅਨ ਨੇ ਕਿਹਾ ਕਿ ਅਜਿਹਾ ਨਹੀਂ ਹੋ ਸਕਦਾ ਕਿ ਹਰ ਕੋਈ ਹਰਮੁਜ਼ ਜਲਮਾਰਗ ਤੋਂ ਲਾਭ ਲਵੇ, ਜਦਕਿ ਇਰਾਨ ਨੂੰ ਇਸੇ ਜਲਮਾਰਗ ਰਾਹੀਂ ਸਮੁੰਦਰੀ ਆਵਾਜਾਈ ਤੱਕ ਪਹੁੰਚ ਤੋਂ ਵਾਂਝਾ ਰੱਖਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਵਿਰੋਧੀ ਦੇਸ਼ਾਂ ਦੇ ਜੰਗੀ ਬੇੜਿਆਂ ਦੀ ਸਥਾਈ ਤਾਇਨਾਤੀ ਅਤੇ ਜੰਗ ਦਾ ਹੋਰ ਵਿਸਤਾਰ ਸ਼ਾਂਤੀ ਵੱਲ ਨਹੀਂ ਲੈ ਕੇ ਜਾਵੇਗਾ।

ਇਰਾਨ ਵੱਲੋਂ ਹਰਮੁਜ਼ ਜਲਮਾਰਗ ਨੂੰ ਲੈ ਕੇ ਆਪਣੀਆਂ ਮੰਗਾਂ ਪਹਿਲਾਂ ਹੀ ਵਿਚੋਲਿਆਂ ਰਾਹੀਂ ਅਮਰੀਕਾ ਤੱਕ ਪਹੁੰਚਾਈਆਂ ਜਾ ਚੁੱਕੀਆਂ ਹਨ। ਰਿਪੋਰਟਾਂ ਮੁਤਾਬਕ ਤਹਿਰਾਨ ਨੇ ਜੰਗੀ ਅਤੇ ਆਰਥਿਕ ਦਬਾਅ ਘਟਾਉਣ ਦੀ ਸਥਿਤੀ ਵਿੱਚ ਇਸ ਰਣਨੀਤਕ ਜਲਮਾਰਗ ਨੂੰ ਮੁੜ ਖੋਲ੍ਹਣ ਦੀ ਸੰਭਾਵਨਾ ਦਾ ਸੰਕੇਤ ਵੀ ਦਿੱਤਾ ਹੈ।

ਟਰੰਪ ਦੇ ਭਾਸ਼ਣ ਤੋਂ ਬਾਅਦ ਪੇਜ਼ੇਸ਼ਕੀਅਨ ਦਾ ਜਵਾਬ

ਪੇਜ਼ੇਸ਼ਕੀਅਨ ਦਾ ਸੰਬੋਧਨ ਉਸ ਸਮੇਂ ਹੋਇਆ ਜਦੋਂ ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਅਤੇ ਇਰਾਨ ਦੇ ਰੁਖ ਵਿੱਚ ਸਿੱਧਾ ਵਿਰੋਧਾਭਾਸ ਸਾਹਮਣੇ ਆ ਰਿਹਾ ਹੈ। ਟਰੰਪ ਨੇ ਇੱਕ ਦਿਨ ਪਹਿਲਾਂ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਉਨ੍ਹਾਂ ਦੇ ਸਾਹਮਣੇ ਇਰਾਨ ਨਾਲ ਸਮਝੌਤਾ ਕਰਨ ਜਾਂ ਜੰਗ ਨੂੰ ਹੋਰ ਅੱਗੇ ਵਧਾਉਣ ਸਬੰਧੀ ਵੱਡਾ ਫ਼ੈਸਲਾ ਹੈ। ਉਨ੍ਹਾਂ ਨੇ ਇਰਾਨ ਦੇ ਪਰਮਾਣੂ ਕਾਰਜਕ੍ਰਮ ਅਤੇ ਜੰਗ ਨੂੰ ਖ਼ਤਮ ਕਰਨ ਲਈ ਸਮਝੌਤੇ ਦੀ ਲੋੜ 'ਤੇ ਜ਼ੋਰ ਦਿੱਤਾ ਸੀ।

ਇਸ ਦੇ ਉਲਟ ਪੇਜ਼ੇਸ਼ਕੀਅਨ ਨੇ ਕਿਹਾ ਕਿ ਇਰਾਨ ਨੇ ਸਿਰਫ਼ ਆਪਣਾ ਬਚਾਅ ਕੀਤਾ ਹੈ ਅਤੇ ਉਹ ਤਾਕਤ ਦੀ ਭਾਸ਼ਾ ਦੇ ਅਧੀਨ ਕੋਈ ਸਮਝੌਤਾ ਨਹੀਂ ਕਰੇਗਾ। ਉਨ੍ਹਾਂ ਨੇ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੇ ਗਏ ਹਮਲਿਆਂ ਦਾ ਵੀ ਜ਼ਿਕਰ ਕੀਤਾ ਅਤੇ ਇਰਾਨ ਦੇ ਰੁਖ ਨੂੰ ਸਵੈ-ਰੱਖਿਆ ਵਜੋਂ ਪੇਸ਼ ਕੀਤਾ।

ਇਸ ਦੇ ਨਾਲ ਹੀ ਕੂਟਨੀਤੀ ਦੀ ਸੰਭਾਵਨਾ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ। ਸੰਯੁਕਤ ਰਾਸ਼ਟਰ ਮਹਾਸਭਾ ਦੇ ਮੌਕੇ 'ਤੇ ਅਮਰੀਕਾ ਅਤੇ ਇਰਾਨ ਵਿਚਾਲੇ ਵਿਚੋਲਿਆਂ ਰਾਹੀਂ ਸੰਪਰਕ ਹੋਣ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ। ਅਮਰੀਕੀ ਪੱਖ ਨੇ ਇਨ੍ਹਾਂ ਸੰਪਰਕਾਂ ਨੂੰ ਗੱਲਬਾਤ ਵੱਲ ਇੱਕ ਸੰਭਾਵਿਤ ਕਦਮ ਵਜੋਂ ਦਰਸਾਇਆ ਹੈ, ਜਦਕਿ ਇਰਾਨ ਨੇ ਆਪਣੀਆਂ ਮੰਗਾਂ ਅਤੇ ਰੁਖ ਵਿੱਚ ਤਬਦੀਲੀ ਨਾ ਹੋਣ ਦੀ ਗੱਲ ਕਹੀ ਹੈ।

ਇਸ ਤਰ੍ਹਾਂ ਸੰਯੁਕਤ ਰਾਸ਼ਟਰ ਵਿੱਚ ਪੇਜ਼ੇਸ਼ਕੀਅਨ ਦੇ ਭਾਸ਼ਣ ਨੇ ਇੱਕ ਪਾਸੇ ਇਰਾਨ ਵੱਲੋਂ ਆਤਮਸਮਰਪਣ ਨਾ ਕਰਨ ਦਾ ਸੰਦੇਸ਼ ਦਿੱਤਾ, ਉੱਥੇ ਦੂਜੇ ਪਾਸੇ ਜੰਗ ਦੇ ਅੰਤ ਲਈ ਗੱਲਬਾਤ ਅਤੇ ਕੂਟਨੀਤੀ ਦਾ ਰਾਹ ਖੁੱਲ੍ਹਾ ਰੱਖਣ ਦੀ ਗੱਲ ਵੀ ਸਾਹਮਣੇ ਰੱਖੀ। ਦੋਵਾਂ ਦੇਸ਼ਾਂ ਵਿਚਾਲੇ ਤਣਾਅ ਦੇ ਨਾਲ-ਨਾਲ ਹਰਮੁਜ਼ ਜਲਮਾਰਗ ਅਤੇ ਸੰਭਾਵਿਤ ਕੂਟਨੀਤਕ ਸੰਪਰਕ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ਼ ਦੇ ਮਹੱਤਵਪੂਰਨ ਮੁੱਦੇ ਬਣੇ ਹੋਏ ਹਨ।


